ਸੰਪਾਦਕੀ

ਹੁਣ ਤਕ ਆਤਮ ਮਾਰਗ ਦੇ ਪਾਠਕਾਂ ਅਤੇ ਰਤਵਾੜਾ ਸਾਹਿਬ ਦੇ ਪ੍ਰੇਮੀਆਂ ਨੂੰ ਪਤਾ ਲਗ ਗਿਆ ਹੋਵੇਗਾ ਕਿ ਮਹਾਂਪੁਰਸ਼ ਪ੍ਰਦੇਸ ਬੈਠੀਆਂ ਸੰਗਤਾਂ ਨੂੰ ਨਾਮ ਨਾਲ ਜੋੜਨ ਹਿਤ ਅਪ੍ਰੈਲ 10 ਤੋਂ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੀ ਯਾਤਰਾ ਗਏ ਹੋਏ ਹਨ। ਗੁਰਮਤਿ ਅਨੁਸਾਰੀ ਭਗਤ ਜਨ ਪਰਉਪਕਾਰੀ ਬਿਰਤੀ ਵਾਲੇ ਹੁੰਦੇ ਹਨ। ਨਿਜੀ ਹਿਤਾਂ ਤੋਂ ਉਪਰ ਉਠ ਕੇ ਹੀ ਦੂਜਿਆਂ ਦਾ ਭਲਾ ਸੋਚਿਆ ਜਾ ਸਕਦਾ ਹੈ। ਅੱਜ ਦਾ ਮਨੁੱਖ ਨਿਤ ਨਿਜ ਭਲੇ ਹਿਤ ਹੀ ਸੋਚਦਾ ਹੈ। ਹਰ ਕੰਮ ਕਰਨ ਤੋਂ ਪਹਿਲਾਂ ਉਹ ਇਹ ਜਾਣਨਾ ਚਾਹੁੰਦਾ ਹੈ ਕਿ ਐਸਾ ਕਾਰਜ ਕਰਨ ਵਿਚ ਉਸਨੂੰ ਕੀ ਲਾਭ ਹੋਵੇਗਾ। ਕਿਸੇ ਚੰਗੇ ਮਨੁੱਖ ਦੀ ਪਹਿਚਾਣ ਦਾ ਇਕ ਲੱਛਣ ਇਹ ਹੁੰਦਾ ਹੈ ਕਿ ਉਹ ਸਵਾਰਥ ਤੋਂ ਹਟ ਕੇ ਕਿੰਨਾ ਸਮਾਂ ਜਾਂ ਧਨ ਦੂਜਿਆਂ ਦੇ ਭਲੇ ਹਿਤ ਲਗਾਉਂਦਾ ਹੈ। ਸੇਵਾ ਦੇ ਕਈ ਖੇਤਰ ਹੋ ਸਕਦੇ ਹਨ - ਧਾਰਮਿਕ, ਰੂਹਾਨੀ, ਵਿਦਿਅਕ, ਸਮਾਜਕ, ਸਦਾਚਾਰਕ ਅਤੇ ਰਾਜਨੀਤਕ ਆਦਿ। ਐਸੇ ਮਨੁੱਖ ਦੀ ਪ੍ਰਸੰਸਾ ਵੀ ਹੁੰਦੀ ਹੈ ਅਤੇ ਮਾਨਤਾ ਵੀ। ਅਜਿਹਾ ਹੋਣਾ ਕੁਦਰਤੀ ਹੈ। ਗੁਰੂ ਮਹਾਰਾਜ ਦਾ ਸਾਰਾ ਜੀਵਨ ਮਨੁੱਖਤਾ ਦੇ ਉਧਾਰ ਲਈ ਸਮਰਪਤ ਸੀ, ਗੁਰੂ ਪਿਆਰਿਆਂ ਗੁਰਸਿੱਖਾਂ ਨੂੰ ਵੀ ਪਰਉਪਕਾਰੀ ਜੀਵਨ ਧਾਰਨ ਦਾ ਉਪਦੇਸ਼ ਹੈ। ਗੁਰੂ ਦੇ ਸਿੱਖ ਨੂੰ ਨਾਮ ਜਪਣ ਦੀ ਪ੍ਰੇਰਨਾ ਕੀਤੀ ਗਈ ਹੈ - ***'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ (ਪੰਨਾ - 306)'*** ਪਰ ਗੁਰੂ ਦਾ ਸਿੱਖ ਆਪਣੇ ਆਪ ਦੇ ਉਧਾਰ ਤਕ ਸੀਮਤ ਨਹੀਂ ਰਹਿੰਦਾ, ਉਹ ਆਪ ਨਾਮ ਜਪਦਾ ਹੈ ਅਤੇ ਦੂਜਿਆਂ ਨੂੰ ਨਾਮ ਜਪਣ ਲਈ ਪ੍ਰੇਰਤ ਕਰਦਾ ਹੈ। ਐਸੇ ਗੁਰਸਿੱਖ ਨੂੰ ਗੁਰੂ ਜੀ ਬਹੁਤ ਮਾਨਤਾ ਬਖਸ਼ਦੇ ਹਨ-

ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 306

ਐਸੀ ਬਿਰਤੀ ਅਧੀਨ ਹੀ ਮਹਾਂਪੁਰਸ਼ ਪ੍ਰਦੇਸ ਬੈਠੀਆਂ ਸੰਗਤਾਂ ਨੂੰ ਗੁਰੂ-ਬਖਸ਼ਿਸ਼-ਨਾਮ ਨਾਲ ਜੋੜਨ ਹਿਤ ਯੂ.ਕੇ., ਕੈਨੇਡਾ ਅਤੇ ਅਮਰੀਕਾ ਦੀ ਧਰਤੀ ਨੂੰ ਭਾਗ ਲਾ ਰਹੇ ਹਨ।

ਆਪ ਜੀ ਦਾ ਸਾਰਾ ਜੀਵਨ ਸਿਮਰਨ ਅਤੇ ਸੇਵਾ ਨੂੰ ਸਮਰਪਿਤ ਰਿਹਾ ਹੈ। ਰਤਵਾੜਾ ਸਾਹਿਬ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦਾ ਕੇਂਦਰ ਹੈ। ਇਥੇ ਆਲੀਸ਼ਾਨ ਗੁਰਦਵਾਰਾ ਸਾਹਿਬ ਸਥਾਪਤ ਕੀਤਾ ਗਿਆ ਹੈ ਜਿਥੋਂ ਦਿਨ ਰਾਤ ਨਾਮ ਸਿਮਰਨ ਅਤੇ ਗੁਰਬਾਣੀ ਦੇ ਪਾਠ, ਕੀਰਤਨ ਦੀਆਂ ਰੂਹਾਨੀ ਧੁਨੀਆਂ ਤਪਦੇ ਹਿਰਦਿਆਂ ਨੂੰ ਠਾਰਦੀਆਂ ਹਨ, ਗੁਰੂ ਕੇ ਅਤੁੱਟ ਲੰਗਰ ਚਲਦੇ ਹਨ, ਰੋਗੀਆਂ ਦੇ ਦੁੱਖ ਦੂਰ ਕਰਨ ਹਿਤ ਡਿਸਪੈਂਸਰੀ ਚਲ ਰਹੀ ਹੈ, ਬਜ਼ੁਰਗਾਂ ਨਿਆਸਰਿਆਂ ਲਈ ਬਿਰਧ-ਘਰ ਹੈ। ਬੱਚਿਆਂ ਲਈ 10+2 ਇੰਗਲਿਸ਼ ਮੀਡੀਅਮ ਸਕੂਲ ਦੀ ਪ੍ਰਾਇਮਰੀ ਬਰਾਂਚ ਇਸ ਸਾਲ ਤੋਂ ਚਾਲੂ ਹੋ ਗਈ ਹੈ, ਅਗਲੇ ਵਰ੍ਹੇ ਇਹ ਸਕੂਲ ਦਸਵੀਂ ਜਮਾਤ ਤਕ ਹੋ ਜਾਵੇਗਾ। ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਆਧੁਨਿਕ ਵਿਦਿਆ ਵਿਚ ਨਿਪੁੰਨ ਕਰਨ ਲਈ ਇਨਫਰਮੇਸ਼ਨ ਟੈਕਨਾਲੋਜੀ ਇਨਸਟੀਚਿਊਟ ਖੋਲ੍ਹਿਆ ਗਿਆ ਹੈ। ਅਧਿਆਤਮਕ ਖੇਤਰ ਵਿਚ ਨਾਮ-ਬਾਣੀ ਨਾਲ ਜੋੜਨ ਹਿਤ 'ਆਤਮ ਮਾਰਗ' ਪਿਛਲੇ ਛੇ ਸਾਲਾਂ ਤੋਂ ਸੇਵਾ ਵਿਚ ਜੁਟਿਆ ਹੋਇਆ ਹੈ। ਮਹਾਂਪੁਰਸ਼ਾਂ ਦੇ ਰੂਹਾਨੀ ਪ੍ਰਵਚਨ, ਅਨੇਕ ਪੁਸਤਕਾਂ ਅਤੇ ਕੈਸਟਾਂ ਰਾਹੀਂ ਤਪਦੇ ਹਿਰਦਿਆਂ ਨੂੰ ਨਾਮ ਦੀ ਠੰਡਕ ਪਹੁੰਚਾ ਰਹੇ ਹਨ। ਐਸੇ ਪਰਉਪਕਾਰੀ ਜੀਵਨ ਸਬੰਧੀ ਹੀ ਕਬੀਰ ਜੀ ਦਾ ਫੁਰਮਾਨ ਹੈ -

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥
ਪੰਨਾ - 1373

ਮਹਾਂਪੁਰਸ਼ਾਂ ਦੀ ਸੰਗਤ ਵੀ ਚੰਗੇ ਭਾਗਾਂ ਨਾਲ, ਪਿਛਲੇ ਕੀਤੇ ਉਚ ਕਰਮਾਂ ਸਦਕਾ ਹੀ ਪ੍ਰਾਪਤ ਹੁੰਦੀ ਹੈ ਕਿਉਂਕਿ ਮਨੁੱਖ ਦੇ ਜੈਸੇ ਕਰਮ ਹੁੰਦੇ ਹਨ, ਵੈਸੇ ਹੀ ਸੰਸਕਾਰ ਬਣ ਜਾਂਦੇ ਹਨ, ਸੰਸਕਾਰਾਂ ਤੋਂ ਨਵੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ ਜੋ ਮਨੁੱਖ ਨੂੰ ਹੋਰ ਕਾਰਜਾਂ ਲਈ ਪ੍ਰੇਰਤ ਕਰਦੀਆਂ ਹਨ। ਸ਼ੁਭ ਕਰਮਾਂ ਵਾਲੇ ਮਨੁੱਖ ਹੀ ਸੰਤ ਜਨਾ ਦੀ ਸੰਗਤ ਵਲ ਪ੍ਰੇਰਤ ਹੁੰਦੇ ਹਨ ਕਿਉਂਕਿ ਉਨ੍ਹਾਂ ਦੇ ਅੰਦਰ ਐਸੀ ਭੁੱਖ ਹੁੰਦੀ ਹੈ। ਉਹ ਐਸੀ ਸੰਗਤ ਦੀ ਭਾਲ ਵਿਚ ਰਹਿੰਦੇ ਹਨ ਜਿਥੇ ਸਦਾ ਹੀ ਦਿਨ ਰਾਤ ਪ੍ਰਭੂ ਦੀ ਸਿਫਤ ਸਾਲਾਹ, ਕਥਾ ਵਾਰਤਾ, ਕੀਰਤਨ ਹੁੰਦਾ ਹੋਵੇ ਜਿਸ ਤੋਂ ਆਤਮਕ ਅਨੰਦ ਦੇ ਹੁਲਾਰੇ ਪ੍ਰਾਪਤ ਹੋਣ। ਗੁਰ ਫੁਰਮਾਨ ਹੈ -

ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ॥
ਕਥਾ ਕੀਰਤਨੁ ਆਨੰਦ ਮੰਗਲ ਧੁਨਿ
ਪੂਰਿ ਰਹੀ ਦਿਨਸੁ ਅਰੁ ਰਾਤਿ॥ ਪੰਨਾ - 820

ਐਸਾ ਪ੍ਰਭੂ ਵਿਧਾਨ ਹੈ। ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਸੰਤ ਜਨਾ ਨੂੰ ਪ੍ਰਭੂ ਨੇ ਮਿਹਰ ਕਰਕੇ ਆਪਣੇ ਸੇਵਕ ਬਣਾ ਲਿਆ ਹੁੰਦਾ ਹੈ, ਉਨ੍ਹਾਂ ਨੂੰ ਆਪਣੇ ਨਾਮ ਦੀ ਦਾਤ ਬਖਸ਼ੀ ਹੁੰਦੀ ਹੈ। ਅੱਠੇ ਪਹਿਰ ਪ੍ਰਭੂ ਦੇ ਗੁਣ ਗਾਂਦਿਆਂ ਉਨ੍ਹਾਂ ਦੇ ਸਰੀਰ ਵਿਚੋਂ ਕਾਮ, ਕ੍ਰੋਧ ਆਦਿਕ ਵਿਕਾਰ ਦੂਰ ਹੋ ਜਾਂਦੇ ਹਨ -

ਕਰਿ ਕਿਰਪਾ ਅਪਨੇ ਪ੍ਰਭਿ ਕੀਨੇ ਨਾਮ ਅਪੁਨੇ ਕੀ ਕੀਨੀ ਦਾਤਿ॥
ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ॥
ਪੰਨਾ - 821

ਸੰਤ ਜਨਾ ਨੂੰ ਪ੍ਰਭੂ ਦੇ ਪ੍ਰਤੱਖ ਦਰਸ਼ਨ ਦੀਦਾਰ ਪ੍ਰਾਪਤ ਹੁੰਦੇ ਹਨ, ਜਿਸ ਸਦਕਾ ਉਨ੍ਹਾਂ ਅੰਦਰ ਮਾਇਆ ਦੀ ਤ੍ਰਿਸ਼ਨਾ ਬਿਲਕੁਲ ਨਹੀਂ ਹੁੰਦੀ ਅਤੇ ਉਹ ਸਦਾ ਹੀ ਪੂਰਨ ਤੌਰ ਤੇ ਰੱਜੇ ਹੋਏ, ਤ੍ਰਿਪਤ ਹੋਏ, ਹਮੇਸ਼ਾ 'ਅੰਮ੍ਰਿਤ ਹਰਿ ਰਸੁ ਭੋਜਨੁ' ਛਕਦੇ ਰਹਿੰਦੇ ਹਨ -

ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ਅੰਮ੍ਰਿਤ ਹਰਿ ਰਸੁ ਭੋਜਨੁ ਖਾਤ॥
ਪੰਨਾ - 821

ਐਸੇ ਸੰਤ ਜਨਾ ਦੀ ਸੰਗਤ ਲਈ ਹੀ ਉਤਮ ਪੁਰਸ਼, ਰੂਹਾਨੀ ਜਗਿਆਸੂ, ਪ੍ਰਭੂ ਪਾਸ ਬੇਨਤੀਆਂ ਕਰਦੇ ਹਨ -

ਚਰਨ ਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤਸੰਗਿ ਮਿਲਾਤ॥
ਪੰਨਾ - 821

ਸ਼ਾਇਦ ਕੁਝ ਐਸੀਆਂ ਬੇਨਤੀਆਂ ਸਦਕਾ ਹੀ ਮਹਾਂਪੁਰਸ਼ ਏਥੋਂ ਦੀ ਸੰਗਤ ਨੂੰ ਵੈਰਾਗ ਵਿਚ ਛੱਡ ਕੇ ਪ੍ਰਦੇਸਾਂ ਵਿਚ

(ਬਾਕੀ ਪੰਨਾ 11 ਤੇ)

ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਉਤਸਵ ਦੇ ਉਪਲਕਸ਼ ਵਿਚ

ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।

ਗੁਰੂ ਅਰਜਨ ਪਾਤਸ਼ਾਹ ਜੀ ਨੂੰ ਗੁਰਿਆਈ ਮਿਲੀ, ਪ੍ਰਿਥੀ ਚੰਦ ਜੋ ਉਨ੍ਹਾਂ ਦਾ ਵੱਡਾ ਭਰਾ ਸੀ, ਉਹ ਵਲ ਛਲ ਕਰਕੇ ਗੁਰਿਆਈ ਆਪਣੇ ਪਾਸ ਰੱਖਣ ਦੀ ਸਦਾ ਹੀ ਸੋਚਦਾ ਰਹਿੰਦਾ ਸੀ ਪਰ ਗੁਰੂ ਮਹਾਰਾਜ ਜੀ ਦੇ ਆਦੇਸ਼ ਅਨੁਸਾਰ ਗੁਰਿਆਈ ਦੇ ਅਧਿਕਾਰੀ ਗੁਰੂ ਅਰਜਨ ਪਾਤਸ਼ਾਹ ਜੀ ਹੋਏ। ਪ੍ਰਿਥੀ ਚੰਦ ਨੇ ਬਹੁਤ ਬੁਰਾ ਮਨਾਇਆ ਅਤੇ ਉਸਨੇ ਗੁਰਮਤਿ ਪ੍ਰਚਾਰ ਵਿਚ ਬਹੁਤ ਹੀ ਵਿਘਨ ਖੜ੍ਹੇ ਕੀਤੇ। ਸਾਰੀ ਦਸਵੰਧ ਦੀ ਰਕਮ ਜੋ ਮਸੰਦਾਂ ਰਾਹੀਂ ਗੁਰੂ ਕੇ ਖਜ਼ਾਨੇ ਵਿਚ ਪਹੁੰਚਿਆ ਕਰਦੀ ਸੀ, ਉਹ ਆਪਣੇ ਏਜੰਟਾਂ ਰਾਹੀਂ ਆਪ ਹੀ ਉਗਰਾਹ ਲੈਣੀ। ਸੰਗਤਾਂ ਨੂੰ ਰੋਕ ਲੈਣਾ ਪਰ ਲੰਗਰ ਛਕਣ ਵੇਲੇ ਗੁਰੂ ਅਰਜਨ ਪਾਤਸ਼ਾਹ ਜੀ ਪਾਸ ਭੇਜ ਦੇਣਾ। ਆਗਰੇ ਤੋਂ ਭਾਈ ਗੁਰਦਾਸ ਜੀ ਜਦੋਂ ਅੰਮ੍ਰਿਤਸਰ ਪਹੁੰਚੇ ਤਾਂ ਉਨ੍ਹਾਂ ਨੇ ਗੁਰੂ ਕੇ ਲੰਗਰ ਵਿਚ ਮਿੱਸੇ ਪ੍ਰਸ਼ਾਦੇ ਵਰਤਦੇ ਵੇਖ ਕੇ ਸਾਰੀ ਗੱਲ ਮਾਤਾ ਗੰਗਾ ਜੀ ਤੋਂ ਸਮਝ ਲਈ। ਆਪ ਨੇ ਹੋਰ ਸਿੱਖਾਂ ਨੂੰ ਨਾਲ ਲੈ ਕੇ ਪ੍ਰਿਥੀ ਚੰਦ ਨੂੰ ਸਮਝਾਉਣ ਦਾ ਜਤਨ ਕੀਤਾ ਕਿ ਗੁਰੂ ਪਦਵੀ ਕਿਸੇ ਦੀ ਵਿਰਾਸਤ ਨਹੀਂ ਹੈ, ਇਹ ਤਾਂ ਅਕਾਲ ਪੁਰਖ ਵਲੋਂ ਬਖਸ਼ਿਸ਼ ਹੈ ਪਰ ਪ੍ਰਿਥੀ ਚੰਦ ਜੀ ਨੇ ਕੋਈ ਗੱਲ ਨਾ ਮੰਨੀ। ਭਾਈ ਗੁਰਦਾਸ ਜੀ ਨੇ ਮੁਖੀ-ਮੁਖੀ ਪ੍ਰਵਾਨ ਗੁਰਸਿੱਖਾਂ ਨੂੰ ਨਾਲ ਲੈ ਕੇ ਸੰਗਤਾਂ ਨੂੰ ਗੁਰਗੱਦੀ ਬਾਰੇ ਗਿਆਤ ਕਰਾਈ। ਸੰਗਤਾਂ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਉਮਡ ਪਈਆਂ।

ਗੁਰੂ ਮਹਾਰਾਜ ਜੀ ਦੀ ਸ਼ਾਦੀ ਹੋਇਆਂ 14 ਸਾਲ ਹੋ ਗਏ ਸਨ ਪਰ ਅਜੇ ਤਕ ਕੋਈ ਸੰਤਾਨ ਨਹੀਂ ਸੀ ਹੋਈ। ਇਕ ਵਾਰੀ ਮਾਤਾ ਗੰਗਾ ਜੀ ਨੂੰ ਪ੍ਰਿਥੀ ਚੰਦ ਦੇ ਘਰੋਂ ਮਾਤਾ ਕਰਮੋ ਨੇ ਬਹੁਤ ਹੀ ਤਾਹਨੇ ਮਾਰੇ ਕਿਉਂਕਿ ਉਸ ਉਪਰ ਮਾਤਾ ਗੰਗਾ ਜੀ ਦੇ ਕੇਸੀ ਇਸ਼ਨਾਨ ਕਰਨ ਉਪਰੰਤ ਕੁਝ ਛਿਟਾਂ ਪਾਣੀ ਦੀਆਂ ਪੈ ਗਈਆਂ ਸਨ। ਉਸਨੇ ਕਿਹਾ ਕਿ ਤੇਰੇ ਤਾਂ ਸੰਤਾਨ ਹੁੰਦੀ ਨਹੀਂ ਤੇ ਮੇਰਾ ਘਰ ਵੀ ਉਜਾੜਨਾ ਚਾਹੁੰਦੀ ਹੈਂ? ਪ੍ਰਿਥੀ ਚੰਦ ਨੇ ਵੀ ਆਪਣੀ ਪਤਨੀ ਨੂੰ ਸਮਝਾਇਆ, ਕਿਹਾ ਕਿ "ਮਾਲ ਹੈ ਅਸਾਡਾ ਅਸਾਂ ਹੈ ਲੈਣਾ, ਨਾ ਇਨ੍ਹਾਂ ਦੇ ਪੁੱਤ, ਨਾ ਧੀ, ਨਾ ਸਾਕ, ਨਾ ਸੈਣਾਂ।" ਮਾਤਾ ਜੀ ਨੇ ਸਾਰੀ ਵਾਰਤਾ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਦੱਸੀ ਅਤੇ ਪੁੱਤਰ ਜਾਚਨਾ ਕੀਤੀ। ਆਪ ਜੀ ਨੇ ਆਪਣੇ ਪੂਰਨ ਬ੍ਰਹਮਗਿਆਨੀ ਗੁਰਮੁਖ ਅਭੇਦ ਅਵਸਥਾ ਦੇ ਬਾਬਾ ਬੁੱਢਾ ਜੀ ਵਲ ਸੰਕੇਤ ਕਰਦਿਆਂ ਫੁਰਮਾਨ ਕੀਤਾ ਕਿ ਅਸੀਂ ਤਾਂ ਸੁਖਮਨੀ ਸਾਹਿਬ ਵਿਚ ਪ੍ਰਗਟ ਕਰਕੇ ਅੰਕਿਤ ਕੀਤਾ ਹੈ -

ਚਾਰਿ ਪਦਾਰਥ ਜੇ ਕੋ ਮਾਗੈ॥
ਸਾਧ ਜਨਾ ਕੀ ਸੇਵਾ ਲਾਗੈ॥ ***ਪੰਨਾ - 266***

ਸੋ ਤੁਸੀਂ ਗੁਰਸਿੱਖਾਂ ਦੀ ਸੇਵਾ ਕਰਕੇ ਉਨ੍ਹਾਂ ਨੂੰ ਪ੍ਰਸੰਨ ਕਰ ਲਵੋ। ਉਨ੍ਹਾਂ ਦੇ ਬਚਨ ਹੋ ਗਏ ਤਾਂ ਆਪ ਜੀ ਨੂੰ ਪੁੱਤਰ ਦੀ ਦਾਤ ਜ਼ਰੂਰ ਮਿਲ ਜਾਵੇਗੀ। ਮਾਤਾ ਜੀ ਪੂਰੀ ਸ਼ਰਧਾ ਨਾਲ ਪੈਦਲ ਚਲ ਕੇ ਸਿਰ ਉਪਰ ਪ੍ਰਸ਼ਾਦਾ ਚੁੱਕ ਕੇ ਬਾਬਾ ਜੀ ਪਾਸ ਪਹੁੰਚ ਕੇ ਪ੍ਰਸ਼ਾਦਾ ਛਕਾਇਆ। ਬਾਬਾ ਜੀ ਪ੍ਰਸੰਨ ਹੋ ਗਏ, ਬਚਨ ਕੀਤਾ ਕਿ-

ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ,
ਜਾਕੋ ਬਲ ਗੁਨ ਕਿਨਹੂੰ ਨ ਸੋਧਾ।

ਬਾਬਾ ਜੀ ਨੇ ਕਿਹਾ ਕਿ ਜਿਵੇਂ ਮੈਂ ਗੰਢਾ ਭੰਨਿਆ ਹੈ, ਸਾਹਿਬਜ਼ਾਦਾ ਇਸ ਤਰ੍ਹਾਂ ਮੁਗਲਾਂ ਦੇ ਸੀਸ ਭੰਨੇਗਾ। ਪੀਰੀ ਮੀਰੀ ਦੋਨੋਂ ਧਾਰਨ ਕਰੇਗਾ। ਅਨਗਿਣਤ ਸ਼ਤਰੂਆਂ ਨੂੰ ਜੁੱਧ ਦੇ ਮੈਦਾਨ ਵਿਚ ਜਿੱਤਣ ਵਾਲਾ ਹੋਵੇਗਾ। ਗੁਰੂ ਮਹਾਰਾਜ ਜੀ, ਮਾਤਾ ਗੰਗਾ ਜੀ ਤੋਂ ਬਾਬਾ ਜੀ ਵਲੋਂ ਦਿਤੇ ਸ਼ੁਭ ਉਪਦੇਸ਼ ਨੂੰ ਸੁਣ ਕੇ ਬਹੁਤ ਪ੍ਰਸੰਨ ਹੋਏ। ਪ੍ਰਿਥੀ ਚੰਦ ਨੇ ਜਾਦੂ ਟੂਣਿਆਂ ਰਾਹੀਂ ਬਹੁਤ ਵਾਰ ਕਰਾਏ ਪਰ ਕੋਈ ਵੀ ਸਫਲ ਨਾ ਹੋਇਆ।

ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਦਾ ਪ੍ਰਕਾਸ਼ 9 ਜੂਨ, 1595 ਨੂੰ ਵਡਾਲੀ ਵਿਖੇ ਹੋਇਆ। ਪ੍ਰਿਥੀ ਚੰਦ ਨੇ ਬਹੁਤ ਹੀ ਘਟੀਆ ਚਾਲਾਂ ਚੱਲੀਆਂ। ਇਕ ਦਾਈ ਨੂੰ ਨੌਕਰ ਰਖਵਾ ਕੇ ਦੁੱਧ ਰਾਹੀਂ ਜ਼ਹਿਰ ਦੇਣ ਦੀ ਵਿਉਂਤ ਬਣਾਈ। ਦਾਈ ਨੇ ਆਪਣੇ ਥਣਾਂ ਨਾਲ ਜ਼ਹਿਰ ਲਾ ਕੇ ਬਾਲ ਹਰਿਗੋਬਿੰਦ ਜੀ ਨੂੰ ਦੁਧ ਪਿਲਾਉਣਾ ਚਾਹਿਆ ਪਰ ਬਾਲ ਦੇ ਰੋਣ ਦੀ ਅਵਾਜ਼ ਸੁਣ ਕੇ ਮਾਤਾ ਜੀ ਸਮੇਂ ਸਿਰ ਪਹੁੰਚ ਗਏ। ਉਹ ਜ਼ਹਿਰ ਕੜਵਾ ਸੀ, ਉਹ ਦਾਈ ਉਸੇ ਜ਼ਹਿਰ ਨਾਲ ਮਰ ਗਈ ਅਤੇ ਦੱਸ ਦਿਤਾ ਕਿ ਮੈਨੂੰ ਪ੍ਰਿਥੀ ਚੰਦ ਨੇ ਭੇਜਿਆ ਸੀ।

ਇਸੇ ਤਰ੍ਹਾਂ ਪ੍ਰਿਥੀ ਚੰਦ ਨੇ ਸਪੇਰੇ ਰਾਹੀਂ ਜ਼ਹਿਰੀਲੇ ਸੱਪਾਂ ਤੋਂ ਮਰਵਾਉਣ ਦੀ ਵਿਉਂਤ ਬਣਾਈ। ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਉਪਰ ਸੱਪ ਛੱਡ ਦਿਤਾ ਪਰ ਉਨ੍ਹਾਂ ਨੇ ਸੱਪ ਦੀ ਮੁੰਡੀ ਆਪਣੇ ਹੱਥ ਵਿਚ ਭੀਚ ਲਈ ਤੇ ਸੱਪ ਮਰ ਗਿਆ। ਇਸੇ ਤਰ੍ਹਾਂ ਨਾਲ ਇਕ ਬ੍ਰਾਹਮਣ ਰਾਹੀਂ ਦਹੀਂ ਵਿਚ ਜ਼ਹਿਰ ਪਾ ਕੇ ਮਰਵਾਉਣਾ ਚਾਹਿਆ। ਇਹ ਬ੍ਰਾਹਮਣ ਪੇਟ ਵਿਚ ਸੂਲ ਪੈਣ ਨਾਲ ਮਰ ਗਿਆ। ਉਹੀ ਦਹੀਂ ਜਦ ਕੁੱਤੇ ਨੂੰ ਪਾਇਆ ਤਾਂ ਕੁੱਤਾ ਵੀ ਮਰ ਗਿਆ। ਇਤਿਹਾਸਾਂ ਵਿਚ ਲਿਖਿਆ ਹੈ ਕਿ ਆਪ ਜੀ ਦੀ ਬਾਲ ਉਮਰ ਵਿਚ ਅੱਖਰੀ ਵਿਦਿਆ ਭਾਈ ਗੁਰਦਾਸ ਜੀ ਰਾਹੀਂ ਪ੍ਰਾਪਤ ਹੋਈ। ਇਸ ਤੋਂ ਬਿਨਾਂ ਜੋਤਿਸ਼, ਸ਼ਾਸ਼ਤਰ, ਖੇਤੀ ਬਾੜੀ ਤੇ ਨੀਤੀ ਵੀ ਪੜ੍ਹਾਈ, ਘੋੜ ਸਵਾਰੀ, ਨੇਜਾਬੰਦੀ, ਤੀਰ ਅੰਦਾਜ਼ੀ, ਨਿਸ਼ਾਨਾਬਾਜ਼ੀ ਤੇ ਬੰਦੂਕ ਆਦਿ ਵਰਤਣ ਦਾ ਵਲ ਵੀ ਸਿਖਾਇਆ ਗਿਆ। ਯੁੱਧ ਵਿਦਿਆ ਦੀ ਸਿਖਲਾਈ ਭਾਈ ਜੇਠਾ ਜੀ ਨੇ ਕਰਵਾਈ।

ਗੁਰੂ ਪੰਜਵੇਂ ਪਾਤਸ਼ਾਹ ਜਦੋਂ ਸ਼ਹਾਦਤ ਦੇਣ ਲਈ ਲਾਹੌਰ ਜਾਣ ਲੱਗੇ ਤਾਂ ਆਪ ਜੀ ਨੇ ਬਾਬਾ ਬੁੱਢਾ ਜੀ ਨੂੰ ਗੁਰਗੱਦੀ ਦੀ ਰੀਤ ਪੂਰੀ ਕਰਨ ਲਈ ਆਖਿਆ ਤੇ ਬਚਨ ਕੀਤਾ ਕਿ

ਸਾਡਾ ਅੰਤ ਸਮਾਂ ਨੇੜੇ ਹੈ। ਭਾਈ ਕੇਸਰ ਸਿੰਘ ਜੀ ਛਿੱਬਰ ਅਨੁਸਾਰ –

ਹਰਿਗੋਬਿੰਦ ਦੀ ਬਾਹਿ ਪਕੜਾਈ।
ਭਾਈ ਗੁਰਦਾਸ ਨੂੰ ਬੈਠ ਸਮਝਾਇਆ।
ਸਾਡਾ ਲਗੇਗਾ ਸੀਸ ਇਹ ਨਿਸਚਾ ਆਇਆ।
ਅਸਾਂ ਹੋਇਆ ਤੁਰਕਾਂ ਵਿਚ ਜਾਣਾ।
ਉਨ੍ਹਾਂ ਕਰਨੀ ਹੈ ਹੁਜਤ।
ਤੁਸਾਂ ਦੁਆਬੇ ਵਿਚ ਕਰਨਾ ਟਿਕਾਣਾਂ।
ਸਰੀਰ ਹੈ ਛੁਟਣਾ, ਸੰਸਾ ਨਹੀਂ ਕੋਈ।
ਰਜਾਇ ਖਾਵੰਦ ਦੀ ਹੈ, ਇਸ ਤਰ੍ਹਾਂ ਹੋਈ।
ਸਾਹਿਬ ਮਥਾ ਟੇਕ ਵਿਦਿਆ ਹੋਇ ਗਏ।
ਦੁਸ਼ਟ-ਚੌਕੜੀ ਵਿਚ ਆਵਤ ਭਏ।
ਜੁਆਬ ਸੁਆਲ ਬਹੁਤ ਹੀ ਹੋਇਆ।
ਭਰੇ ਕੈਦ ਦੁਖ ਪਾਇਆ, ਸੁਖ ਖੋਇਆ।

(ਬੰਸਾਵਲੀ ਨਾਮਾ)

ਲਾਹੌਰ ਨੂੰ ਤੁਰਨ ਵੇਲੇ ਆਪ ਜੀ ਨੇ ਸਮੇਂ ਨੂੰ ਭਾਂਪਦਿਆਂ ਹੋਇਆਂ ਬਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਉਪਦੇਸ਼ ਦਿਤਾ ਕਿ ਬੇਟਾ! ਕਰੜੇ ਸਮੇਂ ਆ ਰਹੇ ਹਨ, ਬਦੀ ਦੀਆਂ ਤਾਕਤਾਂ ਮੁੱਢਲੇ ਹੱਕਾਂ ਦੀ ਜੜ੍ਹ ਵੱਢਣ ਦੇ ਆਹਰ ਵਿਚ ਲੱਗੀਆਂ ਹੋਈਆਂ ਹਨ। ਗੁਰੂ ਨਾਨਕ ਦਾ ਘਰ ਸੰਸਾਰ ਨੂੰ ਸਿਖਾਉਂਦਾ ਹੈ – ਸੱਚ ਤੇ ਜਿਉਣਾ, ਸਭ ਨਾਲ ਪਿਆਰ ਦੀ ਵਰਤੋਂ ਰਖਣੀ ਅਤੇ ਆਪਣੀ ਇਨਸਾਨੀ ਅਣਖ ਅਤੇ ਅਜ਼ਾਦੀ ਦੀ ਰਖਸ਼ਾ ਕਰਨੀ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਅਸੀਂ ਪੂਰੇ ਅਮਨ ਅਤੇ ਸ਼ਾਂਤਮਈ ਦਾ ਜੀਵਨ ਜਿਉਂਦੇ ਰਹੇ ਹਾਂ, ਇਨਸਾਨ ਦੇ ਅੰਦਰੋਂ ਕਾਲ ਦਾ ਭੈ ਖਤਮ ਕਰਕੇ ਉਸਨੂੰ ਅਕਾਲ ਨਾਲ ਜੋੜਿਆ ਹੈ ਅਤੇ ਮੌਤ ਨੂੰ ਪਾਰ ਕੀਤਾ ਹੈ। ਗੁਰਸਿੱਖਾਂ ਦੇ ਅੰਦਰ ਜੀਵਨ ਜਾਚ ਪ੍ਰਗਟ ਹੋ ਗਈ ਹੈ। ਉਹ ਨਾ ਕਿਸੇ ਨੂੰ ਭੈ ਦਿੰਦੇ ਹਨ ਅਤੇ ਨਾ ਕਿਸੇ ਦਾ ਭੈ ਮੰਨਦੇ ਹਨ। ਬੇਟਾ! ਆਦਮੀ ਦੇ ਜੀਵਨ ਵਿਚ ਖੁਸ਼ੀ ਤੇ ਖੇੜਾ ਤਾਂ ਹੀ ਰਹਿ ਸਕਦਾ ਹੈ ਜੇ ਉਹ ਨਾ ਕਿਸੇ ਨੂੰ ਭੈ ਦੇਵੇ ਅਤੇ ਨਾ ਹੀ ਕਿਸੇ ਦਾ ਨਜਾਇਜ਼ ਭੈ ਮੰਨੇ। ਜੀਵਨ ਦਾ ਪ੍ਰਮ ਉਚਾ ਅਸੂਲ ਹੁੰਦਾ ਹੈ ਕਿ ਆਪ ਖੁਸ਼ੀ ਤੇ ਖੇੜਿਆਂ ਵਿਚ ਜੀਵੋ ਤੇ ਦੂਜਿਆਂ ਨੂੰ ਖੁਸ਼ੀਆਂ ਵਿਚ ਜੀਉਣ ਦਿਓ। ਰਾਜੇ ਦਾ ਧਰਮ ਪੂਰਾ ਨਿਆਂ ਕਰਕੇ ਇਨਸਾਨ ਦੇ ਮੁਢਲੇ ਹੱਕਾਂ ਦੀ ਰਾਖੀ ਕਰਨਾ ਹੈ ਪਰ ਇਹ ਮੁਗਲ ਰਾਜੇ ਇਸ ਸੁਨਹਿਰੀ ਅਸੂਲ ਨੂੰ ਭੁੱਲ ਗਏ ਹਨ ਅਤੇ ਨਿਆਂ ਨੂੰ ਛੱਡ ਕੇ ਅਨੇਕਾਂ ਕਿਸਮ ਦੇ ਜ਼ੁਲਮ ਇਨਸਾਨ ਉਤੇ ਢਾਹੇ ਜਾ ਰਹੇ ਹਨ ਜਿਨ੍ਹਾਂ ਨੂੰ ਸਹਿਣਾ ਕਾਇਰਤਾ ਹੋਇਆ ਕਰਦੀ ਹੈ। ਅਸੀਂ ਗੁਰਸਿੱਖ ਨੂੰ ਸੁੱਚਾ ਜੀਵਨ ਜੀਉਣ ਦੀ ਸੋਝੀ ਦਿਤੀ ਹੈ। ਉਸ ਨੇ ਆਪਣੇ ਆਤਮ ਸਰੂਪ ਨੂੰ ਪਛਾਣ ਲਿਆ ਹੈ ਜੋ ਨਾ ਤਲਵਾਰ ਨਾਲ ਕੱਟਿਆ ਜਾ ਸਕਦਾ ਹੈ, ਨਾ ਪਾਣੀ ਵਿਚ ਡੁੱਬ ਸਕਦਾ ਹੈ, ਨਾ ਅੱਗ ਵਿਚ ਜਲ ਸਕਦਾ ਹੈ ਅਤੇ ਨਾ ਹੀ ਕਿਸੇ ਢੰਗ ਨਾਲ ਮਾਰਿਆ ਜਾ ਸਕਦਾ ਹੈ। ਉਹ ਸੰਸਾਰ ਵਿਚ ਕਾਨੂੰਨ ਮੁਤਾਬਿਕ ਰਹਿੰਦਿਆਂ ਦੂਸਰਿਆਂ ਨੂੰ ਸੁੱਖ ਪਹੁੰਚਾਉਣ ਦੇ ਇਛੁਕ ਹਨ। ਹੁਣ ਇਨ੍ਹਾਂ ਰਾਜਿਆਂ ਨੇ ਕਸਾਈਆਂ ਦਾ ਰੂਪ ਧਾਰਨ ਕਰ ਲਿਆ ਹੈ। ਇਨ੍ਹਾਂ ਨੇ ਇਨਸਾਨਾਂ ਦੇ ਬੁਨਿਆਦੀ ਹੱਕਾਂ ਤੇ ਕੁਹਾੜਾ ਚਲਾ ਕੇ ਉਨ੍ਹਾਂ ਨੂੰ ਅਤਿ ਨਿਰਬਲ ਕਰ ਦਿਤਾ ਹੈ। ਇਨ੍ਹਾਂ ਬੁਨਿਆਦੀ ਅਸੂਲਾਂ ਦੀ ਰਾਖੀ ਹੁਣ ਤਕ ਪਿਆਰ, ਪ੍ਰੇਮ ਤੇ ਸ਼ੁਭ ਉਪਦੇਸ਼ ਦੇ ਕੇ ਕੀਤੀ ਜਾਂਦੀ ਰਹੀ ਹੈ ਪਰ ਹੁਣ ਦਾ ਸ਼ਾਸ਼ਕ ਅੰਨ੍ਹਾ ਬੋਲਾ ਹੋ ਗਿਆ ਹੈ, ਉਹ ਕਿਸੇ ਨਿਆਂ ਦੀ ਬਾਤ ਨੂੰ ਸੁਣਨ ਵਾਸਤੇ ਤਿਆਰ ਨਹੀਂ ਹੈ।

ਸੋ ਇਨਸਾਨ ਸਾਮ੍ਹਣੇ ਦੋ ਹੀ ਰਾਹ ਹਨ – ਇਕ ਤਾਂ ਇਹ ਹੈ ਕਿ ਭੇਡਾਂ, ਬਕਰੀਆਂ, ਵਾਂਗੂੰ ਚੁਪ ਕਰਕੇ ਆਪਣਾ ਗਲਾ ਕਟਵਾਉਣਾ; ਦੂਜਾ ਇਹ ਹੈ ਕਿ ਇਨ੍ਹਾਂ ਹਲਕੇ ਹੋਏ ਬੰਦਿਆਂ ਨੂੰ ਸੁਮੱਤ ਦੇਣ ਲਈ ਸ਼ਕਤੀ ਦੀ ਵਰਤੋਂ ਸੰਸਥਾ ਦੇ ਰੂਪ ਵਿਚ ਕੀਤੀ ਜਾਵੇ। ਅਣਖ ਵਾਲੇ ਬੰਦੇ ਉਭਾਰੇ ਜਾਣ ਅਤੇ ਇਨ੍ਹਾਂ ਦਾ ਸਮੂਹ ਇਨ੍ਹਾਂ ਬੇ-ਨਿਆਈਆਂ ਨੂੰ ਦੂਰ ਕਰਨ ਲਈ ਆਪਣਾ ਤਾਣ ਲਾਵੇ। ਜਿਥੇ ਹੁਣ ਤਕ ਸ਼ਾਂਤਮਈ ਅਤੇ ਪਿਆਰ ਦਾ ਉਪਦੇਸ਼ ਦਿਤਾ ਜਾ ਰਿਹਾ ਹੈ, ਉਥੇ ਹੁਣ ਇਸ ਨਾਲ ਸ਼ਕਤੀ ਦੀ ਵੀ ਲੋੜ ਪੈ ਗਈ ਹੈ। ਸੋ ਤੁਸੀਂ ਆਪ ਸ਼ਸਤਰ ਪਹਿਨਣੇ ਹਨ ਅਤੇ ਸਿੱਖਾਂ ਨੂੰ ਇਕ ਬਹਾਦਰ ਜਥੇਬੰਦੀ ਦੇ ਰੂਪ ਵਿਚ ਸਿਰਜਣਾ ਹੈ। ਉਸ ਦਾ ਧਾਰਮਿਕ ਪੱਖ ਸੰਤ ਦਾ ਹੋਵੇਗਾ ਅਤੇ ਦੁਨਿਆਵੀ ਜੀਵਨ ਇਕ ਮਹਾਨ ਯੋਧੇ ਦਾ ਹੋਣਾ ਚਾਹੀਦਾ ਹੈ। ਅੱਜ ਤੋਂ ਪਹਿਲਾਂ ਭਾਰਤ ਵਰਸ਼ ਵਿਚ ਬੇਅੰਤ ਮਹਾਨ ਹਸਤੀਆਂ ਹੋਈਆਂ ਹਨ ਜਿਨ੍ਹਾਂ ਨੇ ਸੰਨਿਆਸ ਦੀ ਪ੍ਰਾਪਤੀ ਉਪਰੰਤ ਕਰਮਯੋਗ ਨੂੰ ਆਪਣੇ ਜੀਵਨ ਵਿਚ ਢਾਲਿਆ ਹੈ। ਕ੍ਰਿਸ਼ਨ ਮਹਾਰਾਜ, ਸ੍ਰੀ ਰਾਮ ਚੰਦਰ ਜੀ ਪੂਰੀ ਤਰ੍ਹਾਂ ਨਾਲ ਨਿਰਲੇਪ ਰਹਿੰਦੇ ਹੋਏ ਸੰਸਾਰ ਦੇ ਦੁਖਾਂ ਨੂੰ ਦੂਰ ਕਰਨ ਲਈ ਅਤੇ ਬੁਰਿਆਈਆਂ ਦੇ ਖਾਤਮੇ ਲਈ ਦੁਸ਼ਟਾਂ, ਦੂਤਾਂ ਨੂੰ ਸ਼ਸਤਰਧਾਰੀ ਹੋ ਕੇ ਦੰਡ ਦਿੰਦੇ ਰਹੇ। ਅਸੀਂ ਲਾਹੌਰ ਜਾ ਕੇ ਆਪਣਾ ਸੀਸ ਦੇਣਾ ਹੈ ਕਿਉਂਕਿ ਅਸੀਂ ਬੇਅਸੂਲੀਆਂ ਗੱਲਾਂ ਮੰਨਣੀਆਂ ਨਹੀਂ ਜਿਸਦੇ ਫਲਸਰੂਪ ਅਸਾਨੂੰ ਆਪਣੀ ਸ਼ਹਾਦਤ ਦੇਣੀ ਪਵੇਗੀ।

ਸੋ ਇਸੇ ਤਰ੍ਹਾਂ ਹੋਇਆ ਕਿ ਗੁਰੂ ਮਹਾਰਾਜ ਜੀ ਨੂੰ ਤੱਤੀਆਂ ਤਵੀਆਂ ਤੇ ਬਿਠਾ ਕੇ, ਉਬਲਦੇ ਪਾਣੀਆਂ ਵਿਚ ਉਬਾਲੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਗੁਰੂ ਛੇਵੇਂ ਪਾਤਸ਼ਾਹ ਜੀ ਨੇ ਗੱਦੀ ਤੇ ਬੈਠਣ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ, ਦਸਤਾਰ ਉਪਰ ਕਲਗੀ ਲਾਈ ਗਈ ਅਤੇ ਤਖਤ ਉਤੇ ਬੈਠਣਾ ਸ਼ੁਰੂ ਕਰ ਦਿਤਾ ਗਿਆ। ਕਨਿੰਘਮ ਲਿਖਦਾ ਹੈ ਕਿ ਇਸ ਸ਼ਹਾਦਤ ਦਾ ਪ੍ਰਭਾਵ ਸਿੱਖੀ ਸੋਚ ਉਪਰ ਪਿਆ ਅਤੇ ਕੇਵਲ ਭਗਤੀ ਮਾਰਗ ਨੂੰ ਹੋਰ ਵਧਾ ਕੇ ਨਾਲ ਕੁਰਬਾਨੀ ਦਾ ਮਾਰਗ ਵੀ ਅਪਨਾਉਣਾ ਸ਼ੁਰੂ ਹੋਇਆ। **ਗੁਰੂ ਹਰਿਗੋਬਿੰਦ ਸਾਹਿਬ ਜੀ ਥੋੜ੍ਹੇ ਸਮੇਂ ਵਿਚ ਇਕ ਸੈਨਿਕ ਆਗੂ ਦੇ ਰੂਪ ਵਿਚ ਵੀ ਪ੍ਰਗਟ ਹੋ ਗਏ। ਜਿਥੇ ਆਪ ਸਮਰੱਥ ਸਤਿਗੁਰੂ ਸਨ, ਉਥੇ ਨਾਲ ਹੀ ਸੰਸਾਰ ਦੇ ਭਲੇ ਲਈ ਸ਼ਸ਼ਤਰਾਂ ਨਾਲ ਜੂਝ ਕੇ ਕੁਰਬਾਨੀ ਦੇ ਕੇ ਸਰੀਰ ਸਫਲਾ ਕਰਨ ਦੀ ਸਿਖਸ਼ਾ ਵੀ ਦਿੰਦੇ ਰਹੇ। ਸਕਾਟ ਆਪਣੀ ਪੁਸਤਕ ਵਿਚ ਲਿਖਦਾ ਹੈ ਕਿ ਇਨ੍ਹਾਂ ਵਾਹਿਗੁਰੂ ਦੇ ਪੁਜਾਰੀਆਂ ਨੂੰ, ਧਾਰਮਿਕ ਗ੍ਰੰਥ, ਕੇਂਦਰੀ ਧਾਰਮਿਕ ਅਸਥਾਨ, ਅਤੇ ਇਕ ਮਰਯਾਦਾ ਦਿਤੀ ਗਈ ਸੀ। ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਪਿਛੋਂ ਦੁਸ਼ਮਨ ਦਾ ਟਾਕਰਾ ਕਰਨ ਦਾ ਜਜ਼ਬਾ ਵੀ ਉਭਰ ਕੇ ਸਾਮ੍ਹਣੇ ਆਇਆ। ਸਿੱਖ ਸ਼ਸ਼ਤਰ ਰੱਖਣ ਲੱਗੇ**

ਅਤੇ ਬਦੀ ਦੀਆਂ ਤਾਕਤਾਂ ਦਾ ਸਾਥ ਨਾ ਦੇਣ ਦਾ ਇਰਾਦਾ ਬਣਾ ਲਿਆ। ਗੁਰੂ ਮਹਾਰਾਜ ਜੀ ਨੇ ਜਿਥੇ ਸਿੱਖਾਂ ਨੂੰ ਉਚੀਆਂ ਅਵਸਥਾਵਾਂ ਵਿਚ ਪ੍ਰਵੇਸ਼ ਕਰਾਇਆ, ਉਥੇ ਦੇਹ ਹੰਗਤਾ ਪੂਰਨ ਤੌਰ ਤੇ ਨਾਸ਼ ਕਰਕੇ ਇਸੇ ਦੇਹ ਨੂੰ ਪਰਉਪਕਾਰ ਵਿਚ ਸਫਲ ਕਰਨ ਦੀ ਸੋਝੀ ਦਿਤੀ। ਭਾਈ ਗੁਰਦਾਸ ਜੀ ਆਪਣੀ 39ਵੀਂ ਵਾਰ ਵਿਚ ਬਦਲੀ ਹੋਈ ਹਾਲਤ ਬਾਰੇ ਫੁਰਮਾਨ ਕਰਦੇ ਹਨ–

ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿਗੋਬਿੰਦ ਅਤੋਲਾ।
ਦੀਨ ਦੁਨੀ ਦਾ ਪਾਤਸ਼ਾਹ ਪਾਤਸ਼ਾਹਾਂ ਪਾਤਸ਼ਾਹ ਅਡੋਲਾ।
ਪੰਜ ਪਿਆਲੇ ਅਜਰੁ ਜਰਿ ਹੋਇ ਮਸਤਾਨ ਸੁਜਾਣ ਵਿਚੋਲਾ।
ਤੁਰੀਆ ਚੜ੍ਹਿ ਜਿਣਿ ਪਰਮਤੱਤੁ ਛਿਅ ਵਰਤਾਰੇ ਕੋਲੋ ਕੋਲਾ।
ਛਿਅ ਦਰਸ਼ਨ ਛਿਅ ਪੀੜ੍ਹੀਆਂ ਇਕਸੁਦਰਸਨੁ ਅੰਦਰਿ ਗੋਲਾ।
ਜਤੀ ਸਤੀ ਸੰਤੋਖੀਆਂ ਸਿਧ ਨਾਥ ਅਵਤਾਰ ਵਿਰੋਲਾ।
ਗਿਆਰਹ ਰੁਦ੍ਰ ਸਮੁੰਦ੍ਰ ਵਿਚ ਮਰਿ ਜੀਵੇ ਤਿਸੁ ਰਤਨ ਅਮੋਲਾ।
ਬਾਰਹ ਸੋਲਾ ਮੇਲ ਕਰਿ ਵੀਹ ਇਕੀਹ ਚੜ੍ਹਾਉ ਹਿੰਡੋਲਾ।
ਅੰਤਰਜਾਮੀ ਬਾਲਾ ਭੋਲਾ।।

ਭਾਈ ਗੁਰਦਾਸ ਜੀ, ਵਾਰ 39/3

ਇਸ ਬਦਲੇ ਹੋਏ ਪ੍ਰੋਗਰਾਮ ਨੇ ਇਕ ਇਨਕਲਾਬ ਲਿਆ ਦਿਤਾ। ਅਣਖ ਨਾਲ ਜ਼ਿੰਦਗੀ ਜੀਉਣ ਦਾ ਸਾਹਸ ਹਰ ਗੁਰਸਿੱਖ ਦੇ ਅੰਦਰ ਪੈਦਾ ਕਰ ਦਿਤਾ। ਹੁਣ ਸੰਗਤਾਂ ਚੰਗੇ ਸ਼ਸ਼ਤਰ, ਸੋਹਣੇ ਘੋੜੇ, ਜੰਗੀ ਸਮਾਨ ਗੁਰੂ ਮਹਾਰਾਜ ਦੀ ਸੇਵਾ ਵਿਚ ਲਿਆਉਣ ਲੱਗੇ। ਹਰ ਰੋਜ਼, ਸਵੇਰ ਸ਼ਾਮ ਦੀਵਾਨ ਲਗਦੇ ਹਨ। ਅੰਮ੍ਰਿਤ ਵੇਲੇ ਵੀ ਦੀਵਾਨ ਵਿਚ ਰੂਹਾਨੀਅਤ ਦਾ ਪੂਰੀ ਤਰ੍ਹਾਂ ਨਾਲ ਪ੍ਰਕਾਸ਼ ਹੁੰਦਾ ਹੈ ਅਤੇ ਸ਼ਾਮ ਦੇ ਦੀਵਾਨ ਵਿਚ ਯੋਧਿਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ। ਗਾਈਆਂ ਦੇ ਵੱਗ, ਸ਼ੇਰਾਂ ਦੇ ਰੂਪ ਧਾਰਨ ਕਰਨ ਲੱਗੇ, ਧਰਮ ਖੇਤੀ ਦੀ ਰਾਖੀ ਲਈ ਬਾੜ ਲਗਾਈ ਜਾਣ ਲੱਗੀ। ਕਈਆਂ ਪ੍ਰੇਮੀਆਂ ਨੂੰ ਇਸ ਬਦਲੀ ਹੋਈ ਰਹੁਰੀਤ ਵਿਚ ਸ਼ੰਕਾ ਪੈਦਾ ਹੋ ਗਿਆ ਜਿਸ ਬਾਰੇ ਭਾਈ ਗੁਰਦਾਸ ਜੀ ਆਪਣੀ 26ਵੀਂ ਵਾਰ ਦੀ 24ਵੀਂ ਪਉੜੀ ਵਿਚ ਲਿਖਦੇ ਹਨ–

ਧਰਮਸਾਲ ਕਰ ਬਹੀਦਾ ਇੱਕਤ ਥਾਂ ਨ ਟਿਕੈ ਟਿਕਾਯਾ।
ਪਾਤਸ਼ਾਹ ਘਰ ਆਂਵਦੇ ਗੜ੍ਹ ਚੜ੍ਹਿਆ ਪਤਿਸ਼ਾਹ ਚੜ੍ਹਾਯਾ।
ਉੱਮਤ ਮਹਿਲ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਯਾ।
ਮੰਜੀ ਬਹਿ ਸੰਤੋਖਦਾ ਕੁੱਤੇ ਰੱਖ ਸ਼ਿਕਾਰ ਖਿਲਾਯਾ।
ਬਾਣੀ ਕਰ ਸੁਣ ਗਾਂਵਦਾ ਕਥੈ ਨ ਸੁਣੈ ਨ ਗਾਂਵ ਸੁਣਾਯਾ।
ਸੇਵਕ ਪਾਸ ਨ ਰੱਖੀਅਨਿ ਦੋਖੀ ਦੁਸ਼ਟ ਆਗੂ ਮੁਹਿ ਲਾਯਾ।
ਸੱਚ ਨ ਲੁਕੈ ਲੁਕਾਇਆ ਚਰਣ ਕਵਲ ਸਿੱਖ ਭਵਰ ਲੁਭਾਯਾ।
ਅਜਰ ਜਰੈ ਨ ਆਪ ਜਣਾਯਾ।।

ਭਾਈ ਗੁਰਦਾਸ ਜੀ, ਵਾਰ – 26/24

ਖੇਤੀ ਵਾੜ ਸੁ ਢਿੰਗੜੀ ਕਿੱਕੁਰ ਆਸ ਪਾਸ ਜਿਉਂ ਬਾਗੈ।।
ਸੱਪ ਲਪੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ।।
ਕਵਲੈ ਕੰਡੇ ਜਾਣੀਅਨਿ ਸਿਆਣਾ ਇਕ ਕੋਈ ਵਿਚ ਫਾਗੈ।।
ਜਿਉਂ ਪਾਰਸ ਵਿਚ ਪੱਥਰਾਂ ਮਣਿ ਮਸਤਕਿ ਜਿਉਂ ਕਾਲੈ ਨਾਗੈ।।
ਰਤਨ ਸੋਹੈ ਗਲ ਪੋਤ ਵਿਚ ਮੈਗਲ ਬੱਧਾ ਕੱਚੇ ਧਾਗੈ।।
ਭਾਵ ਭਗਤਿ ਭੁਖ ਜਾਇ ਘਰ ਬਿਦਰ ਖਵਾਲੈ ਪਿੰਨੀ ਸਾਗੈ।।
ਚਰਣ ਕਵਲ ਗੁਰ ਸਿੱਖ ਭਉਰ ਸਾਧਸੰਗਤ ਸਹਲੰਗ ਸਭਾਗੈ।।
ਪਿਰਮ ਪਿਆਲੈ ਦੁੱਤਰੁ ਝਾਗੈ।।

ਭਾਈ ਗੁਰਦਾਸ ਜੀ, ਵਾਰ – 26/25

ਭਾਈ ਗੁਰਦਾਸ ਜੀ ਨੇ ਜਬਰ ਵਿਰੁੱਧ ਤਲਵਾਰ ਉਠਾਉਣਾ ਧਰਮ ਦਾ ਇਕ ਹਿੱਸਾ ਮੰਨਿਆ। ਆਪ ਨੇ ਪ੍ਰਮਾਣ ਦਿੰਦਿਆਂ ਹੋਇਆਂ ਲਿਖਿਆ ਕਿ ਕਰੜੀ ਚੀਜ਼ ਨੂੰ ਤੋੜਨ ਲਈ ਮਜ਼ਬੂਤ ਹੱਥਾਂ ਦੀ ਲੋੜ ਹੁੰਦੀ ਹੈ। ਖੂਹ 'ਚੋਂ ਪਾਣੀ ਕੱਢਣ ਲਈ ਡੋਲ ਨੂੰ ਰੱਸੀ ਨਾਲ ਬੰਨ੍ਹਣਾ ਪੈਂਦਾ ਹੈ, ਕਾਲੇ ਸੱਪ ਕੋਲੋਂ ਮਣੀ ਹਾਸਲ ਕਰਨ ਲਈ ਸੱਪ ਨੂੰ ਮਾਰਨਾ ਪੈਂਦਾ ਹੈ, ਸੱਪ ਆਪਣੇ ਆਪ ਕਦੇ ਵੀ ਮਣੀ ਦੇਣ ਨੂੰ ਤਿਆਰ ਨਹੀਂ ਹੁੰਦਾ –

ਜਿਉਂ ਕਰਿ ਖੂਹਹੁ ਨਿਕਲੈ ਗਲਿ ਬੱਧੇ ਪਾਣੀ।
ਜਿਉਂ ਮਣਿ ਕਾਲੇ ਸੱਪ ਸਿਰਿ ਹਸਿ ਦੇਇ ਨ ਜਾਣੀ।
ਜਾਣ ਕਥੂਰੀ ਮਿਰਗ ਤਨਿ ਮਰਿ ਮੁਕੈ ਆਣੀ।
ਤੇਲ ਤਿਲਹੁ ਕਿਉ ਨਿਕਲੈ ਵਿਣੁ ਪੀੜੇ ਘਾਣੀ।
ਜਿਉਂ ਮੁਹ ਭੰਨੇ ਗਰੀ ਦੇ ਨਲੀਏਰੁ ਨੀਸਾਣੀ।
ਬੇਮੁਖ ਲੋਹਾ ਸਾਧੀਐ ਵਗਦੀ ਵਾਦਾਣੀ।

ਭਾਈ ਗੁਰਦਾਸ ਜੀ, ਵਾਰ 34/13

ਸੁੱਚੀ ਆਤਮ ਖੋਜ ਕਦੇ ਵੀ ਜਗਿਆਸੂ ਨੂੰ ਹੀਣਤਾ ਦੇ ਡੂੰਘੇ ਖੱਡੇ ਵਿਚ ਨਹੀਂ ਸੁਟਿਆ ਕਰਦੀ ਸਗਮਾਂ ਪ੍ਰਫੁਲਤ ਜੀਵਨ, ਸਵੈਮਾਨ ਅਤੇ ਪਰਉਪਕਾਰ ਦੇ ਉਤਸ਼ਾਹ ਵਿਚ ਆਪਣਾ ਜੀਵਨ ਲਾ ਦੇਣ ਦੀ ਅਵਸਥਾ ਪੈਦਾ ਕਰ ਦਿਆ ਕਰਦੀ ਹੈ। ਆਤਮਦਰਸ਼ੀ ਪੁਰਸ਼ ਕਾਲ ਮੰਡਲ ਨੂੰ ਪਾਰ ਕਰਕੇ ਆਪਣੀ ਸੱਚੀ ਹੋਂਦ ਨੂੰ ਪ੍ਰਾਪਤ ਕਰ ਲਿਆ ਕਰਦਾ ਹੈ ਜੋ ਨਾ ਤਲਵਾਰ ਨਾਲ ਕੱਟੀ ਜਾਂਦੀ ਹੈ, ਨਾ ਪਾਣੀ ਵਿਚ ਡੁੱਬਦੀ ਹੈ, ਨਾ ਅੱਗ ਵਿਚ ਸੜਦੀ ਹੈ ਅਤੇ ਨਾ ਹੀ ਉਸ ਦਾ ਕਦੇ ਕਾਲ ਹੁੰਦਾ ਹੈ; ਸਦੀਵੀ ਜੀਵਨ ਪ੍ਰਾਪਤ ਹੋ ਜਾਂਦਾ ਹੈ। ਆਤਮਦਰਸ਼ੀ ਪੁਰਸ਼ ਦੀ ਦੇਹ ਹੰਗਤਾ ਪੂਰੀ ਤਰ੍ਹਾਂ ਨਾਲ ਨਾਸ਼ ਹੋ ਜਾਇਆ ਕਰਦੀ ਹੈ ਪਰ ਉਹ ਇਸ ਅਮੋਲਕ ਦੇਹ, ਜੋ ਵਾਹਿਗੁਰੂ ਜੀ ਨੇ ਸਾਰੀ ਪ੍ਰਕ੍ਰਿਤੀ ਵਿਚੋਂ ਉਤਮ ਬਣਾ ਕੇ ਜੀਵ ਆਤਮਾ ਨੂੰ ਤਰੱਕੀ ਕਰਕੇ ਅਮਰ ਅਵਸਥਾ ਵਿਚ ਪੁੱਜ ਜਾਣ ਲਈ ਇਕ ਸਾਧਨ ਬਣਾ ਕੇ ਬਖਸ਼ੀ ਹੈ, ਦੀ ਸੰਭਾਲ ਕਰਨੋਂ ਆਤਮਦਰਸ਼ੀ ਪੁਰਸ਼ ਹਟਿਆ ਨਹੀਂ ਕਰਦਾ ਸਗਮਾਂ ਉਸ ਦੇ ਕਰਮ ਤੇ ਗਿਆਨ ਇੰਦਰਿਆਂ, ਮਨ, ਬੁੱਧੀ, ਚਿਤ ਦੀ ਸ਼ੁੱਧ ਵਰਤੋਂ ਕਰਕੇ ਸੰਸਾਰ ਨੂੰ ਸੁਖੀ ਕਰਨ ਲਈ ਗਿਆਨ ਦੀ ਦਾਤ ਵੰਡਿਆ ਕਰਦੇ ਹਨ ਅਤੇ ਇਸੇ ਪਵਿੱਤਰ ਸਰੀਰ ਨੂੰ ਕਿਸੇ ਦੇ ਭਲੇ ਲਈ ਲੇਖੇ ਲਾਉਣ ਵਿਚ ਉਸਨੂੰ ਕੋਈ ਵੀ ਸੰਕੋਚ ਨਹੀਂ ਹੋਇਆ ਕਰਦਾ, ਉਸ ਦੇ ਗਿਆਨ ਚਕਸ਼ੂ ਖੁਲ੍ਹ ਜਾਇਆ ਕਰਦੇ ਹਨ। ਉਹ ਨਾ ਕਿਸੇ ਨੂੰ ਭੈ ਦਿੰਦਾ ਹੈ ਤੇ ਨਾ ਕਿਸੇ ਤੋਂ ਭੈ ਮੰਨਦਾ ਹੈ, ਸਰਬੱਤ ਦੇ ਭਲੇ ਵਿਚ ਸਦਾ ਹੀ ਯਾਚਨਾ ਕਰਦਾ ਰਹਿੰਦਾ ਹੈ। ਸਰੀਰ ਉਸਦੇ ਪਾਸ ਪ੍ਰਭੂ ਵਲੋਂ ਬਖਸ਼ੀ ਇਕ ਦਾਤ ਹੋਇਆ ਕਰਦੀ ਹੈ ਜਿਸਨੂੰ ਉਹ ਯੋਗ ਤਰੀਕੇ ਨਾਲ ਵਰਤਦਾ ਹੋਇਆ ਸੰਸਾਰ ਵਿਚ ਵਿਚਰਦਾ ਹੈ। ਜਦੋਂ ਤਕ ਦੇਹ ਹੰਗਤਾ ਹੈ, ਉਸ ਸਮੇਂ ਤੱਕ ਅਸੀਂ ਅਗਿਆਨ ਦੇ ਹਨ੍ਹੇਰੇ ਵਿਚ ਪਏ ਹੋਏ ਆਪਣੇ ਆਪ ਨੂੰ ਹੀ ਦੇਹ ਮੰਨਦੇ ਰਹਿੰਦੇ ਹਾਂ ਅਤੇ ਇਸ ਦੇ ਸਬੰਧ ਵਿਚ ਆਈਆਂ ਹਸਤੀਆਂ ਪੁਤਰ, ਧੀਆਂ, ਕੁਟੰਬੀ ਅਤੇ ਜੜ੍ਹ ਜਾਇਦਾਦਾਂ ਨੂੰ ਅਸੀਂ ਆਪਣੀਆਂ ਮੰਨ ਕੇ

ਮੋਹ ਦੇ ਮਹਾਂ ਅੰਧਕਾਰ ਵਿਚ ਫਸੇ ਹੋਏ ਅਗਿਆਨਮਈ ਕਰਮ ਕਰਦੇ ਹਾਂ ਪਰ ਜਿਸ ਨੇ ਨਾਮ ਜਪਣ ਦੀਆਂ ਮੁਸ਼ੱਕਤਾਂ ਘਾਲ ਕੇ ਮੰਜ਼ਲ-ਦਰ-ਮੰਜ਼ਲ ਚੜ੍ਹਾਈ ਕਰਦਿਆਂ ਕਾਲ ਮੰਡਲ ਨੂੰ ਪਾਰ ਕਰ ਲਿਆ, ਉਹ ਆਪਣੇ ਅਸਲੀ ਸਰੂਪ ਨੂੰ ਪਛਾਣ ਜਾਂਦਾ ਹੈ, ਫਿਰ ਇਹ ਦੇਹ ਪਾਕ ਪਵਿੱਤਰ ਹੋ ਜਾਇਆ ਕਰਦੀ ਹੈ। ਮਹਾਰਾਜ ਜੀ ਦਾ ਫੁਰਮਾਨ ਹੈ -

ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥
ਬਿਨੁ ਬੂਝੇ ਤੂੰ ਸਦਾ ਨਾਪਾਕ॥ ***ਪੰਨਾ - 374***

ਬਹੁਤ ਸਾਰੇ ਸਾਧੂਆਂ ਦਾ ਵਿਚਾਰ ਹੈ ਕਿ ਜਦੋਂ ਪ੍ਰਾਪਤੀ ਹੋ ਜਾਵੇ ਫੇਰ ਇਹ ਦੇਹ ਰੱਖਣ ਦਾ ਕੋਈ ਲਾਭ ਨਹੀਂ ਹੈ, ਉਹ ਸਰੀਰ ਛੱਡ ਜਾਇਆ ਕਰਦੇ ਹਨ ਪਰ ਗੁਰਮਤਿ ਦੇ ਸਿਧਾਂਤ ਦੇ ਮੁਤਾਬਿਕ ਜਦੋਂ ਹਉਮੈ ਭਾਵ ਪੂਰੀ ਤਰ੍ਹਾਂ ਦੇ ਨਾਲ ਨਾਸ਼ ਹੋ ਗਿਆ ਅਤੇ ਅੰਤਰ ਆਤਮੇ ਨਾਮ ਦਾ ਪ੍ਰਕਾਸ਼ ਖੇੜਿਆਂ ਦੇ ਮੰਡਲ ਵਿਚ ਪ੍ਰਵੇਸ਼ ਕਰ ਗਿਆ ਤਾਂ ਇਸ ਦੁਨੀਆਂ ਤੋਂ ਪ੍ਰਭੂ ਹੁਕਮ ਦੇ ਅੰਦਰ ਪੂਰਾ-ਪੂਰਾ ਲਾਭ ਜਗਿਆਸੂ ਜਨਾਂ ਨੂੰ, ਉਠਾਉਣ ਦਾ ਅਵਸਰ ਦੇਣ ਲਈ ਇਹ ਸਰੀਰ ਇਕ ਸੁਚੱਜਾ ਮਾਧਿਅਮ ਹੋਇਆ ਕਰਦਾ ਹੈ। ਗੁਰੂ ਅਤੇ ਪ੍ਰਭੂ ਇਕ-ਮਿਕ ਹੁੰਦੇ ਹਨ। ਨਿਰਾਕਾਰ ਸਰੂਪ ਪ੍ਰਭੂ ਦਾ ਹੈ ਅਤੇ ਸਾਕਾਰ ਸਰੂਪ ਗੁਰੂ ਦਾ ਹੋਇਆ ਕਰਦਾ ਹੈ। ਗੁਰੂ ਤੇ ਪ੍ਰਭੂ ਇਕ ਰੂਪ ਹੀ ਹੁੰਦੇ ਹਨ-

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥
ਪੰਨਾ - 442

ਗੁਰੂ ਦਾ ਹੁਕਮ ਅਤੇ ਪ੍ਰਭੂ ਦਾ ਹੁਕਮ ਇਕੋ ਹੀ ਹੋਇਆ ਕਰਦਾ ਹੈ। ਹੁਣ ਛੇਵੇਂ ਜਾਮੇ ਵਿਚ ਗੁਰੂ ਨੂੰ ਭਾਇਆ ਕਿ ਦੁਨੀਆਂ ਜ਼ਾਲਮ ਰਾਜ ਤੋਂ ਦੁਖੀ ਹੈ, ਮਨਾਂ ਦੇ ਉਪਰ ਬਹੁਤ ਵੱਡਾ ਭੈ ਛਾਇਆ ਹੋਇਆ ਹੈ, ਹੋਂਦ ਖਤਰੇ ਵਿਚ ਹੈ, ਜੀਵਨ ਅਧਿਕਾਰ ਮਿੱਟੀ ਵਿਚ ਮਿਲਾ ਦਿਤੇ ਗਏ ਹਨ; ਖੇੜੇ ਦਾ ਕੋਈ ਸਾਹ ਨਹੀਂ ਆਉਂਦਾ, ਉਸਦੀ ਥਾਂ ਡਰ, ਸਹਿਮ, ਬੇਵਿਸ਼ਵਾਸ਼ੀ, ਉਤਸ਼ਾਹਹੀਣਤਾ ਪੂਰੀ ਤਰ੍ਹਾਂ ਨਾਲ ਆਦਮੀ ਦੀ ਹੋਸ਼ ਨੂੰ ਘੇਰੀਂ ਰੱਖਦੀ ਹੈ। ਮਾਨਸ ਜਨਮ ਦੁਰਲੱਭ ਵਸਤੂ ਹੈ - ਪ੍ਰਭੂ ਪ੍ਰਾਪਤੀ ਕਰਨ ਵਾਸਤੇ। ਜੇ ਅੰਦਰ ਵਿਗਾਸ ਦੀ ਥਾਂ ਲੰਮੇ ਹੌਂਕਿਆਂ ਨੇ ਘੇਰੀ ਹੋਈ ਹੈ ਤਾਂ ਰੂਹਾਨੀ ਤਰੱਕੀ ਤੋਂ ਹੀਣਾ ਰਹਿ ਕੇ ਮਨੁੱਖ ਨੇ, ਮਾਨਸ ਜਨਮ ਦਾ ਬਹੁਤ ਚੰਗਾ ਹੱਥ ਆਇਆ ਅਵਸਰ ਗਵਾ ਲਿਆ ਹੈ। ਇਹ ਸਾਰਾ ਕੁਝ ਕਿਉਂ ਹੁੰਦਾ ਹੈ ਕਿਉਂਕਿ ਚਰਿੱਤਰਹੀਣ, ਬੇਵਿਚਾਰ, ਖੁਦਗਰਜ਼, ਦੁਸ਼ਟਤਾਈ ਨਾਲ ਪ੍ਰੀਤ ਰੱਖਣ ਵਾਲੇ ਪੁਰਸ਼ਾਂ ਦੇ ਹੱਥ ਵਿਚ ਅੰਨ੍ਹੀ ਰਾਜਸੀ ਤਾਕਤ ਆ ਗਈ ਹੈ, ਜੋ ਵਿਚਾਰ ਤੋਂ ਹੀਣੇ ਹਨ, ਜਿਨ੍ਹਾਂ ਨੂੰ ਨਿੱਜ ਜੀਵਨ ਤੋਂ ਲਾਂਭੇ ਕੋਈ ਵੀ ਹਿੱਤ ਨਹੀਂ ਹੋਇਆ ਕਰਦਾ। ਉਹ ਨਾ ਕਿਸੇ ਦੀ ਸਵੈਮਾਨਤਾ ਨੂੰ ਜਾਣਦੇ ਹਨ, ਨਾ ਕਿਸੇ ਦੀ ਬਜ਼ੁਰਗੀ ਦੀ ਕਦਰ ਕਰਦੇ ਹਨ, ਨਾ ਹੀ ਕਿਸੇ ਦੀ ਸ਼ਰਾਫਤ ਦਾ ਮੁੱਲ ਪਾਂਦੇ ਹਨ। ਇਸ ਦੀ ਥਾਂ ਉਨ੍ਹਾਂ ਦੇ ਮਨ ਵਿਚ ਹੈਂਕੜਬਾਜ਼ੀ ਦਾ ਤੇ ਨਿੱਜ ਨੂੰ ਪਾਲਣ ਦਾ ਅੰਧਕਾਰ ਪੂਰੀ ਤਰ੍ਹਾਂ ਨਾਲ ਪ੍ਰਵੇਸ਼ ਕਰ ਚੁੱਕਿਆ ਹੁੰਦਾ ਹੈ। ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਇਸ ਘੋਰ ਘੁੱਪ ਹਨ੍ਹੇਰੇ ਮਨਾਂ ਦਾ ਹੀ ਇਕ ਦ੍ਰਿਸ਼ ਸੀ। ਗੁਰੂ ਜਿਥੇ ਮਾਨਸਿਕ ਹਨੇਰ੍ਹੇ ਨੂੰ ਦੂਰ ਕਰਕੇ ਪ੍ਰਭੂ ਨਾਲ ਮਿਲਾਉਂਦਾ ਹੈ, ਉਥੇ ਸਾਰੀ ਸ੍ਰਿਸ਼ਟੀ ਦਾ ਸਾਂਝਾ ਹੋਣ ਕਰਕੇ ਦੁਖੀਆਂ ਦੇ ਦੁੱਖ ਨੂੰ ਦੂਰ ਕਰਦਾ ਹੈ ਕਿਉਂਕਿ ਉਹ ਪ੍ਰਭੂ ਹੀ ਤਾਂ ਹੈ ਨਾ।

ਗੁਰੂ ਛੇਵੇਂ ਪਾਤਸ਼ਾਹ ਵੇਲੇ ਅੰਧਕਾਰ ਦੀ ਹੱਦ ਆ ਚੁਕੀ ਸੀ ਅਤੇ ਦੁਸ਼ਟਤਾਈ ਹਲਕੇ ਕੁੱਤਿਆਂ ਵਾਂਗੂੰ ਬਿਨ-ਵਿਚਾਰੇ ਚੱਕ ਮਾਰ ਰਹੀ ਸੀ। ਹੁਣ ਦੋ ਹੀ ਰਸਤੇ ਮਨੁੱਖ ਕੋਲ ਸਨ - ਇਕ ਤਾਂ ਇਹ ਹੈ ਕਿ ਉਹ ਨਿਰ-ਸਾਹਸ ਹੋ ਉਤਸ਼ਾਹ-ਹੀਣਤਾ ਵਿਚ ਡੁੱਬਿਆ ਹੋਇਆ, ਹਲਕੇ ਹੋਏ ਕੁੱਤਿਆਂ ਦੀ ਹਵਸ ਦਾ ਸ਼ਿਕਾਰ ਬਣ ਜਾਵੇ ਜਾਂ ਫਿਰ ਆਪਣੇ ਆਪ ਨੂੰ ਮਜ਼ਬੂਤ ਕਰਕੇ ਇਨ੍ਹਾਂ ਕੁੱਤਿਆਂ ਦਾ ਮੁਕਾਬਲਾ ਕਰੇ। ਇਸ ਤਰ੍ਹਾਂ ਨਾਲ ਮੁਗਲ ਸ਼ਾਸ਼ਕ, ਉਸ ਵੇਲੇ ਦਾ ਹਾਕਮ ਵਰਗ ਬੇਲਗਾਮਾਂ ਹੋ ਚੁੱਕਿਆ ਸੀ। ਬਿਨਾਂ ਕਿਸੇ ਕਸੂਰ ਤੋਂ ਗੁਰੂ ਪੰਜਵੇਂ ਪਾਤਸ਼ਾਹ ਜੀ ਦੀ ਮਹਾਂ ਨਿੰਦਨੀ ਸ਼ਹਾਦਤ ਦਾ ਕਾਰਨ ਬਣਿਆ। ਗੁਰੂ ਛੇਵੇਂ ਪਾਤਸ਼ਾਹ ਜੀ ਨੇ ਸਮੇਂ ਨੂੰ ਪਛਾਣਦਿਆਂ ਤੱਤ ਬੇਤੇ ਮਹਾਂਪੁਰਸ਼ਾਂ ਦੇ ਸਮੂੰਹ ਨੂੰ ਸ਼ਕਤੀ ਦੇ ਪ੍ਰਯੋਗ ਵਿਚ ਪਾਇਆ ਅਤੇ ਮੁਢਲੇ ਮਨੁੱਖੀ ਅਧਿਕਾਰਾਂ ਨੂੰ ਕਾਇਮ ਰੱਖਣ ਲਈ ਭੇਡਾਂ, ਬਕਰੀਆਂ ਵਾਂਗੂੰ ਕੱਟ ਜਾਣ ਦੀ ਥਾਂ ਸ਼ੇਰਾਂ ਵਾਂਗੂੰ ਮੁਕਾਬਲਾ ਕਰਨ ਦੀ ਜਾਂਚ ਦੱਸੀ। ਜਦੋਂ ਸ਼ਾਸ਼ਕ ਅੰਨ੍ਹਾ ਬੋਲਾ ਹੋ ਜਾਵੇ ਤਾਂ ਜਨਤਾ ਦਾ ਪ੍ਰਮ ਪਵਿੱਤਰ ਫਰਜ਼ ਬਹਾਦਰੀ ਨਾਲ ਆਪਣੀ ਰਾਖੀ ਕਰਨਾ ਹੋਇਆ ਕਰਦਾ ਹੈ। ਅਜਿਹੀ ਹਾਲਤ ਵਿਚ ਸ਼ਸਤਰ ਚੁੱਕ ਕੇ ਆਪਣੀ ਰਾਖੀ ਕਰਨਾ ਹੀ ਧਰਮ ਦਾ ਅੰਗ ਹੋਇਆ ਕਰਦਾ ਹੈ। ਬੁਜ਼ਦਿਲੀ, ਭੈ, ਹੀਣਤਾ ਪਾਪ ਹੋਇਆ ਕਰਦੇ ਹਨ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਜ਼ਫ਼ਰਨਾਮੇ ਵਿਚ ਔਰੰਗਜ਼ੇਬ ਨੂੰ ਸੰਬੋਧਨ ਕਰਦਿਆਂ ਹੋਇਆਂ ਫੁਰਮਾਨ ਕੀਤਾ ਹੈ ਕਿ -

ਚੁ ਕਾਰ ਅੱਜ ਹਮਹ ਹੀਲਤੇ ਦਰ ਗੁਜ਼ਸਤ,
ਹਲਾਲ ਅਸਤ ਬਰਦਨ ਬ ਸ਼ਮਸ਼ੇਰ ਦਸਤ॥
(ਜ਼ਫ਼ਰਨਾਮਾ 22 ਨੰ:)

ਜਦੋਂ ਅਮਨ ਕਾਇਮ ਕਰਨ ਦੇ ਸਾਰੇ ਹੀਲੇ ਖਤਮ ਹੋ ਜਾਣ ਤਾਂ ਆਪਣੀ ਰਖਸ਼ਾ ਵਾਸਤੇ ਸ਼ਸਤਰ ਚੁੱਕ ਲੈਣਾ ਉਤਮ ਧਰਮ ਹੋਇਆ ਕਰਦਾ ਹੈ। ਇਹ ਇਕ ਪ੍ਰਸ਼ਨ ਹੈ ਜੋ ਬਹੁਤ ਸਾਰੇ ਰੂਹਾਨੀ ਬੰਦਿਆਂ ਦੇ ਮਨ ਵਿਚ ਆਇਆ ਕਰਦਾ ਹੈ ਕਿ ਸਿੱਖਾਂ ਵਰਗੀ ਸਾਧੂਆਂ ਦੀ ਜਮਾਤ ਨੇ ਸ਼ਸਤਰ ਧਾਰਨ ਕਿਉਂ ਕਰ ਲਏ ਜਿਸ ਬਾਰੇ ਉਪਰ ਵਿਚਾਰ ਕੀਤੀ ਗਈ ਹੈ; ਕਦੇ ਸਮਾਂ ਆਉਣ ਤੇ ਇਸ ਪ੍ਰਸ਼ਨ ਨੂੰ ਵਿਸਥਾਰ ਪੂਰਵਕ ਵਿਚਾਰਿਆ ਜਾਵੇਗਾ।

ਗੁਰੂ ਮਹਾਰਾਜ ਜੀ ਨੇ ਇਨ੍ਹਾਂ ਬਦਲੇ ਹਾਲਾਤ ਵਿਚ ਅੰਦਰੂਨੀ ਰੂਹਾਨੀ ਚੜ੍ਹਾਈ ਦੇ ਨਾਲ ਹੀ ਸਰੀਰਕ ਬਲ ਨੂੰ ਪੂਰੀ ਤਰ੍ਹਾਂ ਕਾਇਮ ਰੱਖਣ ਅਤੇ ਸ਼ਸਤਰ ਵਿਦਿਆ ਦਾ ਪ੍ਰਯੋਗ ਕਰਨ ਦਾ ਉਤਸ਼ਾਹ ਬਖਸ਼ਿਆ। ਗੁਰੂ ਪਾਤਸ਼ਾਹ ਨਾਲ ਜਿੰਨੇ ਵੀ ਜੁੱਧ ਹੋਏ ਹਨ, ਉਨ੍ਹਾਂ ਵਿਚ ਵਿਚਾਰਨ ਵਾਲਾ ਵਿਸ਼ਾ ਇਹ ਹੈ ਕਿ ਨਾ ਤਾਂ ਕਦੇ ਗੁਰੂ ਮਹਾਰਾਜ ਜੀ ਨੇ ਕਿਸੇ ਨੂੰ ਜੁੱਧ ਲਈ ਭੜਕਾਇਆ ਅਤੇ ਨਾ ਹੀ ਧਰਤੀ ਦੇ ਇਕ ਇੰਚ ਉਪਰ ਕਬਜ਼ਾ ਕੀਤਾ ਪਰ ਜਦੋਂ-ਜਦੋਂ ਵੀ ਮਾਣ ਤੇ ਹੈਂਕੜ ਵਿਚ ਮੱਤੇ ਹੋਏ ਰਾਜਸੀ ਅਧਿਕਾਰੀ ਗੁਰੂ ਮਹਾਰਾਜ ਜੀ ਦੇ ਉਪਰ ਟਿੱਡੀ

ਦਲ ਲੈ ਕੇ ਚੜ੍ਹਦੇ ਰਹੇ, ਆਪ ਜੀ ਨੇ ਉਨ੍ਹਾਂ ਦੀ ਭਾਵਨਾ ਨੂੰ ਫਲ ਲਾਉਣ ਲਈ ਸ਼ਸਤਰਾਂ ਨਾਲ ਹੀ ਸਵਾਗਤ ਕੀਤਾ। ਜੁੱਧ ਦੀ ਸਮਾਪਤੀ ਪਿਛੋਂ ਗੁਰੂ ਮਹਾਰਾਜ ਜਿਥੇ ਆਪਣੇ ਜ਼ਖਮੀ ਹੋਏ, ਫੱਟੜ ਹੋਏ ਗੁਰਸਿੱਖਾਂ ਦੀ ਸੰਭਾਲ ਕਰਦੇ ਸਨ, ਉਥੇ ਚੜ੍ਹ ਕੇ ਆਈਆਂ ਫੌਜਾਂ ਦੀ ਭੀ ਮਲ੍ਹਮ ਪੱਟੀ ਕਰਕੇ ਉਨ੍ਹਾਂ ਦੀ ਪੂਰੀ ਤਰ੍ਹਾਂ ਨਾਲ ਸੰਭਾਲ ਕਰਕੇ ਉਨ੍ਹਾਂ ਨੂੰ ਆਪਣੀਆਂ ਡਿਊਟੀਆਂ ਤੇ ਜਾਣ ਦੀ ਖੁਲ੍ਹ ਦੇ ਦਿਆ ਕਰਦੇ ਸਨ।

ਜਦੋਂ ਮਾਲਵੇ ਦੀ ਆਖਰੀ ਜੰਗ ਹੋਈ, ਉਸ ਵੇਲੇ ਲਲਾ ਬੇਗ ਬਹੁਤ ਵੱਡੀ ਸੈਨਾ ਨਾਲ ਚੜ੍ਹ ਕੇ ਆਇਆ ਅਤੇ ਰਾਤ ਦੇ ਹਨ੍ਹੇਰੇ ਵਿਚ ਹੀ ਬਹੁਤ ਭਿਆਨਕ ਜੰਗ ਹੋਇਆ। ਹਮਲਾਵਰ ਫੌਜ ਮਾਘ ਦੀ ਬਰਫਾਨੀ ਠੰਢ ਤੋਂ ਐਤਨੀ ਮੁਤਾਸਰ ਹੋਈ ਕਿ ਉਨ੍ਹਾਂ ਦੇ ਹਥਿਆਰ ਹੱਥਾਂ ਵਿਚੋਂ ਗਿਰਨ ਲੱਗ ਗਏ ਅਤੇ ਠੰਢ ਦੇ ਮਾਰੇ ਸਿਪਾਹੀ ਆਪ ਵੀ ਧਰਤੀ ਉਪਰ ਗਿਰ ਗਏ। ਉਸ ਵੇਲੇ ਭਾਈ ਬਿਧੀ ਚੰਦ ਆਦਿਕ ਸਿੱਖਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਹੁਣ ਆਪ ਜੰਗ ਨਾ ਰੋਕੋ ਕਿਉਂਕਿ ਹਮਲਾਵਰ ਮਾਘ ਦੀ ਠੰਢੀ ਰਾਤ ਵਿਚ ਚਲ ਰਹੀ ਠੰਡੀ ਗੀਵੀ (ਹਵਾ) ਕਰਕੇ ਲੜਨੋਂ ਬਿਲਕੁਲ ਅਸਮਰਥ ਹੋ ਚੁੱਕਿਆ ਹੈ। ਹੁਣ ਅਸਾਨੂੰ ਰੋਕੋ ਨਾ, ਤਲਵਾਰ ਦੀ ਧਾਰ ਨਾਲ ਇਨ੍ਹਾਂ ਸਾਰਿਆਂ ਨੂੰ ਬਹਿਸ਼ਤੀ (ਮਾਰ) ਕਰ ਦਿੰਦੇ ਹਾਂ। ਪਰ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰੇ ਗੁਰਸਿੱਖੋ! ਭਾਵੇਂ ਕਲਜੁਗ ਨੇ ਸਾਰੇ ਸਤਿ ਧਰਮਾਂ ਨੂੰ ਨਾਸ਼ ਕਰ ਦਿਤਾ ਹੈ ਪਰ ਅਸੀਂ ਧਰਮ ਨੂੰ ਪ੍ਰਫੁੱਲਤ ਕਰਨ ਵਾਸਤੇ ਆਏ ਹਾਂ ਅਤੇ ਅਸੀਂ ਆਪਣੇ ਗੁਰਸਿੱਖਾਂ ਤੋਂ ਵੀ ਧਰਮ ਦੇ ਸੁਨਹਿਰੀ ਅਸੂਲਾਂ ਦੀ ਪਾਲਣਾ ਕਰਾਉਣੀ ਹੈ। ਉਚਾ ਧਰਮ ਕਦੇ ਵੀ ਆਗਿਆ ਨਹੀਂ ਦਿੰਦਾ ਕਿ ਡਿਗੇ ਪਏ ਪੁਰਸ਼ ਤੇ ਅਤੇ ਹਥਿਆਰਹੀਣ ਵੈਰੀ ਉਤੇ, ਬਾਲਕ, ਬਿਰਧ, ਰੋਗੀ ਉਤੇ ਅਤੇ ਜਿਸਨੇ ਆਪਣੇ ਆਪ ਨੂੰ ਸਮਰਪਣ ਕਰਕੇ ਸ਼ਰਨਾਗਤ ਦੀ ਮੰਗ ਕੀਤੀ ਹੋਵੇ ਅਤੇ ਇਸਤਰੀ ਉਤੇ ਵਾਰ ਨਹੀਂ ਕਰਨਾ ਚਾਹੀਦਾ। ਇਨ੍ਹਾਂ ਸੱਤਾਂ ਉਤੇ ਵਾਰ ਕਰਨ ਵਾਲੇ ਦਾ ਸਤਿ, ਤੇਜ਼ ਪ੍ਰਤਾਪ ਨਸ਼ਟ ਹੋ ਜਾਂਦਾ ਹੈ ਅਤੇ ਅਜਿਹੇ ਸੂਰਮੇ ਵਿਚ ਚਰਿੱਤਰਹੀਣਤਾ ਆ ਕੇ ਸੂਰਮਗਤੀ ਨੂੰ ਦਾਗ ਲਗ ਜਾਇਆ ਕਰਦਾ ਹੈ। ਇਸ ਕਰਕੇ ਹੁਣ ਆਪਾਂ ਇਨ੍ਹਾਂ ਉਤੇ ਵਾਰ ਬਿਲਕੁਲ ਨਹੀਂ ਕਰਨਾ। ਦਿਨ ਚੜ੍ਹੇ ਧੁੱਪ ਦਾ ਨਿੱਘ ਆਉਣ ਤੇ ਇਹ ਲੜਨ ਦੇ ਕਾਬਲ ਹੋਣਗੇ, ਫੇਰ ਆਪਣਾ ਧਰਮ ਬਣਦਾ ਹੈ ਕਿ ਇਨ੍ਹਾਂ ਨਾਲ ਜੁੱਧ ਕਰੀਏ। ਇਹ ਅਸੂਲ ਭਾਰਤ ਵਿਚ ਪਹਿਲਾਂ ਤੋਂ ਹੀ ਪ੍ਰਵਾਣਤ ਰਿਹਾ ਹੈ।

ਮਹਾਂਭਾਰਤ ਦੇ ਮਹਾਨ ਜੁੱਧ ਵਿਚ ਸੂਰਮਿਆਂ ਦਾ ਨਿੱਜੀ ਵੈਰ ਨਹੀਂ ਸੀ ਪਰ ਜੁੱਧ ਵਾਸਤੇ ਹੀ ਜੁੱਧ ਕਰਦੇ ਸਨ। ਦੋ ਚਾਰ ਉਦਾਹਰਣਾਂ ਨੂੰ ਛੱਡ ਕੇ ਇਹ ਮਹਾਂਭਾਰਤ ਦਾ ਜੁੱਧ ਬਦੀ ਅਤੇ ਨੇਕੀ ਦੇ ਵਿਚਕਾਰ ਹੀ ਜੁੱਧ ਦਾ ਕਾਰਨ ਬਣਿਆ। ਅਜਿਹੇ ਅਸੂਲ ਅੱਜ ਦੀ ਦੁਨੀਆਂ ਵਿਚੋਂ ਅਲੋਪ ਹੋ ਚੁੱਕੇ ਹਨ। ਧਰਮ ਪੂਰੀ ਤਰ੍ਹਾਂ ਨਾਲ ਉਡਾਰੀ ਮਾਰ ਕੇ ਅਲੋਪ ਹੋ ਗਿਆ ਹੈ। ਹੀਰੋਸ਼ੀਮਾ ਦੇ ਬੇਕਸੂਰ ਬੰਦਿਆਂ ਉਤੇ ਇਕ ਐਟਮ ਬੰਬ ਸੁੱਟ ਕੇ ਉਨ੍ਹਾਂ ਨੂੰ ਮਾਰ ਦਿਤਾ। ਅਜੇ ਵੀ ਵਿਚਾਰਵਾਨ ਪੁਰਸ਼ ਉਸ ਕਰਮ ਨੂੰ ਕਲੰਕ ਹੀ ਜਾਣਦੇ ਹਨ।

ਗੁਰੂ ਮਹਾਰਾਜ ਧਰਮ ਨੂੰ ਉਭਾਰਨ ਲਈ ਅਤੇ ਦੁਸ਼ਟਾਂ ਦੀ ਦੁਸ਼ਟਤਾਈ ਦੂਰ ਕਰਨ ਲਈ ਉਪਦੇਸ਼ ਦਿੰਦੇ ਰਹੇ ਹਨ ਅਤੇ ਆਪਣੇ ਗੁਰਸਿੱਖਾਂ ਨੂੰ ਸਦਾ ਹੀ ਸ਼ੁਭ ਉਪਦੇਸ਼ ਦੇ ਕੇ ਕਿਸੇ ਨਾਲ ਵੈਰ ਕਰਨ ਤੋਂ ਵਰਜਦੇ ਹੋਏ ਫੁਰਮਾਉਂਦੇ ਹਨ -

ਵਵਾ ਵੈਰੁ ਨ ਕਰੀਐ ਕਾਹੂ ॥
ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ***ਪੰਨਾ - 259***

ਇਸ ਪ੍ਰੇਮ ਉਚੀ ਭਾਵਨਾ ਨੇ ਭਾਈ ਘਨਈਏ ਵਰਗੇ ਪਰਉਪਕਾਰੀਆਂ ਨੂੰ ਜੀਵਨ ਨਾਟ ਵਿਚ ਪੇਸ਼ ਕੀਤਾ ਅਤੇ ਗੁਰੂ ਮਹਾਰਾਜ ਜੀ ਨੇ ਉਸ ਨੂੰ ਮਲ੍ਹਮ ਤੇ ਪੱਟੀਆਂ ਦੀ ਬਖਸ਼ਿਸ਼ ਕਰਕੇ, ਸਰਬੱਤ ਵਿਚ ਵਾਹਿਗੁਰੂ ਦੇਖਣ ਦੀ ਯਥਾਰਤਕਤਾ ਨੂੰ ਪੱਕਿਆਂ ਕਰਦਿਆਂ ਆਪਣੀ ਮਿਹਰ ਦੀ ਬਖਸ਼ਿਸ਼ ਕਰੀ।

ਗੁਰੂ ਛੇਵੇਂ ਪਾਤਸ਼ਾਹ ਮੀਰੀ ਤੇ ਪੀਰੀ ਦੇ ਮਾਲਕ ਸਨ ਜਿਨ੍ਹਾਂ ਨੇ ਦੁਨੀਆਂ ਵਿਚ ਅਣਖ ਭਰਿਆ ਜੀਵਨ ਅਤੇ ਮਨੁਖਾਂ ਦੇ ਮੁੱਢਲੇ ਹੱਕਾਂ ਦੀ ਰਾਖੀ ਵਾਸਤੇ ਜੀਵਨ ਉਤਸ਼ਾਹ ਬਖਸ਼ਿਆ। ਸਤਿਗੁਰੂ ਪੂਰੀ ਤਰ੍ਹਾਂ ਨਾਲ ਨਿਰਵੈਰ ਸਨ ਅਤੇ ਉਨ੍ਹਾਂ ਦੀ ਕ੍ਰਿਆ ਨਿਰਾਲੀ ਸੀ। ਸਤਿਗੁਰੂ ਧਰਮ ਦੀ ਧਰਤੀ ਹੋਇਆ ਕਰਦਾ ਹੈ ਅਤੇ ਧਰਮ ਨੂੰ ਸ੍ਰਿਸ਼ਟੀ ਵਿਚ ਚਲਾਉਣ ਦਾ ਪ੍ਰਤੱਖ ਸਰੂਪ ਹੋਇਆ ਕਰਦਾ ਹੈ। ਗੁਰੂ ਸ਼ੀਸ਼ੇ ਵਰਗਾ ਹੋਇਆ ਕਰਦਾ ਹੈ। ਜਿਹੋ ਜਿਹੀ ਕੋਈ ਭਾਵਨਾ ਕਰਦਾ ਹੈ, ਉਹੋ ਜਿਹਾ ਹੀ ਫਲ ਆਪਣੇ ਕਰਮਾਂ ਰਾਹੀਂ ਪ੍ਰਾਪਤ ਕਰ ਲਿਆ ਕਰਦਾ ਹੈ -

ਸਤਿਗੁਰੂ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ ॥
ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।
ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।
ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।
ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।
ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।
ਭਾਈ ਗੁਰਦਾਸ ਜੀ, ਵਾਰ 34/1

ਗੁਰੂ ਮਹਾਰਾਜ ਜੀ ਜਦੋਂ ਦਿੱਲੀ ਜਾ ਕੇ ਮਜਨੂੰ ਟਿੱਲੇ ਡੇਰਾ ਕਰਦੇ ਹਨ ਤਾਂ ਉਥੇ ਰਹਿਣ ਵਾਲਾ ਸੰਤ, ਜਿਸਦਾ ਸਰੀਰ ਤਪ ਕਰਦਿਆਂ ਸੁੱਕ ਗਿਆ ਸੀ, ਉਸਨੂੰ ਲੋਕ ਮਜਨੂੰ ਆਖਿਆ ਕਰਦੇ ਸਨ ਉਸਨੇ ਗੁਰੂ ਮਹਾਰਾਜ ਜੀ ਪਾਸ ਆ ਕੇ ਪ੍ਰਸ਼ਨ ਕੀਤਾ ਕਿ ਮਹਾਰਾਜ! ਇਹ ਸੰਸਾਰ ਸੱਚਾ ਹੈ ਜਾਂ ਝੂਠਾ ਹੈ? ਜੇਕਰ ਇਹ ਸੱਚਾ ਹੈ ਤਾਂ ਮਰ ਚੁੱਕੇ ਜੀਵ ਨਜ਼ਰ ਕਿਉਂ ਨਹੀਂ ਆਉਂਦੇ; ਜੇਕਰ ਝੂਠਾ ਹੈ ਤਾਂ ਸਭ ਕੁਝ ਪ੍ਰਤੱਖ ਕਿਉਂ ਦਿਸ ਰਿਹਾ ਹੈ। ਜੇਕਰ ਇਹ ਦੋਵੇਂ ਗੱਲਾਂ ਠੀਕ ਹਨ ਤਾਂ ਮੈਨੂੰ ਨਿਰਣਾ ਕਰਕੇ ਸਮਝਾਓ ਕਿ ਹਨ੍ਹੇਰਾ ਤੇ ਚਾਨਣਾ ਦੋਵੇਂ ਕਿਵੇਂ ਇਕੱਠੇ ਰਹਿ ਸਕਦੇ ਹਨ? ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਸੰਤ ਜੀ! ਜਦੋਂ ਅਸੀਂ ਕੋਈ ਸੁਪਨਾ ਦੇਖ ਰਹੇ ਹੋਈਏ ਅਤੇ ਲੰਮੇ ਸਮੇਂ ਤਾਂਈਂ ਸੁਪਨਾ ਵੇਖੀਏ, ਉਸ ਸਮੇਂ ਉਹ ਪ੍ਰਤੱਖ ਨਜ਼ਰ ਆਉਂਦਾ ਹੈ। ਸੁਪਨੇ ਵਿਚ ਜੇ ਸਾਡੇ ਮਗਰ ਸੱਪ ਪੈ ਜਾਵੇ ਤਾਂ ਅਸੀਂ ਉਸਨੂੰ ਮਾਰ ਦਿੰਦੇ ਹਾਂ। ਜੇ ਕੋਈ ਪਿਆਰ ਕਰੇ ਤਾਂ ਉਹ ਸਾਨੂੰ ਬਹੁਤ ਪਿਆਰਾ ਲਗਦਾ ਹੈ; ਜੇ ਸੁਪਨੇ ਵਿਚ ਸ਼ਾਦੀ ਕਰਾ ਲਵੇ, ਤੇ ਪੁੱਤਰ ਹੋ ਜਾਣ, ਉਨ੍ਹਾਂ ਸਾਰਿਆਂ ਦਾ ਪੂਰੀ ਤਰ੍ਹਾਂ ਨਾਲ ਮੋਹ ਹਿਰਦੇ ਵਿਚ ਜਾਗ ਕੇ ਆਪਣਾ

ਅਸਰ ਦਿਖਾਉਂਦਾ ਹੈ।

ਜਿਵੇਂ ਇਕ ਕਥਾ ਹੈ ਕਿ ਇਕ ਰਾਜਾ ਅਮਨ ਨਾਲ ਰਾਜ ਕਰ ਰਿਹਾ ਸੀ। ਉਸ ਉਪਰ ਗੁਆਂਢੀ ਰਾਜੇ ਨੇ ਆਕਰਮਣ (ਹਮਲਾ) ਕਰ ਦਿਤਾ। ਬਹੁਤ ਘੋਰ ਜੁੱਧ ਹੋਇਆ, ਲਗਾਤਾਰ ਚਾਰ ਦਿਨ, ਚਾਰ ਰਾਤਾਂ ਉਹ ਰਾਜਾ ਲੜਦਾ ਰਿਹਾ। ਅੰਤ ਉਸ ਨੇ ਹਮਲਾ ਕਰਨ ਵਾਲੇ ਰਾਜੇ ਨੂੰ ਹਰਾ ਦਿਤਾ। ਆਪਣੀ ਰਾਜਧਾਨੀ ਵਿਚ ਵਾਪਸ ਆ ਕੇ ਆਪਣੇ ਵੱਡੇ ਵਜ਼ੀਰ ਨੂੰ ਕਿਹਾ ਕਿ ਮੈਂ ਹੁਣ ਥੱਕ ਕੇ ਚੂਰ-ਚੂਰ ਹੋ ਚੁੱਕਿਆ ਹਾਂ, ਮੈਨੂੰ ਕਿਸੇ ਨੇ ਵੀ ਸੁੱਤੇ ਨੂੰ ਜਗਾਉਣਾ ਨਹੀਂ; ਜੇ ਕੋਈ ਇਸ ਹੁਕਮ ਦੀ ਅਵੱਗਿਆ ਕਰੇਗਾ ਤਾਂ ਮੈਂ ਉਸਨੂੰ ਮੌਤ ਦੰਡ ਦੇਵਾਂਗਾ। ਰਾਜਾ ਆਪਣੇ ਅੰਤਹਕਰਣ ਸੌਣ-ਕਮਰੇ (bed-room) ਵਿਚ ਜਾ ਕੇ ਸੌਂ ਗਿਆ। ਉਸ ਦਾ ਸਹਿਜ਼ਾਦਾ ਬੁਰੀ ਤਰ੍ਹਾਂ ਨਾਲ ਜ਼ਖਮੀ ਹੋਇਆ ਹੋਇਆ ਸੀ। ਰਾਜੇ ਦੇ ਥੋੜ੍ਹਾ ਚਿਰ ਸੌਣ ਪਿਛੋਂ ਸਹਿਜ਼ਾਦਾ ਚੜ੍ਹਾਈ ਕਰ ਗਿਆ। ਬਾਕੀ ਅਹਿਲਕਾਰਾਂ ਨੇ ਵਜ਼ੀਰ ਨੂੰ ਕਿਹਾ ਕਿ ਮਹਾਰਾਜ ਜੀ ਨੂੰ ਦੱਸ ਦੇਵੋ ਪਰ ਉਸ ਦਾ ਡਾਹਢਾ ਕਰੜਾ ਹੁਕਮ ਹੋਣ ਕਰਕੇ ਕਿਸੇ ਦਾ ਵੀ ਹੌਂਸਲਾ ਨਾ ਪਿਆ ਕਿ ਰਾਜੇ ਨੂੰ ਜਗਾ ਦੇਵੇ। ਅਖੀਰ ਫੈਸਲਾ ਕਰਕੇ ਮਿਰਤਕ ਦੇਹ ਨੂੰ ਸੰਭਾਲ ਕੇ ਰੱਖ ਦਿਤਾ ਕਿ ਕਲ੍ਹ ਨੂੰ ਰਾਜਾ ਜਦੋਂ ਜਾਗੇਗਾ ਤਾਂ ਇਸ ਦਾ ਸਸਕਾਰ ਕਰ ਦੇਵਾਂਗੇ। ਰਾਜਾ ਦੂਜੇ ਦਿਨ ਵੀ ਨਾ ਜਾਗਿਆ, ਤੀਜੇ ਦਿਨ ਵੀ ਨਾ ਜਾਗਿਆ। ਚੌਥੇ ਦਿਨ ਵਜ਼ੀਰ ਨੇ ਆਪ ਜਾ ਕੇ ਰਾਜੇ ਨੂੰ ਜਗਾਇਆ, ਇਸ ਗੱਲ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਕਿ ਇਹ ਮੈਨੂੰ ਮੌਤ ਦੰਡ ਦੇਵੇਗਾ। ਜਦੋਂ ਰਾਜੇ ਨੂੰ ਬਹੁਤ ਗੂੜ੍ਹੀ ਨੀਂਦ ਵਿਚੋਂ ਜਗਾਇਆ ਤਾਂ ਉਚੀ-ਉਚੀ ਹਾਕਾਂ ਮਾਰਨ ਲੱਗ ਗਿਆ ਕਿਉਂਕਿ ਇਸ ਲੰਮੇ ਸੁਪਨੇ ਵਿਚ ਉਸਦੇ ਚਾਰ ਪੁੱਤਰ ਹੋ ਚੁੱਕੇ ਸਨ ਜਿਹੜੇ ਕਾਫੀ ਵੱਡੇ-ਵੱਡੇ ਹੋ ਚੁੱਕੇ ਸਨ। ਉਨ੍ਹਾਂ ਵਿਚੋਂ ਦੋ ਰਾਜੇ ਦੇ ਸਾਮ੍ਹਣੇ ਖੇਲ੍ਹ ਰਹੇ ਸਨ ਤੇ ਛੋਟੇ ਗੋਦੀ 'ਚ ਬੈਠੇ ਲਾਡ ਲਡਾਉਂਦੇ ਪਿਆਰ ਕਰ ਰਹੇ ਸਨ। ਜਾਗਣ ਉਪਰੰਤ ਉਸਨੂੰ ਕੋਈ ਨਾ ਦਿਸਿਆ ਅਤੇ ਉਨ੍ਹਾਂ ਦੇ ਪਿਆਰ ਵਿਚ ਰੋਣ ਲਗ ਗਿਆ। ਵਜ਼ੀਰ ਸਮਝ ਗਿਆ ਕਿ ਰਾਜੇ ਨੂੰ, ਅਜੇ ਤੱਕ ਸੁਪਨੇ ਦੇ ਮੰਡਲ ਨੂੰ ਛੱਡ ਕੇ ਜਾਗ੍ਰਤ ਦੇ ਮੰਡਲ ਵਿਚ ਹੋਸ਼ ਨਹੀਂ ਪਰਤੀ। ਉਸ ਵੇਲੇ ਉਸ ਨੇ ਹੱਥ ਬੰਨ੍ਹ ਕੇ ਕਿਹਾ ਕਿ ਮਹਾਰਾਜ! ਤੁਸੀਂ ਸੁੱਤੇ ਹੋਏ ਸੀ, ਅਸੀਂ ਆਪ ਜੀ ਨੂੰ ਇਸ ਵਾਸਤੇ ਜਗਾਇਆ ਹੈ ਕਿ ਆਪ ਜੀ ਦਾ ਸ਼ਹਿਜ਼ਾਦਾ (ਰਾਜ ਪੁੱਤਰ) ਪਰਲੋਕ ਗਮਨ ਕਰ ਗਿਆ ਹੈ। ਕਹਿਣ ਲੱਗਿਆ, "ਵਜ਼ੀਰ ਸਾਹਿਬ! ਤੁਸੀਂ ਬਹੁਤ ਬੁਰਾ ਕੀਤਾ। ਮੈਂ ਆਪਣੇ ਬਹੁਤ ਹੀ ਪਿਆਰੇ ਚਾਰ ਬੱਚਿਆਂ ਨਾਲ ਪਿਆਰ ਦੇ ਮਾਹੌਲ ਵਿਚ ਰੋਮ-ਰੋਮ ਤੋਂ ਰਚਿਆ ਬੈਠਾ, ਉਨ੍ਹਾਂ ਨੂੰ ਖੇਲ੍ਹਦਿਆਂ ਤੇ ਪਿਆਰ ਕਰਗਿਆਂ ਦੇਖ ਰਿਹਾ ਸੀ। ਤੁਸੀਂ ਹੁਣ ਮੇਰੇ ਇਕ ਪੁੱਤਰ ਦੀ ਗੱਲ ਕਰਦੇ ਹੋ, ਮੈਂ ਉਨ੍ਹਾਂ ਚਾਰ ਸ਼ਹਿਜ਼ਾਦਿਆਂ ਦੀ ਬਾਤ ਕਰ ਰਿਹਾ ਹਾਂ, ਉਨ੍ਹਾਂ ਪਦਮਨੀ ਰਾਣੀਆਂ ਦੀ ਗੱਲ ਕਰ ਰਿਹਾ ਹਾਂ ਜੋ ਅੱਧੀ ਘੜੀ ਪਹਿਲਾਂ ਮੇਰਾ ਬਹੁਤ ਪਿਆਰਾ ਪਰਿਵਾਰ ਸੀ ਅਤੇ ਮੈਂ ਸਾਰੀ ਧਰਤੀ ਦਾ ਬਾਦਸ਼ਾਹ ਸਾਂ। ਮੇਰੇ ਅਧੀਨ ਸਾਰੀ ਸ੍ਰਿਸ਼ਟੀ ਦੇ ਰਾਜੇ ਸਨ ਅਤੇ ਸਾਰੀ ਦੁਨੀਆਂ ਮੇਰੀ ਜੈ-ਜੈਕਾਰ ਕਰਦੀ ਸੀ।" ਵਜ਼ੀਰ ਕਹਿਣ ਲੱਗਿਆ ਕਿ ਮਹਾਰਾਜ! ਆਪ ਦਰੁੱਸਤ ਫੁਰਮਾ ਰਹੇ ਹੋ ਪਰ ਇਹ ਤਾਂ ਸੁਪਨਾ ਸੀ। ਤਾਂ ਰਾਜਾ ਕਹਿਣ ਲੱਗਿਆ ਕਿ ਵਜ਼ੀਰ ਸਾਹਿਬ! ਇਸ ਸੰਸਾਰ ਨੂੰ ਹੁਣ ਤੁਸੀਂ ਕੀ ਸਮਝ ਰਹੇ ਹੋਂ, ਕੀ ਇਹ ਵੀ ਸੁਪਨਾ ਨਹੀਂ ਹੈ? ਉਹ ਵੀ ਸੁਪਨਾ ਸੀ ਤੇ ਇਹ ਵੀ ਸੁਪਨਾ ਹੈ। ਉਸ ਵੇਲੇ ਮੈਨੂੰ ਇਸ ਦੁਨੀਆਂ ਦਾ ਚਿਤ ਚੇਤਾ ਵੀ ਨਹੀਂ ਸੀ। ਸੁਪਨੇ ਦੀ ਦੁਨੀਆਂ ਮੈਨੂੰ ਉਸ ਸਮੇਂ ਪ੍ਰਤੱਖ ਭਾਸ ਰਹੀ ਸੀ। ਮੈਂ ਤੈਨੂੰ ਕੀ ਦੱਸਾਂ ਕਿ ਸੁਪਨ ਸੰਸਾਰ ਦਾ ਅਸਰ ਮੇਰੇ ਮਨ ਉਪਰ ਕਿੰਨਾ ਪਿਆ ਹੋਇਆ ਹੈ ਕਿ ਮੈਂ ਅਜੇ ਵੀ ਮੋਹ ਵਸ ਹੋ ਰੋ ਰਿਹਾ ਹਾਂ। ਵਜ਼ੀਰ ਸਾਹਿਬ! ਇਹ ਦੁਨੀਆਂ ਵੀ ਸੱਚੀ ਨਹੀਂ ਹੈ, ਇਹ ਵੀ ਇਕ ਲੰਮਾ ਸੁਪਨਾ ਹੈ। ਗੁਰੂ ਮਹਾਰਾਜ ਜੀ ਇਸ ਬਾਰੇ ਫੁਰਮਾਨ ਕਰ ਰਹੇ ਹਨ ਕਿ -

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥ ਪੰਨਾ - 808

ਅਤੇ ਸਾਨੂੰ ਖਬਰਦਾਰ ਕਰਦੇ ਹੋਏ ਫੁਰਮਾਉਂਦੇ ਹਨ ਕਿ -

ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥
ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥
ਆਰਜਾ ਗਈ ਵਿਹਾਇ ਧੰਧੈ ਧਾਇਆ॥
ਪੂਰਨ ਭਏ ਨ ਕਾਮ ਮੋਹਿਆ ਮਾਇਆ॥
ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ॥
ਪੰਨਾ - 707

ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਸੰਤ ਜੀ! ਵਾਹਿਗੁਰੂ ਦੀ ਮਾਇਆ ਅਨਰਬਚਨੀ ਹੈ, ਇਸ ਬਾਰੇ ਕੁਝ ਭੀ ਆਖਿਆ ਨਹੀਂ ਜਾ ਸਕਦਾ। ਇਸ ਜੀਵ ਦੀ ਸੁਰਤ ਦੀਆਂ ਚਾਰ ਅਵਸਥਾਵਾਂ ਹਨ - ਇਕ ਨੂੰ ਜਾਗ੍ਰਤ ਆਖਿਆ ਜਾਂਦਾ ਹੈ, ਜਦੋਂ ਉਹ ਇਸ ਦੁਨੀਆਂ ਵਿਚ ਜਾਗ ਕੇ ਕਰਮ ਕਰਦਾ ਹੈ, ਮਮਤਾ ਤੇ ਹੰਗਤਾ ਵਿਚ ਫਸਦਾ ਹੈ ਅਤੇ ਕਰਮਾਂ ਦਾ ਫਲ ਭੋਗਣ ਲਈ 84 ਦੇ ਚੱਕਰ ਵਿਚ ਪਿਆ ਘੁਮੇਟਣੀਆਂ ਖਾਂਦਾ ਹੈ। ਦੂਸਰੀ ਅਵਸਥਾ - ਹਰ ਰੋਜ਼ ਹੀ ਇਹ ਦੇਖਦਾ ਹੈ ਜਿਸ ਨੂੰ ਸੁਪਨ ਅਵਸਥਾ ਆਖਿਆ ਜਾਂਦਾ ਹੈ। ਇਹ ਸੁਪਨੇ ਵਿਚ ਅਨੇਕ ਕਲੋਲਾਂ ਕਰਦਾ ਹੈ ਉਸ ਵੇਲੇ ਉਹ ਪੂਰੀ ਤਰ੍ਹਾਂ ਨਾਲ ਸਤਿ ਪ੍ਰਤੀਤ ਦਿੰਦੀਆਂ ਹਨ ਪਰ ਜਾਗਣ ਉਪਰੰਤ ਉਹ ਸਭ ਕੁਝ ਸੁਪਨਾ ਬਣ ਜਾਂਦਾ ਹੈ। ਤੀਸਰੀ ਅਵਸਥਾ ਇਸਦੀ ਘੂਕ ਨੀਂਦ ਦੀ ਹੋਇਆ ਕਰਦੀ ਹੈ ਜਿਸਨੂੰ ਸਖੋਪਤ ਅਵਸਥਾ ਆਖਦੇ ਹਨ। ਉਸ ਵੇਲੇ ਉਸ ਨੀਂਦ ਨੂੰ ਵਾਚਣ ਵਾਲਾ ਆਤਮ ਤੱਤ ਹੋਇਆ ਕਰਦਾ ਹੈ ਜਿਸਦੇ ਆਸਰੇ ਇਸ ਦੀ ਸਿਮ੍ਰਿਤੀ ਵਿਚ ਉਸ ਘੂਕ ਨੀਂਦ ਦਾ ਅਨੰਦ ਹੁੰਦਾ ਹੈ ਅਤੇ ਇਹ ਆਖਦਾ ਹੈ ਕਿ ਅੱਜ ਮੈਂ ਬਹੁਤ ਹੀ ਘੂਕ ਨੀਂਦ ਵਿਚ ਸੁੱਤਾ ਹਾਂ। ਇਸ ਅਵਸਥਾ ਦਾ ਜੋ ਸਾਖਸ਼ੀ ਹੈ, ਉਹ ਇਸ ਦਾ ਆਪਣਾ ਆਪ ਹੈ ਜਿਸ ਨੂੰ ਆਤਮਾ ਆਖਦੇ ਹਨ ਜੋ ਤਿੰਨਾਂ ਗੁਣਾਂ ਤੋਂ ਅਲੇਪ ਹੈ, ਉਹ ਅਸਲੀ ਤੁਰੀਆ ਅਵਸਥਾ ਹੈ। ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਸੰਤ ਜੀ! ਜਿਸ ਪ੍ਰਮੇਸ਼ਰ ਦੇ ਆਸਰੇ ਇਹ ਸੰਸਾਰ ਖੜ੍ਹਾ ਹੈ, ਉਸ ਨੂੰ ਨਾਮ ਰੂਪ ਤੋਂ ਪਰ੍ਹੇ ਤਕ ਕੇ ਭਜਨ ਬੰਦਗੀ ਕਰੋ ਅਤੇ ਆਤਮ ਚਿੰਤਨ ਕਰਕੇ ਜਦੋਂ ਭਰਮ ਨਸ਼ਟ ਹੋ ਜਾਏਗਾ ਤਾਂ ਸਤਿ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਜਦੋਂ ਭਰਮ ਮਿਟ ਗਿਆ ਅਤੇ ਝੂਠੀ 'ਮੈਂ' ਗਿਆਨ ਦੇ ਪ੍ਰਕਾਸ਼ ਵਿਚ ਖਤਮ ਹੋ ਗਈ ਤਾਂ ਇਹ ਸਾਰਾ ਸੰਸਾਰ ਬ੍ਰਹਮ ਦੇ ਰੂਪ ਵਿਚ ਹੀ ਜੋ ਕਿ ਬਿਲਕੁਲ ਅਸਲੀਅਤ ਹੈ, ਦਿਸੇਗਾ।

ਸੋ ਇਸ ਕਰਕੇ ਇਸ ਅਨੇਕ ਕਿਸਮ ਦੇ ਸੰਸਾਰ ਨੂੰ ਅੱਡ-ਅੱਡ ਕਰਕੇ ਨਾ ਦੇਖੋ, ਇਸ ਨੂੰ ਬ੍ਰਹਮ ਰੂਪ ਕਰਕੇ ਜਾਣੋ। ਤੁਹਾਡੀ ਵੀ ਕੋਈ ਵੱਖਰੀ ਹਸਤੀ ਨਹੀਂ ਹੈ, ਇਹ ਸਾਰਾ ਆਤਮ ਪਸਾਰਾ ਹੈ। ਗੁਰੂ ਦੀ ਕ੍ਰਿਪਾ ਨਾਲ ਅਤੇ ਆਤਮ ਚਿੰਤਨ ਦੇ ਸਾਧਨ ਨਾਲ ਜੋ ਪੰਜਾਂ ਭਰਮਾਂ ਦੀਆਂ ਵਲਗਣਾਂ ਵਿਚੋਂ ਨਿਕਲ ਗਿਆ, ਸਤਿ ਚਿਤ ਅਨੰਦ, ਤ੍ਰੈ ਗੁਣ, ਅਬਾਧ ਪ੍ਰਮੇਸ਼ਰ ਹੀ ਹੋਇਆ ਕਰਦਾ ਹੈ। ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਜੀ ਨੇ ਤਾਂ ਫੁਰਮਾਨ ਕੀਤਾ ਹੈ -

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ॥ ਪੰਨਾ - 922

ਇਹ ਸਾਰੇ ਬਚਨ ਸੁਣ ਕੇ ਸੰਤ ਮਜਨੂੰ ਦੀ ਨਿਸ਼ਾ ਹੋ ਗਈ ਅਤੇ ਪੰਜੇ ਭਰਮਾਂ ਦਾ ਨਾਸ਼ ਹੋ ਗਿਆ। ਗੁਰੂ ਮਹਾਰਾਜ ਜੀ ਨੇ ਮਹਾਂਵਾਕਾਂ ਰਾਹੀਂ ਬ੍ਰਹਮਗਿਆਨ ਦੀ ਦਾਤ ਬਖਸ਼ੀ। ਇਸ ਤਰ੍ਹਾਂ ਉਸਨੇ ਆਪਣਾ ਆਪਾ ਮਿਟਾ ਕੇ ਜੀਵਨ ਮੁਕਤੀ ਦਾ ਅਨੰਦ ਪ੍ਰਾਪਤ ਕੀਤਾ। ਸੋ ਇਸ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਨੇ ਅਨੇਕ ਜਗਿਆਸੂਆਂ ਨੂੰ ਭਰਮ ਦੇ ਜਵਾਰਭਾਟੇ ਵਿਚੋਂ ਕੱਢ ਕੇ, ਆਤਮ ਮੰਡਲ ਵਿਚ ਪ੍ਰਵੇਸ਼ ਕਰਾ ਕੇ, ਉਨਮਨੀ ਅਵਸਥਾ ਦਾ ਅਨੁਭਵ ਕਰਾ ਕੇ ਪ੍ਰਤੱਖ ਰੂਪ ਵਿਚ ਅਨੁਭਵ ਕਰਾ ਦਿਤਾ -

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਪੰਨਾ - 846

ਗੁਰੂ ਮਹਾਰਾਜ ਜੀ ਦੇ ਜੀਵਨ ਵਿਚ ਅਨੇਕਾਂ ਹੀ ਕੌਤਕ ਹੋਏ ਜਿਨ੍ਹਾਂ ਨੂੰ ਜੇ ਅਸੀਂ ਵਿਚਾਰੀਏ ਤਾਂ ਇਕ ਵਖਰੇ ਹੀ ਤਰ੍ਹਾਂ ਦਾ ਅਨੁਭਵ ਪ੍ਰਕਾਸ਼ ਹੁੰਦਾ ਹੈ। ਆਪ ਦਾ ਕਿਸੇ ਨਾਲ ਵੀ ਵੈਰ ਨਹੀਂ ਸੀ। ਚੰਦੂ ਦਾ ਪਰਿਵਾਰ ਫੜਿਆ ਗਿਆ, ਆਪ ਜੀ ਨੇ ਇਹ ਕਹਿ ਕੇ ਛੱਡ ਦਿਤਾ ਕਿ ਇਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਚੰਦੂ ਨੇ ਜਾਂ ਜਿਸ-ਜਿਸ ਨੇ ਵੀ ਗੁਰੂ ਪਿਤਾ ਜੀ ਨੂੰ ਸ਼ਹੀਦ ਕਰਨ ਦਾ ਕਰਮ ਕੀਤਾ ਹੈ, ਉਨ੍ਹਾਂ ਦਾ ਕਰਮ ਹੀ ਉਨ੍ਹਾਂ ਨੂੰ ਫਲ ਭੁਗਤਾਵੇਗਾ। ਆਪ ਦੇ ਪ੍ਰੇਮ ਕੌਤਕਾਂ ਦੀਆਂ ਅਨੇਕਾਂ ਸਾਖੀਆਂ ਹਨ, ਆਪ ਦੇ ਜੁੱਧਾਂ ਜੰਗਾਂ ਦੇ ਅਨੇਕਾਂ ਦ੍ਰਿਸ਼ ਹਨ। ਆਪ ਜੀ ਨੂੰ ਸਭ ਹੀ ਪਿਆਰ ਕਰਦੇ ਸਨ। ਆਪ ਜੀ ਦੀ ਕਿਸੇ ਕੌਮ ਨਾਲ, ਕਿਸੇ ਵਰਗ ਨਾਲ ਕੋਈ ਭੀ ਦ੍ਵੈਸ਼ ਨਹੀਂ ਸੀ। **ਕਰਤਾਰਪੁਰ ਵਿਚ ਮੁਸਲਮਾਨਾਂ ਨੂੰ ਨਮਾਜ਼ ਪੜ੍ਹਨ ਲਈ ਆਪ ਜੀ ਨੇ ਮਸਜਿਦ ਬਣਾ ਕੇ ਦਿਤੀ। ਬਹੁਤ ਵੱਡੇ-ਵੱਡੇ ਯੋਧੇ, ਰਾਠ, ਰਾਜਪੂਤ, ਰਾਜੇ-ਰਾਣੇ ਅਤੇ ਮੁਗਲ ਹਾਕਮ ਆਪ ਜੀ ਉਪਰ ਬਹੁਤ ਯਕੀਦਤ ਰਖਦੇ ਸਨ ਅਤੇ ਅਨੇਕਾਂ ਨੇ ਆਪ ਜੀ ਤੋਂ ਆਤਮ ਮਾਰਗ ਦੀ ਸੋਝੀ ਪ੍ਰਾਪਤ ਕੀਤੀ। ਇਸਲਾਮ ਦੇ ਪ੍ਰਮੁਖ ਦਰਵੇਸ਼ਾਂ ਵਿਚੋਂ ਜਿਵੇਂ ਕਿ ਮੀਆਂਮੀਰ, ਸਿਕੰਦਰ, ਅਉਲੀਆ ਆਦਿ ਆਪ ਜੀ ਨੂੰ ਅੱਲਾਹ ਦਾ ਰੂਪ ਜਾਣਦੇ ਸਨ।**

ਇਕ ਵਾਰੀ ਜਦੋਂ ਜਹਾਂਗੀਰ ਨੇ ਪੀਰ ਮੀਆਂਮੀਰ ਤੋਂ ਵਲੀ ਅੱਲਾਹ (ਸੰਤ, ਮਹਾਤਮਾ) ਦੇ ਲੱਛਣ ਪੁੱਛੇ ਤਾਂ ਪੀਰ ਜੀ ਨੇ ਦੱਸਿਆ ਕਿ ਜੋ ਸਾਰੇ ਵਿਕਾਰਾਂ ਤੋਂ ਰਹਿਤ ਹੋਵੇ ਜਿਸ ਨੇ ਆਪਣੀ ਤ੍ਰਿਸ਼ਨਾ ਮਿਟਾ ਕੇ ਨਿਰਇੱਛਤ ਹੋ ਕੇ ਇਕ ਪ੍ਰਮਾਤਮਾ ਵਿਚ ਲਿਵ ਲਾਈ ਹੋਵੇ ਅਤੇ ਜਿਸ ਦੇ ਮਨ ਵਿਚ ਕੋਈ ਵੀ, ਕਿਸੇ ਤਰ੍ਹਾਂ ਦਾ ਫੁਰਨਾ ਨਾ ਉਠੇ, ਸਦੀਵ ਆਤਮ ਅਨੰਦ ਵਿਚ ਲੀਨ ਰਹੇ; ਉਹ ਪੂਰਨ ਬ੍ਰਹਮਗਿਆਨੀ, ਮਹਾਂਪੁਰਸ਼, ਵਲੀ ਅੱਲਾਹ, ਖੁਦਾ ਦਾ ਰੂਪ ਹੋਇਆ ਕਰਦਾ ਹੈ। ਜਦੋਂ ਜਹਾਂਗੀਰ ਨੇ ਕਿਹਾ ਕਿ ਕੀ ਕੋਈ ਅਜਿਹਾ ਵਲੀ ਅੱਲਾਹ ਅੱਜ ਵੀ ਸੰਸਾਰ ਵਿਚ ਹੈ? ਤਾਂ ਪੀਰ ਨੇ ਕਿਹਾ ਕਿ ਹਾਂ, ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਨੂੰ ਲਾਹੌਰ ਵਿਚ ਚੰਦੂ ਨੇ ਆਪਣੇ ਘਰ ਵਿਚ ਕੈਦ ਕਰਕੇ ਅਨੇਕਾਂ ਤਸੀਹੇ ਦਿਤੇ। ਜਦੋਂ ਮੈਂ ਉਨ੍ਹਾਂ ਬਾਰੇ ਸੁਣਿਆਂ ਤਾਂ ਮੈਂ ਦਰਸ਼ਨ ਕਰਨ ਗਿਆ, ਮੈਂ ਹੈਰਾਨ ਰਹਿ ਗਿਆ ਕਿ ਆਪ ਜੀ ਲਾਲ ਸੁਰਖ ਹੋਈ ਤੱਤੀ ਲੋਹ ਉਪਰ ਇਉਂ ਆਸਣ ਲਾਈਂ ਬੈਠੇ ਸਨ ਜਿਵੇਂ ਆਪ ਜੀ ਦੇ ਹੇਠਾਂ ਨਰਮ ਗਦੈਲਿਆਂ ਦਾ ਆਸਣ ਹੋਵੇ। ਸਰੀਰ ਸੜ ਰਿਹਾ ਸੀ ਪਰ ਚਿਹਰੇ ਤੇ ਨੂਰ ਲਿਸ਼ਕਾਰੇ ਮਾਰ ਰਿਹਾ ਸੀ। ਸੀਸ ਵਿਚ ਅੱਗ ਤੋਂ ਵੀ ਗਰਮ ਰੇਤਾ ਪਾਇਆ ਜਾ ਰਿਹਾ ਸੀ। ਉਸ ਵੇਲੇ ਵੀ ਆਪ ਪੂਰਨ ਸਤਿ ਚਿਤ ਅਨੰਦ ਅਵਸਥਾ ਦਾ ਅਨੰਦ ਮਾਣਦੇ ਹੋਏ, ਪੂਰਨ ਰੂਪ ਵਿਚ ਨਿਰਵੈਰ, ਸ਼ਾਂਤ ਚਿਤ ਸਨ।

ਜੇ ਉਨ੍ਹਾਂ ਦੇ ਮਨ ਵਿਚ ਇਕ ਵੀ ਫੁਰਨਾ ਆ ਜਾਂਦਾ ਤਾਂ ਉਨ੍ਹਾਂ ਵਿਚ ਸਾਰੀ ਦੁਨੀਆਂ ਨੂੰ ਗਰਕ ਕਰ ਦੇਣ ਦੀ ਸਮਰਥਾ ਸੀ। ਉਹ ਪੂਰਨ ਰੂਪ ਵਿਚ ਸਾਬਰ ਸਨ, ਉਹ ਸ਼ਹੀਦ ਕਰ ਦਿਤੇ ਗਏ। ਹੁਣ ਉਨ੍ਹਾਂ ਦੇ ਸਪੁੱਤਰ ਜੋ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਪਰ ਛੇਵੇਂ ਗੁਰੂ ਹੋ ਕੇ ਪ੍ਰਗਟੇ ਹਨ, ਉਹ ਭੀ ਅੱਲਾਹ ਦਾ ਹੀ ਰੂਪ ਹਨ। ਇਹ ਗੱਲ ਸੁਣ ਕੇ ਜਹਾਂਗੀਰ ਦੇ ਮਨ ਵਿਚ ਸ਼ੰਕਾ ਆਇਆ ਕਿ ਪੀਰ ਜੀ! ਇਸਲਾਮ ਵਿਚ ਹਿੰਦੂ ਦੀ ਮਹਿਮਾ ਕਰਨੀ ਵਰਜਿਤ ਹੈ ਅਤੇ ਦੋਸ਼ ਗਿਣਿਆਂ ਜਾਂਦਾ ਹੈ। ਤੁਸੀਂ ਐਨੀ ਮਹਿਮਾ ਕਿਉਂ ਕਰ ਰਹੇ ਹੋ? ਤਾਂ ਪੀਰ ਜੀ ਨੇ ਕਿਹਾ ਕਿ ਗੁਰੂ ਦੀ ਮਹਿਮਾ ਦਾ ਕਾਰਨ ਇਹ ਹੈ ਕਿ ਜਿਤਨੇ ਵੀ ਪੀਰ, ਫਕੀਰ, ਸੰਤ, ਮਹਾਂਪੁਰਸ਼ ਆਪਣੇ ਮਰਾਕਬੇ (ਸਮਾਧੀ) ਵਿਚੋਂ ਮੰਜ਼ਿਲ-ਦਰ-ਮੰਜ਼ਿਲ ਚੜ੍ਹਾਈ ਕਰਕੇ ਅੱਲਾਹ ਦੇ ਦਰ ਤੇ ਪੁੱਜਦੇ ਹਨ ਤਾਂ ਕੀ ਦੇਖਦੇ ਹਨ ਕਿ ਸਾਰਿਆਂ ਦੀ ਗੱਲ ਗੁਰੂ ਨਾਨਕ ਪਾਸ ਹੀ ਹੁੰਦੀ ਹੈ। ਇਹ ਫਿਨਾਹੇ ਅੱਲਾਹ ਦੇ ਨਿਰਗੁਣ ਅਵਸਥਾ ਮੰਡਲ ਵਿਚੋਂ ਗੁਰੂ ਨਾਨਕ ਨੂੰ ਨਿਕਲਦਿਆਂ ਵੇਖਦੇ ਹਨ ਅਤੇ ਉਨ੍ਹਾਂ ਦਾ ਇਹੋ ਸਰੂਪ ਨਜ਼ਰ ਆਉਂਦਾ ਹੈ ਜੋ ਗੁਰੂ ਹਰਿਗੋਬਿੰਦ ਮਹਾਰਾਜ ਜੀ ਦੇ ਰੂਪ ਵਿਚ ਤੁਸੀਂ ਗਵਾਲੀਅਰ ਦੇ ਕਿਲੇ ਵਿਚ ਕੈਦ ਕੀਤਾ ਹੋਇਆ ਹੈ। ਜਹਾਂਗੀਰ! ਤੂੰ ਇਸ ਗੱਲ ਉਪਰ ਯਕੀਨ ਲਿਆ ਕਿ ਗੁਰੂ ਹਰਿਗੋਬਿੰਦ ਅੱਲਾਹ ਦਾ ਖਾਸ ਰੂਪ ਹੈ, ਓਹੀ ਸਰੂਪ ਸਭ ਨੂੰ ਮਰਾਕਬੇ ਵਿਚ ਦਿਖਾਈ ਦਿੰਦਾ ਹੈ। ਜਹਾਂਗੀਰ ਨੇ ਕਿਹਾ ਕਿ ਇਹ ਗੱਲ ਮੈਨੂੰ ਤੁਸੀਂ ਪਹਿਲਾਂ ਕਿਉਂ ਨਾ ਦੱਸੀ? ਮੈਂ ਉਨ੍ਹਾਂ ਦਾ ਸਤਿਕਾਰ ਕਰਕੇ ਬੰਦ ਖਲਾਸੀ ਕਰਕੇ ਅਸੀਸਾਂ ਲੈਂਦਾ। ਪੀਰ ਜੀ ਨੇ ਕਿਹਾ ਕਿ ਗੁਰੂ ਅਰਜਨ ਪਾਤਸ਼ਾਹ ਅੱਲਾਹ ਦੀ ਰਜ਼ਾ ਵਿਚ ਪੂਰੀ ਤਰ੍ਹਾਂ ਨਾਲ ਇਕ ਸੁਰ ਹੋਏ ਹੋਏ ਨਹੀਂ ਚਾਹੁੰਦੇ ਸਨ ਕਿ ਕੋਈ ਇਸ ਭਾਣੇ ਦੀ ਕ੍ਰਿਆ ਵਿਚ ਦਖਲ ਦੇਵੇ। ਜਹਾਂਗੀਰ ਇਹ ਗੱਲ ਸੁਣ ਕੇ ਬਹੁਤ ਪਛਤਾਇਆ। ਇਸ ਬਚਨ ਤੋਂ ਮੁਤਾਸਰ ਹੋ ਕੇ ਉਸ ਨੇ ਗੁਰੂ ਮਹਾਰਾਜ ਜੀ ਨੂੰ ਕਿਲੇ ਵਿਚੋਂ ਇਕੱਲਿਆਂ ਹੀ

ਰਿਹਾਅ ਨਹੀਂ ਕੀਤਾ ਸਗਮਾਂ ਲੰਮੇ ਸਮੇਂ ਤੋਂ ਕੈਦ ਵਿਚ, ਜੀਵਨ ਮੌਤ ਦੇ ਘੋਲ ਵਿਚ ਪਏ ਹੋਏ ੫੨ ਰਾਜੇ ਵੀ ਗੁਰੂ ਮਹਾਰਾਜ ਦੀ ਇੱਛਿਆ ਅਨੁਸਾਰ ਬੰਦ ਖਲਾਸ ਕਰਨੇ ਪਏ।

ਸੋ ਇਸ ਤਰ੍ਹਾਂ ਨਾਲ ਗੁਰੂ ਮਹਾਰਾਜ ਦੀ ਮਹਿਮਾ ਬੇਅੰਤ ਹੈ। ਜੋ ਵੀ ਗੁਰੂ ਮਹਾਰਾਜ ਜੀ ਨੂੰ ਯਾਦ ਕਰਦਾ ਸੀ, ਆਪ ਉਸੇ ਸਮੇਂ ਉਥੇ ਪੁੱਜ ਕੇ ਉਸਦੀ ਭਾਵਨਾ ਪੂਰੀ ਕਰ ਦਿਆ ਕਰਦੇ ਸਨ ਜਿਵੇਂ ਕਿ ਭਾਈ ਰੂਪੇ ਤੇ ਭਾਈ ਸੰਧੂ ਦਾ ਅਤਿ ਠੰਢਾ ਜਲ ਪੀਣ ਲਈ 40 ਕੋਹ ਦਾ ਪੈਂਡਾ, ਛਿਨ ਵਿਚ ਕਰਕੇ ਉਨ੍ਹਾਂ ਪਿਆਸਿਆਂ ਨੂੰ ਬਚਾਉਣ ਲਈ ਆਪ ਵੀ ਪਾਣੀ ਪੀਤਾ ਅਤੇ ਉਨ੍ਹਾਂ ਨੂੰ ਜਲ ਪਿਲਾ ਕੇ ਅਨੇਕਾਂ ਵਰ ਦਿਤੇ।

ਮਾਈ ਭਾਗਭਰੀ ਨੂੰ ਦਰਸ਼ਨ ਦੇਣ ਲਈ ਆਪ ਕਸ਼ਮੀਰ ਵਿਚ ਪੁਜਦੇ ਹਨ ਅਤੇ ਮਾਤਾ ਦੇ ਪਰਲੋਕ ਗਮਨ ਸਮੇਂ ਆਪਣੀ ਕ੍ਰਿਪਾ ਕਰਕੇ ਉਸ ਨੂੰ ਬ੍ਰਹਮ ਵਿਚ ਲੀਨ ਕਰਾ ਦਿਤਾ।

ਸੋ ਸਾਰੇ ਨਾਮ ਰਸੀਆਂ ਨੂੰ ਬੇਨਤੀ ਹੈ ਕਿ ਉਹ ਗੁਰੂ ਉਪਰ ਪੂਰੀ ਪ੍ਰਤੀਤ ਲਿਆਉਣ ਜੋ ਅੱਜ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਪ੍ਰਗਟ ਹੋ ਕੇ ਦਰਸ਼ਨ ਦੇ ਰਹੇ ਹਨ। ਉਨ੍ਹਾਂ ਦੇ ਬਚਨ ਗੁਰਬਾਣੀ ਹੈ, ਗੁਰਬਾਣੀ ਨਾਲ ਪ੍ਰੀਤ ਕਰਨੀ ਆਵਸ਼ਕ ਹੈ ਅਤੇ ਇਸ ਬਾਣੀ ਨੂੰ ਆਪਣੇ ਜੀਵਨ ਵਿਚ ਕਮਾਉਣਾ ਹੀ ਅਸਾਡਾ ਪ੍ਰਮ ਮਨੋਰਥ ਹੈ। ਰਾਜਨੀਤੀ ਵਿਚ ਪਏ ਹੋਏ ਵੀਰ ਰਾਜਨੀਤੀ ਦੀਆਂ ਦਲਦਲਾਂ ਦੇ ਵਿਚ ਗਰਕ ਨਾ ਹੋਣ। ਉਹ ਗੁਰਬਾਣੀ ਨੂੰ ਸਰਬ ਸ੍ਰੇਸ਼ਟ ਦਰਜੇ ਉਪਰ ਰਖਦੇ ਹੋਏ, ਸਤਿ ਦਾ ਜੀਵਨ ਅਪਣਾਅ ਕੇ ਉਚੀ ਅਵਸਥਾ ਵਿਚ ਰਹਿੰਦੇ ਹੋਏ ਜਦੋਂ ਇਸ ਮੀਰੀ ਦੀ ਖੇਡ ਨੂੰ ਖੇਡਣਗੇ ਤਾਂ ਸੰਸਾਰ ਉਨ੍ਹਾਂ ਦਾ ਆਦਰ ਕਰੇਗਾ ਅਤੇ ਉਹ ਸਾਰੀ ਸ੍ਰਿਸ਼ਟੀ ਦੇ ਰਾਜੇ ਹੋਣਗੇ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ–

ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥
ਪੰਨਾ – 707

ਦੁਨਿਆਵੀ ਰਾਜਿਆਂ ਬਾਰੇ ਫੁਰਮਾਨ ਹੈ –

ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥
ਪੰਨਾ – 856

ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥
ਪੰਨਾ – 811

ਸੱਚਾ ਰਾਜ ਨਾਮ ਜਪਣ ਵਾਲੇ ਨੂੰ ਕੁਦਰਤ ਵਲੋਂ ਹੀ ਦਿਤਾ ਜਾਂਦਾ ਹੈ–

ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ॥ ਪੰਨਾ – 5

ਨਾਨਕ ਹੋਰਿ ਪਾਤਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ॥
ਪੰਨਾ – 1413

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥ ਪੰਨਾ – 1155

ਗੁਰੂ ਮਹਾਰਾਜ ਜੀ ਨੇ ਗੁਰਸਿੱਖ ਨੂੰ ਪਹਿਲਾਂ ਗੁਰਮੁਖ ਪਦਵੀ ਬਖਸ਼ੀ ਹੈ ਜਿਸ ਦੇ ਤੁਲ ਕੋਈ ਦੁਨਿਆਵੀ ਰਾਜਾ ਨਹੀਂ ਪਹੁੰਚ ਸਕਦਾ –

ਪੰਡਿਤ ਸੂਰ ਛਤ੍ਰਪਤਿ ਰਾਜਾ
ਭਗਤਿ ਬਰਾਬਰਿ ਅਉਰੁ ਨ ਕੋਇ॥ ਪੰਨਾ – 858

ਨਾਮ ਤੋਂ ਬਗੈਰ ਜੋ ਨਿਰਾ ਸਿਪਾਹੀ ਹੋ ਕੇ ਰਾਜ ਦੀ ਪ੍ਰਾਪਤੀ ਲਈ ਖਪਤ ਹੋਇਆ ਪਿਆ ਹੈ, ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਾਰੀਆਂ ਪ੍ਰਾਪਤੀਆਂ ਪ੍ਰਾਪਤ ਕਰਨ ਤੋਂ ਭੀ ਜੇ ਪਤ ਲੇਖੇ ਵਿਚ ਨਾ ਪਈ ਤਾਂ ਉਸ ਦੇ ਸਾਰੇ ਕੰਮ ਨਿਰਾਫਲ ਹੋਣਗੇ–

ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ॥
ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ॥
ਜਾਂ ਪਤਿ ਲੇਖੈ ਨਾ ਪਵੈ ਤਾਂ ਸਭਿ ਨਿਰਾਫਲ ਕਾਮ॥
ਪੰਨਾ – 358

ਅਤੇ ਹੋਰ ਫੁਰਮਾਨ ਕਰਦੇ ਹਨ ਕਿ –

ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ॥
ਨਾਨਕ ਵਿਣੁ ਨਾਵੈ ਨਕੀ ਵਢੀ ਫਿਰਹਿ ਸੋਭਾ ਮੂਲਿ ਨ ਪਾਹਿ॥
ਪੰਨਾ – 590

ਸੋ ਗੁਰੂ ਮਹਾਰਾਜ ਜੀ ਨੇ ਨਿਰੀਆਂ ਰਾਜ ਪ੍ਰਾਪਤੀਆਂ ਦੀ ਕਿਤੇ ਵੀ ਗੁਰਬਾਣੀ ਵਿਚ ਪ੍ਰੋੜਤਾ ਨਹੀਂ ਕੀਤੀ ਜਿਸਦੇ ਵਿਪਰੀਤ ਜੋ ਰਾਜੇ ਹਨ ਉਨ੍ਹਾਂ ਨੂੰ ਤਾੜਨਾ ਕਰਦਿਆਂ ਹੋਇਆਂ ਫੁਰਮਾਨ ਕੀਤਾ ਹੈ –

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ॥
ਪੰਨਾ – 1088

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਇਸ ਜੀਵ ਨੂੰ ਪਹਿਲਾਂ ਗੁਰਮੁਖ ਪਦਵੀ ਪ੍ਰਦਾਨ ਕੀਤੀ ਹੈ। ਜਦੋਂ ਗੁਰਮੁਖ ਅਵਸਥਾ ਪ੍ਰਾਪਤ ਕਰਕੇ ਹਉਮੈ ਦਾ ਪੂਰੀ ਤਰ੍ਹਾਂ ਅਭਾਵ ਹੋ ਜਾਵੇ, ਫੇਰ ਛੇਵੇਂ ਪਾਤਸ਼ਾਹ ਮਹਾਰਾਜ ਜੀ ਨੇ ਪ੍ਰਵਾਨ ਹੋਈਆਂ ਰੂਹਾਂ ਦੀ, ਸੰਸਾਰ ਕਾਰਜਾਂ ਦੀ ਨਿਪੁੰਨਤਾ ਸਹਿਤ ਡਿਊਟੀ ਦੇਣ ਲਈ ਪ੍ਰੇਰਨਾ ਦਿਤੀ ਹੈ। ਸੋ ਇਕ ਬੜਾ ਭੁਲੇਖਾ ਅਸਾਡੇ ਰਾਜਨੀਤਕ ਆਗੂਆਂ ਨੇ ਪਾ ਛੱਡਿਆ ਹੈ ਕਿ ਰਾਜਸੀ ਪ੍ਰਾਪਤੀਆਂ ਹੀ ਅਸਾਡਾ ਪ੍ਰਮ ਮਨੋਰਥ ਹੈ; ਬੰਦਗੀ ਦੀ ਕੋਈ ਲੋੜ ਨਹੀਂ। ਐਸਾ ਆਦੇਸ਼ ਮੀਰੀ ਪੀਰੀ ਦੇ ਮਾਲਕ ਦੇ ਜੀਵਨ ਦੀ ਪੜਚੋਲ ਕਰਦਿਆਂ ਕਿਤੇ ਵੀ ਨਜ਼ਰੀ ਨਹੀਂ ਆਉਂਦਾ। ਗੁਰੂ ਹਮੇਸ਼ਾ ਸ਼ਬਦ ਹੋਇਆ ਕਰਦਾ ਹੈ। ਸ਼ਬਦ ਸਤਿਗੁਰੂ ਹੁੰਦਾ ਹੈ–

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥
ਪੰਨਾ – 1310

ਇਸ ਕਰਕੇ ਅੱਜ ਅਸਾਨੂੰ ਲੋੜ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਰੂਪ ਵਿਚ ਪਿਆਰ ਤੇ ਸਤਿਕਾਰ ਕਰਦਿਆਂ ਬਾਣੀ ਦੇ ਚਾਨਣੇ ਵਿਚ ਆਪਣੇ ਜੀਵਨ ਤੋਰੀਏ ਕਿਉਂਕਿ ਗੁਰੂ ਦਸ਼ਮੇਸ਼ ਪਿਤਾ ਖਾਲਸੇ ਬਾਰੇ ਫੁਰਮਾਨ ਕਰਦੇ ਹਨ –

ਖ਼ਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥

(ਸਰਬ ਲੋਹ ਗ੍ਰੰਥ 'ਚੋਂ)

ਅਕਾਲ ਪੁਰਖ ਦੀ ਫੌਜ ਵਿਚ ਓਹੀ ਸ਼ਾਮਿਲ ਹੋ ਸਕਦਾ ਹੈ ਜੋ ਖਾਲਸਾ ਹੈ ਜਿਸ ਦੇ ਬਾਰੇ ਸਰਬ ਲੋਹ ਗ੍ਰੰਥ ਵਿਚ ਫੁਰਮਾਨ ਹੈ ਕਿ -

ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥
ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥
(ਸਰਬ ਲੋਹ ਗ੍ਰੰਥ 'ਚੋਂ)

ਸੋ ਆਤਮ ਰਸੀਆ ਜਦੋਂ ਸਿਆਸਤ ਦੀ ਖੇਡ ਖੇਡਦਾ ਹੈ ਤਾਂ ਉਸ ਦੀ ਦ੍ਰਿਸ਼ਟੀ ਵਿਚ ਕੋਈ ਦ੍ਵੈਤ ਨਹੀਂ ਹੋਇਆ ਕਰਦੀ। ਨਾ ਹਾਨ ਦੀ ਪ੍ਰਵਾਹ ਹੁੰਦੀ ਹੈ, ਨਾ ਲਾਭ ਦੀ ਕੋਈ ਲਾਲਸਾ ਹੁੰਦੀ ਹੈ। ਉਹ ਸੰਸਾਰ ਨੂੰ ਵਾਹਿਗੁਰੂ ਰੂਪ ਜਾਣ ਕੇ ਇਸ ਵਿਚ ਆਪ ਵੀ ਵਿਚਰਦਾ ਹੈ ਤੇ ਸੰਸਾਰ ਦਾ ਭਲਾ ਕਰਦਾ ਹੈ। ਉਸਦੀ ਸਿਆਸਤ ਨੇਕੀ, ਪਰਉਪਕਾਰ, ਆਪਾ ਵਾਰੂ ਹੋਇਆ ਕਰਦੀ ਹੈ। ਉਹ ਸਕੈਂਡਲਾਂ ਵਿਚ ਨਹੀਂ ਫਸਦਾ, ਦੇਸ਼ ਦੀ, ਸੰਸਾਰ ਦੀ ਸੇਵਾ, ਵਾਹਿਗੁਰੂ ਜੀ ਦਾ ਪ੍ਰੇਮ ਪਵਿਤਰ ਮੰਦਰ ਸਮਝ ਕੇ ਕਰਿਆ ਕਰਦਾ ਹੈ। ਉਸਨੂੰ ਸਭ ਆਪਣੇ ਲਗਦੇ ਹਨ ਸਾਰਿਆਂ ਨੂੰ ਉਹ ਆਪਣਾ ਲਗਦਾ ਹੈ। ਅਜਿਹੀ ਮੀਰੀ ਤੇ ਪੀਰੀ ਦਾ ਸੁਮੇਲ ਸੰਸਾਰ ਵਿਚ ਅਮਨ ਦੀ ਗਰੰਟੀ ਦਿੰਦਾ ਹੈ। ਐਟਮ ਬੰਬ ਸਟੋਰਾਂ ਵਿਚ ਪਏ ਹੀ ਪੁਰਾਣੇ ਹੋ ਜਾਂਦੇ ਹਨ। ਇਨ੍ਹਾਂ ਖਰਚਾਂ ਦੀ ਥਾਂ ਤੇ ਖ਼ੂਬਸੂਰਤ ਸੜਕਾਂ, ਕਾਲਜਾਂ, ਯੂਨੀਵਰਸਿਟੀਆਂ ਦਾ ਨਿਰਮਾਣ ਹੁੰਦਾ ਹੈ। ਗੁਰਮੁਖ ਦੇ ਰਾਜ ਵਿਚ ਹਸਪਤਾਲਾਂ ਦੀ ਉਕਾ ਹੀ ਲੋੜ ਨਹੀਂ ਰਹਿੰਦੀ ਕਿਉਂਕਿ ਚਿੰਤਾਵਾਂ ਮਿਟ ਜਾਂਦੀਆਂ ਹਨ। ਭੈ, ਵੈਰ, ਬੇਵਿਸ਼ਵਾਸ਼ੀ, ਬਦਲਾ ਲਊ ਬਿਰਤੀ, ਆਸਾ ਤੇ ਅੰਦੇਸ਼ਾ ਦੀਆਂ ਭਾਵਨਾਵਾਂ ਮਿਟ ਕੇ ਅੰਦਰ ਬਾਹਰ ਹਰ ਥਾਂ ਸੁੰਦਰਤਾਵਾਂ ਤੇ ਖੇੜਿਆਂ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ। 80% ਰੋਗ ਪਰਮੇਸ਼ਰ ਨੂੰ ਭੁੱਲਣ ਕਰਕੇ, ਮਾਨਸਿਕ ਫਿਕਰਾਂ ਕਰਕੇ ਹੋਇਆ ਕਰਦੇ ਹਨ। ਇਹ ਰੋਗ ਨਾਮ ਦਾਰੂ ਨਾਲ ਦੂਰ ਹੋ ਜਾਂਦੇ ਹਨ। ਬਾਕੀ ਬਚਦੇ 20% ਰੋਗ ਭੀ ਨਹੀਂ ਆਇਆ ਕਰਦੇ ਕਿਉਂਕਿ ਮਨ ਪ੍ਰਭੂ ਰਸ ਵਿਚ ਲੀਨ ਰਹਿੰਦਾ ਹੈ। ਟਾਕਰਾ ਕਰ ਸਕਣ ਦੀ ਸ਼ਕਤੀ ਪੂਰੇ ਜੋਬਨ ਤੇ ਰਹਿੰਦੀ ਹੈ। ਉਦਾਸੀਆਂ, ਝੋਰੇ, ਚਿਹਰੇ ਦੇ ਖੇੜਿਆਂ ਭਰੇ ਹੁਸਨ ਦਾ ਕੋਹਝ ਨਹੀਂ ਬਣਦੇ।

ਜੀਅ ਭਰ ਕੇ ਸਿਆਸਤ ਦੀ ਖੇਡ ਖੇਡੋ ਪਰ ਦਇਆ, ਖਿਮਾਂ, ਸ਼ਾਂਤੀ, ਸੰਤੋਖ, ਸੌਚ, ਸ਼ੀਲ, ਸੰਤੋਖ, ਸੇਵਾ, ਸਰਬੱਤ ਦੇ ਭਲੇ ਦੀ ਓਟ ਲੈ ਕੇ ਖੇਡੋ। ਤੁਹਾਡੇ ਉਪਰ ਕਿਸੇ ਨੂੰ ਸ਼ੱਕ ਨਹੀਂ ਰਹੇਗਾ। ਤੁਸੀਂ ਦਿਲਾਂ ਤੇ ਰਾਜ ਕਰਨ ਵਾਲੇ ਬਣ ਜਾਵੋਗੇ। ਉਪਰਲੇ ਗੁਣਾਂ ਦੇ ਸਮੂੰਹ ਨੂੰ ਧਰਮ ਕਿਹਾ ਜਾਂਦਾ ਹੈ। ਮਜ਼ਹਬੀ ਦੀਵਾਰਾਂ ਕਾਇਮ ਨਾ ਕਰੋ, ਧਰਮੀ ਜੀਵਨ ਨੂੰ ਅਪਣਾਓ, ਫਿਰ ਮੀਰੀ ਪੀਰੀ ਦਾ ਪ੍ਰਕਾਸ਼ ਸੰਸਾਰ ਨੂੰ ਸ਼ੰਕਿਆਂ ਰਹਿਤ ਕਰ ਦੇਵੇਗਾ, ਸਾਥੀਆਂ ਨੂੰ ਸੋਝੀ ਬਖਸ਼ੇਗਾ। ਫੇਰ ਤੁਹਾਡਾ ਮੀਰੀ ਪੀਰੀ ਦੇ ਕਰਮ ਨੂੰ ਅਪਣਾਉਣਾ ਸਫਲ ਹੋਵੇਗਾ। ਨਹੀਂ ਤਾਂ ਇਕ ਪਾਖੰਡ ਹੀ ਹੈ, ਪਾਖੰਡੀ ਜੀਵਨ ਦੀ ਕਦੇ ਸਦੀਵੀ ਜਿੱਤ ਨਹੀਂ ਹੋਇਆ ਕਰਦੀ।

L L L L L L

(ਪੰਨਾ 2 ਦੀ ਬਾਕੀ)

ਸਤਿਸੰਗ ਕਰ ਰਹੇ ਹਨ। ਐਸਾ ਹੀ ਇਲਾਹੀ ਹੁਕਮ ਹੈ। ਕੋਈ ਹਵਾ ਨੂੰ ਬੰਨ੍ਹ ਨਹੀਂ ਸਕਦਾ, ਨਾ ਹੀ ਸੂਰਜ ਦੀਆਂ ਕਿਰਨਾਂ ਨੂੰ ਕੰਧ ਕਰ ਸਕਦਾ ਹੈ। ਮਹਾਂਪੁਰਸ਼ਾਂ ਦੀ ਸੰਗਤ ਦਾ ਸਾਰੀ ਮਨੁੱਖਤਾ ਨੂੰ ਹੱਕ ਹੈ। ਉਹ ਆਪ ਵੀ ਰੱਬੀ ਹੁਕਮ ਵਿਚ ਕਿਰਿਆਸ਼ੀਲ ਹੋ ਰਹੇ ਹਨ। ਉਨ੍ਹਾਂ ਨੇ ਸਤਿਗੁਰੂ ਨੂੰ ਪੂਜਿਆ ਹੈ, ਪ੍ਰਮਾਤਮਾ ਨੇ ਉਨ੍ਹਾਂ ਨੂੰ ਦੇਸ ਪ੍ਰਦੇਸ ਵਿਚ ਮਾਨਤਾ ਬਖਸ਼ੀ ਹੈ। ਐਸਾ ਹੀ ਗੁਰਬਾਣੀ ਦਾ ਫੁਰਮਾਨ ਹੈ -

ਜਿਨ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ॥
ਪੰਨਾ - 450

ਮਈ ਦੇ ਆਤਮ ਮਾਰਗ ਵਿਚ ਅਸੀਂ ਮਹਾਂਪੁਰਸ਼ਾਂ ਦੇ ਲੇਖ 'ਗੁਰੂ ਅਰਜਨ ਪਰਤੱਖ ਹਰਿ' ਰਾਹੀਂ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਦਾ ਵਿਵਰਣ ਦਿਤਾ ਸੀ। ਜਹਾਂਗੀਰ ਦਾ ਐਸਾ ਹੁਕਮ ਗੁਰੂ ਘਰ ਵਲੋਂ ਚਲਾਈ ਲੋਕ ਭਲਾਈ ਦੀ ਰੂਹਾਨੀ ਲਹਿਰ ਨੂੰ ਸਮਾਪਤ ਕਰਨ ਦੀ ਕੋਝੀ ਚਾਲ ਸੀ, ਸਿੱਖ ਲਹਿਰ ਦੀ ਸੁੱਚਤਾ ਅਤੇ ਸੁਹਿਰਦਤਾ ਕਾਰਨ ਇਸ ਵਿਚ ਸਾਰੀਆਂ ਸ਼੍ਰੇਣੀਆਂ ਅਤੇ ਮਤਾਂ ਦੇ ਲੋਕ ਸ਼ਾਮਲ ਹੋ ਰਹੇ ਸਨ। ਸਾਂਝੀ ਸੰਗਤ ਅਤੇ ਪੰਗਤ ਵਿਚ ਜੁੜਨ ਵਾਲੇ ਇਹ ਆਮ ਮਿਹਨਤੀ ਲੋਕ, ਹਕੂਮਤ ਲਈ ਖਤਰਾ ਬਣ ਸਕਦੇ ਸੀ। ਇਸ ਲਈ ਜਹਾਂਗੀਰ ਅਤੇ ਉਸ ਦੇ ਜਨੂੰਨੀ ਸਲਾਹਕਾਰਾਂ ਨੇ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਬਹਾਨਾ ਲੱਭ ਲਿਆ। ਉਨ੍ਹਾਂ ਦਾ ਡਰ ਵੀ ਸੱਚਾ ਸੀ। ਝੂਠ ਨੂੰ ਸਦਾ ਹੀ ਸੱਚ ਤੋਂ ਡਰ ਲਗਦਾ ਰਹਿੰਦਾ ਹੈ। ਅਨ੍ਹੇਰ, ਚਾਨਣ ਤੋਂ ਘਬਰਾਉਂਦਾ ਹੈ ਕਿਉਂਕਿ ਇਹ ਉਸ ਦੀ ਹੋਂਦ ਲਈ ਖਤਰਾ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਮਹਾਨ ਯੋਧੇ, ਸੰਤ-ਸਿਪਾਹੀ, ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ 'ਮੀਰੀ ਪੀਰੀ' ਦੀਆਂ ਦੋ ਤਲਵਾਰਾਂ ਪਹਿਨ ਕੇ ਸਿੱਖ ਸੰਗਤਾਂ ਨੂੰ ਸ਼ਾਸਤਰ ਅਤੇ ਸ਼ਸਤਰ ਦੋਹਾਂ ਵਿਚ ਨਿਪੁੰਨਤਾ ਬਖਸ਼ਿਸ਼ ਕੀਤੀ। ਸਹਿਨਸ਼ੀਲਤਾ ਦੀ ਮੂਰਤ ਗੁਰੂ ਅਰਜਨ ਦੇਵ ਜੀ ਦੇ ਵਹਾਏ ਲਹੂ ਨੇ ਸਿੱਖਾਂ ਵਿਚ ਸ਼ਹੀਦੀ ਦੀ ਨਵੀਂ ਪਰੰਪਰਾ ਨੂੰ ਜਨਮ ਦਿਤਾ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਸਿੱਖ ਲਹਿਰ ਨੇ ਨਵਾਂ ਮੋੜ ਲਿਆ, ਇਸ ਦਾ ਵਿਵਰਣ ਆਪ ਜੀ ਮਹਾਂਪੁਰਸ਼ਾਂ ਦੀ ਲਿਖਤ, 'ਦਲ ਭੰਜਨ ਗੁਰ ਸੂਰਮਾ' ਵਿਚ ਪੜ੍ਹੋਗੇ। ਇਸ ਲਹਿਰ ਤੋਂ ਹੀ ਪੰਜਾਬ ਵਿਚ ਲੋਕ ਰਾਜ ਸਥਾਪਤ ਹੋਇਆ ਜਿਸ ਦੀ ਇਕ ਝਾਕੀ ਆਪ ਨੂੰ ਲੇਖ 'ਆਦਰਸ਼ਕ ਰਾਜ' ਵਿਚ ਪ੍ਰਾਪਤ ਹੈ। ਲੜੀਵਾਰ ਛਪਦੇ ਲੇਖ ਸਾਨੂੰ ਪ੍ਰੇਰਤ ਵੀ ਕਰਦੇ ਹਨ, ਸੇਧ ਵੀ ਬਖਸ਼ਦੇ ਹਨ। ਆਤਮ ਮਾਰਗ ਵਿਚ ਪ੍ਰਾਪਤ ਸਾਰੀਆਂ ਲਿਖਤਾਂ ਸਾਨੂੰ ਸੋਹਣੇ, ਸੁਚੱਜੇ, ਉਚੇਰੇ ਜੀਵਨ ਲਈ ਉਤਸ਼ਾਹਤ ਕਰਦੀਆਂ ਹਨ। ਇਨ੍ਹਾਂ ਨੂੰ ਪੜ੍ਹ ਕੇ ਆਪ ਵੀ ਅਨੰਦ ਮਾਣੀਏ ਅਤੇ ਹੋਰਨਾਂ ਸੰਗੀਆਂ ਸਾਥੀਆਂ ਨੂੰ ਵੀ ਪ੍ਰੇਰਤ ਕਰਕੇ ਆਤਮ ਮਾਰਗ ਦੇ ਪਾਂਧੀ ਬਣਾ ਕੇ, ਪੁੰਨ ਖੱਟੀਏ। ਇਸ ਵਿਚ ਹੀ ਸਰਬੱਤ ਦਾ ਭਲਾ ਹੈ।

ਮੁੱਖ ਸੰਪਾਦਕ

L L L L L L

ਰੰਗਲੇ ਸੱਜਣ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ - 15)

ਭਾਈ ਸਰਵਣ ਸਿੰਘ ਜੀ ਫਲੇਵਾਲ

ਇਹ ਗੁਰਮੁਖ ਜਨ ਵੀ ਪਿੰਡ ਫਲੇਵਾਲ ਦੇ ਰਹਿਣ ਵਾਲੇ ਸਨ, ਕਰਣੀ ਕ੍ਰਿਤ ਕਮਾਈ ਦੇ ਪੂਰੇ ਭਾਂਡੇ ਹੁੰਦੇ ਹੋਏ ਆਪਣੇ ਆਪ ਨੂੰ ਬਹੁਤ ਛਿਪਾ ਕੇ ਰਖਦੇ ਸਨ। ਔਲੀ ਗੌਲੀ ਸਾਧਾਰਨ ਬਿਰਤੀ ਵਿਚ ਹੀ ਵਿਚਰਿਆ ਕਰਦੇ ਸਨ। ਸਾਨੂੰ ਇਨ੍ਹਾਂ ਦੀ ਦਸ਼ਾ ਦਾ ਕੁਛ ਪਤਾ ਨਹੀਂ ਸੀ। ਦਾਸ ਨੇ ਕਦੇ ਗੌਲਿਆ ਹੀ ਨਹੀਂ ਸੀ ਕਿ ਸਾਡੇ ਨਿਕਟ ਹੀ ਦੋ ਕੋਸ ਦੇ ਫਾਸਲੇ ਤੇ ਇਕ ਪੁਗ ਖਲੋਤੀ ਗੁਰਮੁਖ ਵਿਅਕਤੀ ਰਹਿੰਦੀ ਹੈ। ਸੰਜੋਗ ਮੇਲ ਦਾ ਅਵਸਰ ਜਦੋਂ ਜੁੜਨਾ ਹੁੰਦਾ ਹੈ, ਓਦੋਂ ਹੀ ਜੁੜਦਾ ਹੈ ਤੇ ਇਹ ਕਿਵੇਂ ਜੁੜਿਆ, ਇਹ ਵੀ ਇਕ ਅਜੀਬ ਵਾਰਤਾ ਹੈ।

ਭਾਣੇ ਅੰਦਰ ਸਾਨੂੰ ਇਕ ਵਾਰ ਪੰਚਖੰਡ ਸਮਾਗਮ ਤੇ ਸਿਰੀ ਬਾਬੂ ਮੱਲ ਸਿੰਘ ਜੀ ਦੇ ਨਾਲ ਅਨਾਚੇਤ ਮੇਲ ਹੋਇਆ। ਉਹ ਮੈਨੂੰ ਨਹੀਂ ਜਾਣਦੇ ਸੀ, ਮੈਂ ਉਨ੍ਹਾਂ ਨੂੰ ਨਹੀਂ ਜਾਣਦਾ ਸੀ। ਰੈਣ ਸਮੇਂ ਇਕੋ ਕੋਠੇ ਅੰਦਰ ਭੂਮ-ਆਸਨ ਬਿਸਰਾਮ ਕਰਦੇ ਹੋਏ ਇਕ ਰਾਤ ਇਕੱਠੇ ਹੀ (ਮੈਂ ਤੇ ਬਾਬੂ ਮੱਲ ਸਿੰਘ ਜੀ) ਰਹੇ। ਸੁਤੇ ਹੀ ਉਨ੍ਹਾਂ ਨੇ ਗੱਲਾਂ ਛੇੜ ਦਿੱਤੀਆਂ। ਐਉਂ ਪ੍ਰਤੀਤ ਹੁੰਦਾ ਸੀ ਕਿ ਉਨ੍ਹਾਂ ਨੇ (ਬਾਬੂ ਮੱਲ ਸਿੰਘ ਜੀ ਨੇ) ਮੇਰਾ ਨਾਮ ਪਹਿਲਾਂ ਹੀ ਸੁਣਿਆ ਹੋਇਆ ਸੀ। ਜਦੋਂ ਮੈਂ ਉਨ੍ਹਾਂ ਪਾਸੋਂ ਪੁਛਿਆ ਕਿ ਤੁਸੀਂ ਮੇਰੇ ਨਾਮ ਤੋਂ ਕਿਵੇਂ ਵਾਕਫ ਹੋ ਤਾਂ ਉਨ੍ਹਾਂ ਨੇ ਆਖਿਆ ਕਿ ਤੁਹਾਡੇ ਪਿੰਡ ਦੇ ਨੇੜੇ ਹੀ ਫਲੇਵਾਲ ਪਿੰਡ ਵਿਚ ਇਕ ਜੀਵਨ-ਵਿਅਕਤੀ ਗੁਪਤ ਦਸ਼ਾ ਵਿਚ ਰਹਿੰਦੀ ਹੈ, ਉਨ੍ਹਾਂ ਦਾ ਨਾਮ ਭਾਈ ਸਰਵਣ ਸਿੰਘ ਹੈ। ਉਹ ਚਿਰੋਕਣੇ ਸਮੇਂ ਤੋਂ ਤੁਹਾਨੂੰ ਜਾਣਦੇ ਹਨ, ਪਰ ਤੁਸੀਂ ਉਨ੍ਹਾਂ ਨੂੰ ਨਹੀਂ ਜਾਣਦੇ, ਚਾਹੇ ਉਨ੍ਹਾਂ ਨੇ ਤੁਹਾਡੇ ਜਥੇ ਪਾਸੋਂ ਹੀ ਅੰਮ੍ਰਿਤ ਛਕਿਆ ਹੈ। ਅੰਮ੍ਰਿਤ-ਛਕਣ ਸਾਰ ਹੀ ਗੁਟ ਹੋ ਗਏ ਹਨ ਅਤੇ ਓਦੋਂ ਦੇ ਗੁਪਤ ਹੀ ਵਰਤਦੇ ਹਨ। ਵੀਰ ਭਾਈ ਸਰਵਣ ਸਿੰਘ ਦੀ ਜ਼ਬਾਨੀ ਸਾਨੂੰ ਤੁਹਾਡੇ ਨਾਮ ਦਾ ਪਤਾ ਲਗਾ। ਜਦੋਂ ਦਾ ਅਤੇ ਜਿਸ ਪ੍ਰਕਾਰ ਉਨ੍ਹਾਂ ਨੇ ਤੁਹਾਡਾ ਜ਼ਿਕਰ ਸਾਡੇ ਪਾਸ ਕੀਤਾ, ਸਾਨੂੰ ਓਦੋਂ ਦੀ ਹੀ ਤੁਹਾਡੇ ਮਿਲਣ ਦੀ ਤਾਂਘ ਲੱਗੀ ਹੋਈ ਸੀ। ਸਿਰੀ ਬਾਬੂ ਮੱਲ ਸਿੰਘ ਜੀ ਦੀ ਉਸ ਅਚੇਤ-ਚੇਤਨੀ ਮੁਲਾਕਾਤ ਨੇ, ਜੋ ਕੁਛ ਭੀ ਉਨ੍ਹਾਂ ਨੇ ਦਾਸ ਨੂੰ ਵੀਰ ਸਰਵਣ ਸਿੰਘ ਬਾਰੇ ਦਸਿਆ, ਦਾਸ ਨੂੰ ਓਦੋਂ ਹੀ ਚੇਟਕ ਲਗ ਗਈ, ਕਿ ਕਦੋਂ ਵਾਪਸ ਪਿੰਡ ਜਾਈਏ ਅਤੇ ਜੀਵਨ-ਮੁਕਤ ਭਾਈ ਸਰਵਣ ਸਿੰਘ ਦੀ ਝਾਤੀ ਪਾਈਏ।

ਨਾਰੰਗਵਾਲ ਆਉਣ ਸਾਰ ਹੀ ਦਾਸ ਨੇ ਫਲੇਵਾਲ ਜਾਣ ਦੇ ਤਿਆਰੇ ਵਜਾ ਦਿਤੇ। ਖਾਲਸਈ ਸਸ਼ਤਰ ਬਸਤਰ ਸਜਾ ਕੇ ਫਲੇਵਾਲ ਪੈਦਲ ਧਾਈਆਂ ਹੋ ਗਈਆਂ। ਕੱਲ-ਮ-ਕੱਲੇ ਹੀ ਤੁਰ ਪਏ। ਇਸ ਤੋਂ ਪਹਿਲਾਂ ਦਾਸ ਕਦੇ ਵੀ ਫਲੇਵਾਲ ਨਹੀਂ ਗਿਆ ਸੀ। ਚਾਹੇ ਫਲੇਵਾਲ ਦੀ ਬਹੁਤ ਸਾਰੀ ਸੰਗਤ ਮੈਨੂੰ ਜਾਣਦੀ ਸੀ, ਪਰ ਮੈਂ ਕਿਸੇ ਨੂੰ ਨਹੀਂ ਜਾਣਦਾ ਸੀ। ਅਸਾਡੇ ਪਿੰਡ ਦੇ ਇਕ ਜਥੇ ਦੇ ਸਿੰਘ ਮਾਸਟਰ ਨਿਰੰਜਨ ਸਿੰਘ ਜੀ ਫਲੇਵਾਲ ਖਾਲਸਾ ਪ੍ਰਾਇਮਰੀ ਸਕੂਲ ਵਿਚ ਮਾਸਟਰ ਲੱਗੇ ਹੋਏ ਸਨ। ਚਿਤ ਵਿਚ ਇਹ ਚਿਤਵਨੀ ਚਿਤਵ ਕੇ ਕਿ ਫਲੇਵਾਲ ਜਾ ਕੇ ਜੇ ਹੋਰ ਕਿਸੇ ਨੇ ਨਾ ਦਸਿਆ, ਤਾਂ ਮਾਸਟਰ ਨਿਰੰਜਨ ਸਿੰਘ ਤੋਂ ਹੀ ਭਾਈ ਸਰਵਣ ਸਿੰਘ ਦੀ ਸੂਹ ਕੱਢਾਂਗੇ। ਸਾਨੂੰ ਬਾਬੂ ਮੱਲ ਸਿੰਘ ਜੀ ਨੇ ਦਸਿਆ ਸੀ ਕਿ ਭਾਈ ਸਰਵਣ ਸਿੰਘ ਜੀ ਪਿੰਡ ਦੇ ਨੰਬਰਦਾਰ ਵੀ ਹਨ। ਗੁਜਰਵਾਲੋਂ ਟੱਪ ਕੇ ਜਦੋਂ ਫਲੇਵਾਲ ਦਾ ਪੈਂਡਾ ਨੇੜੇ ਹੀ ਰਹਿ ਗਿਆ ਤਾਂ ਦਾਸ ਦੇ ਚਿਤ ਵਿਚ ਇਹ ਭਾਵਨੀ ਸੁਫੁਰ ਹੋਈ ਕਿ ਜੇ ਉਹ (ਵੀਰ ਸਰਵਣ ਸਿੰਘ ਜੀ) ਸਚਮੁਚ ਉਸੇ ਬਿਰਤੀ ਦੇ ਮਾਲਕ ਹਨ ਜੈਸੀ ਕਿ ਬਾਬੂ ਮੱਲ ਸਿੰਘ ਜੀ ਦੀ ਜ਼ਬਾਨੀ ਪ੍ਰਗਟ ਹੋਈ ਹੈ, ਤਾਂ ਉਹ ਫਲੇਵਾਲ ਪਿੰਡ ਵੜਨ ਤੋਂ ਪਹਿਲਾਂ ਹੀ ਸਾਨੂੰ ਅਗਵਾਈ ਵਿਚ ਮਿਲਣ। ਪਿੰਡ ਨੇੜੇ ਆ ਗਿਆ, ਕਦਮ ਕਦਮ ਤੇ ਦਰਸ਼ਨ ਨਿਗਾਰ ਦੇ ਅਗੰਮੀ ਨਸ਼ੇ ਚੜ੍ਹਦੇ ਜਾਣ। ਸਾਨੂੰ (ਦਾਸ ਨੂੰ) ਚਿਤ-ਚਿਤਵਨੀ ਵੀ ਭੁਲ ਗਈ, ਜੋ ਆਉਂਦੇ ਆਉਂਦੇ ਚਿਤਾਰੀ ਸੀ। ਇਹ ਭੁਲ-ਭੁਲਾਉਣੀ ਵੀ ਭਾਣੇ ਅੰਦਰ ਵਰਤ ਗਈ। ਪਿੰਡ ਫਲੇਵਾਲ ਵੜਨ ਤੋਂ ਪਹਿਲਾਂ ਇਕ ਅਵਧੂਤ ਜਿਹੀ ਸ਼ਕਲ ਦਾ ਔਲਾ ਮੌਲਾ ਸਿੰਘ ਪਿੰਡੋਂ ਬਾਹਰ ਨੂੰ ਆਉਂਦਾ ਸੀ, ਤੇੜ ਕਛਹਿਰਾ, ਸੀਸ ਤੇ ਛੋਟੀ ਦਸਤਾਰ, ਪਿੰਡੇ ਤੋਂ ਨੰਗਾ, ਪਰ ਗਾਤਰੇ ਦੀ ਕ੍ਰਿਪਾਨ ਸਜਾਈ ਹੋਈ, ਮੇਰੇ ਕੋਲ ਦੀ ਫਤਿਹ ਗਜਾ ਕੇ ਲੰਘ ਗਿਆ ਭੈਂਸ ਨੂੰ ਹੱਕਦਾ ਹੱਕਦਾ, ਹੱਥ ਵਿਚ ਡੰਡਾ ਫੜਿਆ ਹੋਇਆ ਸੀ। ਦਾਸ ਨੇ ਗੁਮੇਂਹ ਨਾ ਕੀਤਾ ਕਿ ਇਹ ਕੌਣ ਹੈ।

ਪਿੰਡ ਦਾ ਦਰਵਾਜ਼ਾ ਵੜਨ ਸਾਰ ਪਹਿਲਾਂ ਸਾਹਮਣੇ ਇਕ ਧਰਮਸਾਲ ਆਈ, ਜਿਥੇ ਕੁਛ ਬ੍ਰਿਧ ਸਿੰਘ ਬੈਠੇ ਸਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਸੀ। ਮੈਂ ਉਥੇ ਜਾ ਕੇ ਮੱਥਾ ਟੇਕਿਆ ਅਤੇ ਫਤਹ ਗਜਾ ਕੇ ਬ੍ਰਿਧ ਸਿੰਘਾਂ ਦੇ ਪਾਸ ਬੈਠ ਗਿਆ। ਸਿੰਘ ਸਾਰੇ ਮੈਨੂੰ ਜਾਣਦੇ ਸਨ, ਦੇਖ ਕੇ ਹੈਰਾਨ ਰਹਿ ਗਏ ਅਤੇ ਪੁਛਣ ਲਗੇ, "ਅੱਜ ਤੁਸਾਡਾ ਆਉਣਾ ਇਥੇ ਕਿਵੇਂ ਹੋਇਆ?" ਮੈਂ ਆਖਿਆ, "ਭਾਈ ਸਾਹਿਬਾਨ, ਮੈਂ ਤਾਂ ਇਕ ਸਿੰਘ ਦੀ ਸੋਇ ਸੁਣ ਕੇ ਖਿਚਿਆ ਆਇਆ ਹਾਂ, ਦਸੋ ਕੋਈ ਸਰਵਣ ਸਿੰਘ ਨਾਮੇ ਨੰਬਰਦਾਰ ਵੀ ਹੈ?" ਉਹ ਕਹਿਣ ਲਗੇ- "ਜੀ ਹਾਂ, ਹੁਣੇ ਹੀ ਉਹ ਮੱਝ ਲੈ ਕੇ ਬਾਹਰ ਗਿਆ ਹੈ, ਚਾਹੇ ਆਪ ਨੂੰ ਰਾਹ ਵਿਚ ਹੀ ਮਿਲਿਆ ਹੋਵੇ।" ਮੈਂ ਆਖਿਆ, "ਉਹੀ ਸੀ ਜੋ ਪਿੰਡੇ ਤੋਂ ਨੰਗਾ ਅਤੇ ਤੇੜ ਕਛਹਿਰਾ?" ਕਹਿਣ ਲੱਗੇ, "ਹਾਂ ਜੀ, ਉਹ ਹੀ ਹੈ, ਬੜੀ ਅਵਧੂਤ ਬਿਰਤੀ ਵਿਚ ਰਹਿੰਦੇ ਹਨ।" ਇਹ ਗੱਲ ਕਰਦੇ ਹੀ ਸਾਂ ਕਿ ਓਹੀ ਔਲੇ ਮੌਲੇ ਸਿੰਘ ਭੈਂਸ ਨੂੰ ਬਾਹਰ ਛਡ ਕੇ ਆ ਕੇ ਮੇਰੇ ਪਾਸ ਆ ਬੈਠੇ। ਨੇਤ੍ਰ ਦੇ ਨੇਤ੍ਰ ਮਿਲਣ ਦੀ ਦੇਰ ਸੀ ਕਿ ਇਕ-ਮਿਕ ਹੋ ਗਏ। ਪਰ ਇਕ ਛਿਨ ਵਿਚ ਹੀ ਉਹ ਮੈਨੂੰ ਉਥੋਂ

ਉਠਾ ਕੇ ਲੈ ਤੁਰੇ, ਇਹ ਆਖ ਕੇ ਕਿ ਚਲੋ ਮਾਸਟਰ ਨਿਰੰਜਨ ਸਿੰਘ ਜੀ ਦੇ ਪਾਸ ਸਕੂਲੇ ਚਲੀਏ। ਅਗੇ ਅਗੇ ਉਹ ਅਤੇ ਪਿਛੇ ਮੈਂ, ਗੁੰਗੁਸ਼ਟ ਦਸ਼ਾ ਵਿਚ ਹੀ ਤੁਰਦੇ ਤੁਰਦੇ ਪ੍ਰਾਇਮਰੀ ਸਕੂਲ ਦੇ ਹਾਤੇ ਵਿਚ ਜਾ ਵੜੇ। ਅਗੋਂ ਮੈਨੂੰ ਦੇਖ ਕੇ ਭਾਈ ਨਿਰੰਜਨ ਸਿੰਘ ਜੀ ਬੜੀ ਹੈਰਾਨਗੀ ਵਿਚ ਧਾ ਕੇ, ਆ ਕੇ, ਮੈਨੂੰ ਮਿਲੇ। ਹੈਰਾਨਗੀ ਵਿਚ ਪੁਛਦੇ ਹਨ, "ਤੁਹਾਡਾ ਇਥੇ ਕਿਵੇਂ ਆਉਣਾ ਹੋਇਆ ਹੈ?" ਮੈਂ ਆਖਿਆ, "ਇਨ੍ਹਾਂ ਪਿਆਰਿਆਂ ਪਾਸੋਂ ਹੀ ਪੁਛੋ।" ਪਿਆਰੇ ਹੱਸ ਕੇ, ਵੀਰ ਨਿਰੰਜਨ ਸਿੰਘ ਜੀ ਦੇ ਸਨਮੁਖ ਬੋਲ ਕੇ ਆਖਣ ਲਗੇ, "ਚਲੋ ਸਕੂਲ ਨੂੰ ਛੁਟੀ ਦਿਓ, ਹੁਣ ਆਥਣ ਹੋ ਚਲਿਆ ਹੈ, ਚਲ ਕੇ ਕੁਟੀਆ ਵਿਚ ਕੀਰਤਨ ਕਰੀਏ।" ਇਸ਼ਾਰਾ ਹੋਣਾ ਹੀ ਸੀ ਕਿ ਭਾਈ ਨਿਰੰਜਨ ਸਿੰਘ ਨੇ ਮੁੰਡਿਆਂ ਕੁੜੀਆਂ ਨੂੰ ਛੁਟੀ ਦੇ ਕੇ ਸਕੂਲ ਬੰਦ ਕਰ ਦਿਤਾ (ਮੁੰਡੇ ਕੁੜੀਆਂ ਇਕੱਠੇ ਹੀ ਪੜ੍ਹਦੇ ਸੀ)।

ਅਸੀਂ ਤਿੰਨੇ ਜਣੇ, ਭਾਈ ਸਰਵਣ ਸਿੰਘ ਜੀ ਦੀ ਕੁਟੀਆ ਨੂੰ ਸਿਧੇ ਹੋ ਗਏ, ਜੋ ਪਿੰਡ ਤੋਂ ਬਾਹਰਵਾਰ ਇਕ ਇਕਾਂਤ ਬੜੇ ਖੇਤ ਵਿਚ ਛੱਪਰ ਪਾ ਕੇ ਸਜਾਈ ਹੋਈ ਸੀ। ਅਗੇ ਵਾਜਾ, ਢੋਲਕੀ ਅਤੇ ਛੈਣੇ ਉਥੇ ਪਏ ਹੋਏ ਸਨ। ਭਾਈ ਸਰਵਣ ਸਿੰਘ ਜੀ ਨੇ ਵਾਜਾ ਮੈਨੂੰ ਫੜਾ ਦਿਤਾ, ਆਪ ਢੋਲਕੀ ਲੈ ਲਈ, ਛੈਣੇ ਮਾਸਟਰ ਨਿਰੰਜਨ ਸਿੰਘ ਨੂੰ ਫੜਾ ਦਿਤੇ। ਅਗੰਮੀ ਤਰੰਗਾਂ ਉਠੀਆਂ ਅਤੇ ਕੀਰਤਨ ਆਰੰਭ ਹੋ ਗਿਆ। ਭਾਈ ਸਰਵਣ ਸਿੰਘ ਜੀ ਕੀਰਤਨ ਦੇ ਧਨੀ ਸਨ, ਢੋਲਕੀ ਵਾਜਾ ਵਜਾਉਣ ਵਿਚ ਵੀ ਖੂਬ ਪ੍ਰਬੀਨ ਸਨ। ਪਹਿਲੇ ਸ਼ਬਦ ਵਿਚ ਹੀ ਮਸਤੂਲ ਮਸਤ ਹੋ ਗਏ। ਕੀਰਤਨ ਕਰਦਿਆਂ ਆਪਣੇ ਆਪ ਦੀ ਸੁਧ ਬੁਧ ਹੀ ਨਾ ਰਹੀ। ਮੇਰੀਆਂ ਅੱਖਾਂ ਖੁਲ੍ਹੀਆਂ ਤਾਂ ਕੀ ਦੇਖਦਾ ਹਾਂ ਕਿ ਸਾਡੇ ਤਿੰਨਾਂ ਦੇ ਨਾਲ ਓਸੇ ਪਿੰਡ ਦੇ ਇਕ ਭਾਈ ਵਰਿਆਮ ਸਿੰਘ ਜੀ ਵੀ ਬੈਠੇ ਹਨ ਅਤੇ ਬੜੇ ਹਲੋਰਿਆਂ ਨਾਲ ਕੀਰਤਨ ਕਰ ਰਹੇ ਹਨ। ਚਹੁੰਆਂ ਦਾ ਕੀਰਤਨ ਉਸ ਇਕਾਂਤ-ਕੁਟੀਆ ਵਿਖੇ ਘੰਟਿਆਂ ਬੱਧੀ ਹੁੰਦਾ ਰਿਹਾ ਕਿ ਅਚਾਨਕ ਹੀ ਇਕ ਅਵਾਜ਼ ਆਈ ਕਿ ਰਹਿਰਾਸ ਦਾ ਸਮਾਂ ਹੋ ਗਿਆ ਹੈ, ਰਹਿਰਾਸ ਸਾਹਿਬ ਦਾ ਪਾਠ ਕਰੋ, ਸੋਦਰ ਲਾਵੋ। ਸੋਦਰ ਕੀਰਤਨ ਹੋ ਕੇ ਰਹਿਰਾਸ ਸਾਹਿਬ ਦਾ ਪਾਠ ਹੋਇਆ। ਅਰਦਾਸ ਕਰ ਕੇ ਗੁਰੂ ਮਹਾਰਾਜ ਦਾ ਵਾਕ ਲਿਆ। ਵਾਕ ਦੇ ਛੰਦ ਦੀ ਪਿਛਲੀ ਤੁਕ ਮੈਨੂੰ ਯਾਦ ਹੈ –

"ਸਾਜਨ ਆਇ ਵੁਠੇ ਘਰ ਮਾਹੀ॥"

ਗੁਰੂ ਮਹਾਰਾਜ ਦਾ ਸੁਖਾਸਨ ਕਰਾ ਦਿਤਾ। ਫੇਰ ਅਸੀਂ ਵਾਜਾ ਵੀਰ ਸਰਵਣ ਸਿੰਘ ਅਗੇ ਰਖ ਦਿਤਾ ਕਿ ਕੀਰਤਨ ਕਰੋ। ਢੋਲਕੀ ਭਾਈ ਨਿਰੰਜਨ ਸਿੰਘ ਨੂੰ ਫੜਾ ਦਿਤੀ। ਛੈਣੇ ਭਾਈ ਵਰਿਆਮ ਸਿੰਘ ਜੀ ਨੂੰ ਫੜਾਏ ਅਤੇ ਕੀਰਤਨ ਫੇਰ ਆਰੰਭ ਹੋ ਗਿਆ। ਮੈਨੂੰ ਹੁਣ ਤਾਈਂ ਯਾਦ ਹੈ ਕਿ ਭਾਈ ਸਰਵਣ ਸਿੰਘ ਨੇ "ਸਾਜਨ ਆਇ ਵੁਠੇ ਘਰ ਮਾਹੀ" ਵਾਲਾ ਸ਼ਬਦ ਹੀ ਪਹਿਲੇ ਲਿਆ। ਖੂਬ ਕੀਰਤਨ-ਗੂੰਜਾਰ ਉਠੀ। ਦੋ ਘੰਟੇ ਲਗਾਤਾਰ ਅਖੰਡ ਕੀਰਤਨ ਹੁੰਦਾ ਰਿਹਾ। ਯਕਾ ਯਕ ਨਾਰੰਗਵਾਲ ਤੋਂ ਵਾਇਰਲੈੱਸ ਆਈ, ਜਿਸ ਨੇ ਐਸੀ ਖਿਚ ਪਾਈ ਕਿ ਅਸੀਂ ਤੁਰਤ ਹੀ ਤੁਰ ਪਏ। ਨਾਲ ਹੀ ਮੇਰੇ ਤਿੰਨੇ ਵੀਰ ਮੈਨੂੰ ਛਡਣ ਲਈ ਚਲੇ ਆਉਣ।

ਗੁਜਰਵਾਲ ਢਾਬ ਦਾ ਨਜ਼ਾਰਾ ਤੱਕ ਕੇ ਐਸੀ ਤਰੰਗ ਉਠੀ ਕਿ ਢਾਬ ਤੇ ਜਾ ਬੈਠੇ, ਜੋ ਨਾਰੰਗਵਾਲ ਤੇ ਗੁਜਰਵਾਲ ਦੇ ਵਿਚਕਾਰ ਉਦਿਆਨ-ਇਕਾਂਤ ਵਿਚ ਵਾਕਿਆ ਹੈ। ਇਸ ਚੋਜ-ਵਿਡਾਣੀ ਢਾਬ ਦੀ ਭੀ ਬੜੀ ਅਸਚਰਜ ਕਥਾ ਹੈ। ਇਥੇ ਕਿਸੇ ਸਮੇਂ ਨਦੀ ਵਹਿੰਦੀ ਹੁੰਦੀ ਸੀ। ਕਈ ਵਾਰ ਆਪਣੀ ਵਜਦ-ਸਮਾਧੀ ਤੋਂ ਸਾਵਧਾਨ ਹੋ ਕੇ ਵੀਰ ਸਰਵਣ ਸਿੰਘ ਜੀ ਦਸਿਆ ਕਰਦੇ ਸਨ ਕਿ ਇਥੋਂ ਦੀ ਢਾਬ-ਕਿਨਾਰੇ ਉਪਰ ਦੀ ਨੀਲੇ ਘੋੜੇ ਦੀਆਂ ਟਾਪਾਂ ਸੁਣੀਦੀਆਂ ਹੁੰਦੀਆਂ ਸਨ ਅਤੇ ਨੀਲੇ ਘੋੜੇ ਦੇ ਸ਼ਾਹ-ਸਵਾਰ ਦੀਆਂ ਅਗੰਮੀ ਫੇਰੀਆਂ ਅਕਸਰ ਇਸ ਰਸਤੇ ਪਈਆਂ ਹਨ। ਸਮੇਂ ਦੇ ਫੇਰ ਵਿਚ ਐਸਾ ਗੇੜ ਬੱਝਾ ਕਿ ਇਥੇ ਸੁੱਕੀ ਢਾਬ ਹੀ ਰਹਿ ਗਈ। ਇਸ ਢਾਬ ਦੇ ਸਮੀਪ ਹੀ ਇਕ ਪਿਪਲੀ ਹੋਇਆ ਕਰਦੀ ਸੀ, ਜੋ ਅਸੀਂ ਆਪਣੀ ਅਖੀਂ ਦੇਖੀ ਹੈ। ਸਾਡੇ ਦਾਦੇ ਪੜਦਾਦੇ ਦੇ ਵਕਤ ਇਥੇ ਨਾਰੰਗਵਾਲ ਤੇ ਗੁਜਰਵਾਲ ਦੋਹਾਂ ਪਿੰਡਾਂ ਦੀ ਹਦਬੰਦੀ ਦੇ ਝਗੜੇ ਕਾਰਨ ਲੜਾਈਆਂ ਭੀ ਹੋਈਆਂ। ਖਾਸਾ ਚਿਰ ਹੁੰਦੀਆਂ ਰਹੀਆਂ। ਦੋਹਾਂ ਧਿਰਾਂ ਦੇ ਗੱਭਰੂ ਜੋਧੇ ਮਾਰ ਮਾਰ ਕਰਦੇ ਸ਼ਹੀਦ ਭੀ ਹੋ ਗਏ। ਓੜਕ ਇਸ ਢਾਬ ਦੇ ਪਾਸ ਹੀ ਹਦ-ਬੰਨਾ ਦੋਹਾਂ ਪਿੰਡਾਂ ਦਾ ਬੱਝ ਗਿਆ। ਇਹ ਢਾਬ ਗੁਜਰਵਾਲ ਦੀ ਜੂਹ ਵਿਚ ਰਹਿ ਗਈ। ਇਹ ਢਾਬ ਅਤੇ ਪਿਪਲੀ ਦੇ ਨੇੜੇ ਨੇੜੇ ਖਾਸੀ ਦੂਰ ਤਾਈਂ, ਨਾ ਦਿਨੇ ਨਾ ਰਾਤ ਕੋਈ ਪਾਂਧੀ ਲੰਘਿਆ ਕਰਦਾ ਸੀ। ਅਕਸਰ ਲੋਕ ਇਸ ਜਗ੍ਹਾ 'ਹਾੜ' ਬੋਲਿਆ ਸੁਣਿਆ ਕਰਦੇ ਸਨ। ਏਵੇਂ ਅਵਾਜ਼ਾਂ ਆਵਣੀਆਂ ਕਿ ਮਾਰੋ ਮਾਰੋ, ਸੋਧੋ, ਫੜੋ ਫੜੋ, ਸਿਰ ਲਾਹ ਦਿਓ, ਆਦਿਕ। ਇਹੋ ਜਿਹੀਆਂ ਭਿਅੰਕਰ ਅਵਾਜ਼ਾਂ ਆਉਂਦੀਆਂ ਸਨ। ਇਸ ਜਗ੍ਹਾ ਤੋਂ ਡਰਦੇ ਹੋਏ ਲੋਕ ਏਥੋਂ ਨਹੀਂ ਲੰਘਿਆ ਕਰਦੇ ਸਨ।

ਅਸੀਂ ਆਪਣੀ ਅੱਖੀਂ ਪਿਪਲੀ ਦੇਖੀ ਹੈ ਤੇ ਆਪਣੇ ਕੰਨੀਂ ਹਾੜ ਬੋਲਦਾ ਸੁਣਿਆ ਹੈ। ਅੰਮ੍ਰਿਤ ਛਕਣ ਸਾਰ ਸਾਡੇ ਡਰ ਭੌ ਸਭ ਲਥ ਗਏ ਸਨ। ਪ੍ਰਮਾਰਥੀ ਪ੍ਰੇਮ ਦੇ ਪ੍ਰਬਲ ਹੋਣ ਕਾਰਨ ਨਾਮ ਅਭਿਆਸ ਲਈ ਇਕਾਂਤ ਜਗ੍ਹਾ ਢੂੰਡਦੇ ਢੂੰਡਦੇ ਸਾਨੂੰ ਇਹੋ ਹੀ ਜਗ੍ਹਾ ਪਸੰਦ ਆਈ। ਇਥੇ ਆ ਕੇ ਸਾਰੀ ਸਾਰੀ ਰਾਤ ਉਚੀ ਉਚੀ ਨਾਮ ਦਾ ਖੰਡਾ ਖੜਕਾਣਾ, ਲੋਕੀ ਸਮਝਣ ਕਿ ਹਾੜ ਬੋਲਦਾ ਹੈ, ਕਿਸੇ ਨੇ ਨੇੜੇ ਨਾ ਢੁਕਣਾ।

ਇਸ ਢਾਬ ਉਤੇ ਬੜੀਆਂ ਹੀ ਅਭਿਆਸ ਕਮਾਈਆਂ ਹੋਈਆਂ, ਕੀਰਤਨ ਬਿਹਬਲਤਾ ਦੀਆਂ ਰਾਮ ਦੁਹਾਈਆਂ ਹੋਈਆਂ। ਹਾੜ ਬੋਲਣਾ ਤਾਂ ਦੋ ਰਾਤਾਂ ਵਿਚ ਬੰਦ ਹੋ ਗਿਆ ਸੀ। ਫੇਰ ਤਾਂ ਨਾਮ ਦੀ ਖੰਡਾ-ਖੜਕਾਈ-ਛਿੰਝ ਹੀ ਪੈਂਦੀ ਰਹੀ। ਉਹ ਪਿਪਲੀ ਸੁਕ ਗਈ ਸੀ, ਢੇਰ ਚਿਰ ਤੋਂ ਲਕੜੀ ਦਾ ਨਿਸ਼ਾਨ ਭੀ ਨਹੀਂ ਰਿਹਾ ਸੀ। ਦਿਨੇ ਭੀ ਏਥੇ, ਰਾਤ ਨੂੰ ਭੀ ਏਥੇ ਨਾਮ ਅਭਿਆਸ ਦੀਆਂ ਨੌਬਤਾਂ ਵਜਦੀਆਂ ਰਹਿਣ। ਅਕਸਰ ਦਾਸ ਇਕੱਲਾ ਹੀ ਏਥੇ ਗਜਿਆ ਸਜਿਆ ਕਰਦਾ ਸੀ।

ਇਸ ਢਾਬ ਦੇ ਲਾਗੇ ਛਾਗੇ ਗੁਜਰਵਾਲ ਦੇ ਇਕ ਪੁਰਾਤਨ ਪ੍ਰੇਮੀ ਬਾਬਾ ਜੈਮਲ ਸਿੰਘ ਜੀ ਦੀ ਮਲਕੀਅਤ ਜ਼ਮੀਨ ਸੀ। ਇਹ ਬਾਬਾ ਦੂਰੋਂ ਨੇੜਿਓਂ ਮੈਨੂੰ ਏਥੇ ਬੈਠਿਆਂ ਨੂੰ ਦੇਖਦਾ ਸੀ। ਇਹ ਇਕ ਬੜੀ ਉਦਾਰ-ਚਿਤ ਧਰਮੀ ਮੂਰਤੀ ਸੀ। ਭਜਨ ਦਾ ਪਰਤਾਪ ਦੇਖ ਕੇ ਇਸ ਬਾਬੇ ਜੈਮਲ ਸਿੰਘ ਨੇ ਇਸ ਢਾਬ ਨੂੰ ਪੁਟਵਾ ਕੇ ਪਾਣੀ ਹਾਂਡੇ ਕਰ ਦਿਤਾ। ਹੇਠੋਂ ਕੁੰਗੂ ਵਰਗਾ ਪਾਣੀ ਨਿਕਲ ਆਇਆ। ਉਪਰੋਂ ਵਰਖਾ ਸਮੇਂ ਸਾਵਣ ਭਾਦਰੋਂ ਦੀਆਂ ਝੜੀਆਂ ਵਿਚ ਰੋਹੀ ਦੇ ਖੇਤਾਂ ਦਾ ਮੀਂਹ ਦਾ ਪਾਣੀ

ਸਾਰਾ ਏਥੇ ਆ ਕੇ ਜਮ੍ਹਾ ਹੋ ਜਾਣਾ। ਸਰਦੀਆਂ ਵਿਚ ਇਸ ਪਾਣੀ ਨੇ ਕੁੰਗੂ ਵਰਗਾ ਸਾਫ ਸੁਥਰਾ ਨਿਤਰ ਆਉਣਾ। ਇਕ ਵਿਘੇ ਦੇ ਵਿਸਥਾਰ ਵਿਚ ਇਥੇ ਡੱਲ ਡੱਲ ਕਰਦੀ ਨਿਖਰਵੇਂ ਅਤੇ ਨਿਤਰਵੇਂ ਪਾਣੀ ਦੀ ਚੌੜੀ ਜਿਹੀ ਝੀਲ ਬਣੀ ਰਹਿੰਦੀ ਸੀ। ਹੁਨਾਲੇ ਸਿਆਲੇ ਕਦੇ ਭੀ ਪਾਣੀ ਸੁਕਣਾ ਨਹੀਂ ਪੈਂਦਾ ਸੀ। ਇਸ ਬਾਬੇ ਨੇ ਮਹਿਜ਼ ਭਜਨ ਪਰਤਾਪੀ ਭਜਨੀਕ ਜਨਾਂ ਦੀ ਖਾਤਰ ਇਸ ਢਾਬ ਦੇ ਦੁਆਲੇ ਚਾਰ ਚੁਫੇਰੇ ਤ੍ਰਿਬੈਣੀਆਂ ਲਾ ਦਿੱਤੀਆਂ ਸਨ, ਜਿਨ੍ਹਾਂ ਦੀ ਖਾਸੀ ਘਣੀ ਛਾਉਂ ਹੋ ਗਈ। ਪਰ ਜੇਲ੍ਹ-ਯਾਤਰਾ ਦੇ ਲੰਮੇ ਅਰਸੇ ਅੰਦਰ ਤ੍ਰਿਬੈਣੀਆਂ ਸੁੱਕ-ਸੱਕ ਗਈਆਂ। ਉਹ ਉਪਕਾਰੀ ਬਾਬਾ ਵੀ ਚੜ੍ਹਾਈਆਂ ਕਰ ਚੁਕਾ ਸੀ। ਉਸ ਦੇ ਪਿਛੋਂ ਕੋਈ ਰਾਖਾ, ਬਾੜ ਕਰਨੇ ਵਾਲਾ ਅਤੇ ਪਾਣੀ ਦੀ ਆੜ ਲਾਉਣ ਵਾਲਾ ਨ ਰਿਹਾ। ਸੁੰਨੀ ਉਜਾੜ ਦੇਖ ਕੇ ਊਠਾਂ ਵਾਲਿਆਂ ਨੇ ਊਠਾਂ ਨੂੰ ਪਾ ਕੇ ਖਾ ਚਰਾ ਕੇ ਤ੍ਰਿਬੈਣੀਆਂ ਖਰਾਬ ਕਰ ਦਿਤੀਆਂ।

ਉਸ ਉਪਕਾਰੀ ਬਾਬੇ ਦੀਆਂ ਬੜੀਆਂ ਉੱਚੀਆਂ ਦਲੀਲਾਂ ਸਨ, ਜੋ ਮਨ ਦੀਆਂ ਉਸ ਦੇ ਮਨ ਵਿਚ ਹੀ ਰਹਿ ਗਈਆਂ। ਖੈਰ! ਜਿਸ ਸਮੇਂ ਦਾ ਅਸੀਂ ਜ਼ਿਕਰ ਕਰਦੇ ਹਾਂ (ਜਿਸ ਜ਼ਿਕਰ ਅੰਦਰ ਇਸ ਢਾਬ-ਅਸਥਾਨ ਦਾ ਕੁਝ ਟੂਕ ਮਾਤਰ ਬਿਰਤਾਂਤ ਕਰਨਾ ਅਰੰਭ ਹੋ ਗਿਆ ਹੈ) ਓਦੋਂ ਵੀ ਇਥੇ ਖਾਸੀ ਰੌਣਕ ਸੀ।

ਭਾਈ ਸਰਵਣ ਸਿੰਘ ਦੀ ਆਤਮ-ਬਿਰਤੀ –

ਅਸੀਂ ਚਾਰੇ ਨਵਲ ਬੇਲੀ, ਨਾਮ ਕੀਰਤਨ ਦੇ ਬੇਲੀ ਜਨ, ਇਥੇ ਆ ਜੰਮੇ ਅਰ ਵੇਹਲੇ ਨਹੀਂ ਬੈਠੇ। ਆਉਂਦੇ ਹੀ ਫਿਰ ਕੀਰਤਨ ਅਰੰਭ ਦਿਤਾ (ਸਾਜ ਸਾਡੇ ਪਾਸ ਹੈ ਹੀ ਸਨ) ਕੀਰਤਨ ਕਰਦੇ ਕਰਦੇ ਸਾਜ ਹੱਥਾਂ ਵਿਚ ਹੀ ਰਹਿ ਗਏ ਅਤੇ ਨਾਮ-ਸਮਾਧੀਆਂ ਵਿਚ ਜੁੜ ਗਏ। ਤਕੜੀ ਰਾਤ ਗਈ ਪਿਛੋਂ ਦਾਸ ਦੀ ਸੁਪਤਨੀ ਕਰਤਾਰ ਕੌਰ ਨੂੰ, ਆਸ-ਉਡੀਨੀ ਬੈਠੀ ਨੂੰ, ਆਤਮ-ਵਾਇਰਲੈੱਸ ਦਾ ਹਲੂਣਾ ਵਜਿਆ, ਉਹ ਤੁਰਤ ਹੀ ਪਰਸ਼ਾਦੇ ਸਜਾ ਕੇ ਢਾਬ ਤੇ ਲੈ ਆਈ। ਅੱਧੀ ਰਾਤੋਂ ਸਾਨੂੰ ਆ ਹਲੂਣਿਆ। ਜਲ ਪਰਸ਼ਾਦ ਦਾ ਸਰਬ ਲੋਹੀ ਗੜਵਾ ਭਰਿਆ ਹੋਇਆ ਉਨ੍ਹਾਂ ਦੇ ਪਾਸ ਸੀ। ਚਾਰ ਸਰਬਲੋਹੀ ਬਾਟੇ ਲੈ ਆਈ ਸੀ, ਹੱਥ ਧੁਆ ਕੇ ਸਾਡੇ ਅਗੇ ਪਰਸ਼ਾਦੇ ਪਰੋਸ ਦਿਤੇ। ਅਧਮੀਟੀਆਂ ਪ੍ਰੇਮ-ਕਸਾਈਆਂ ਅੱਖੀਆਂ ਨਾਲ ਪ੍ਰੇਮ ਮੂਰਤੀ ਵਲ ਤਕਦੇ ਹੋਏ, ਗਫੇ ਲਾਵਣ ਲਗ ਪਏ। ਭਾਈ ਸਰਵਣ ਸਿੰਘ ਜੀ ਦੀ ਤਾਂ ਉਨ੍ਹਾਂ ਨੂੰ ਤਕ ਕੇ ਪ੍ਰੇਮ-ਕਿਲਕਾਰਨੀ-ਡਾਡ ਨਿਕਲ ਗਈ। ਨਿਰਬਲ ਹੋ ਕੇ ਉਨ੍ਹਾਂ ਦੇ ਚਰਨਾਂ ਤੇ ਢਹਿ ਪਏ ਅਤੇ ਸਨਮੁਖ ਹੋ ਕੇ ਇਹ ਸ਼ਬਦ ਉਚਾਰਨ ਲਗੇ, "ਏਸ ਪੂਜਨੀਕ ਪ੍ਰੇਮ-ਨਿਧ ਬੇਬੇ ਜੀ ਦੇ ਇਸ ਸਮੇਂ ਅਨੂਪਮ ਦਰਸ਼ਨ ਦੇਣ ਦੇ ਕਾਰਨ ਮੇਰੀ ਸੂਖਸ਼ਮ ਹਉਮੈ ਦੇ ਕੜ ਟੁਟ ਗਏ ਹਨ। ਮੈਨੂੰ ਕਈ ਵਾਰ ਇਸ ਸੂਖਸ਼ਮ ਹਉਮੈ ਦੇ ਫੁਰਨੇ ਫੁਰਿਆ ਕਰਦੇ ਸਨ ਕਿ ਮੇਰੇ ਹੀ ਕਪਾਟ ਖੁਲ੍ਹੇ ਹੋਏ ਹਨ। ਮੈਨੂੰ ਇਹੋ ਜਿਹੀਆਂ ਸੋਝੀਆਂ ਸੁਤੇ ਸਿਧ ਹੀ ਪੈਂਦੀਆਂ ਰਹਿੰਦੀਆਂ ਹਨ, ਇਸ ਸੂਖਸ਼ਮਤਾ ਦਾ ਮੈਨੂੰ ਸੂਖਮ ਜਿਹਾ ਹੰਕਾਰ ਸੀ, ਜੋ ਮੇਰਾ ਅੱਜ ਪਾਸ਼ ਪਾਸ਼ ਹੋ ਗਿਆ ਹੈ। ਮੈਂ ਹੈਰਾਨ ਹਾਂ, ਅਤਿ ਅਸਚਰਜ ਹਾਂ ਕਿ ਕਿਵੇਂ ਬੇਬੇ ਜੀ ਨੂੰ, ਸਾਡੇ ਏਥੇ ਬੈਠਿਆਂ ਦੀ ਸੂਝ ਬੂਝ, ਇਕ ਮੀਲ ਤੋਂ ਘਰ ਬੈਠੀ ਨੂੰ ਹੋ ਗਈ। ਫੇਰ ਦੂਰ ਬੈਠੀ ਨੇ ਇਹ ਗੱਲ ਜਾਂਚ ਲਈ ਕਿ ਅਸੀਂ ਪਰਸ਼ਾਦਾ ਛਕਣ ਵਾਲੇ ਚਾਰ ਪੁਰਸ਼ ਹਾਂ। ਚਾਰੇ ਬਾਟੇ ਲੈ ਆਈ ਅਤੇ ਚੌਹਾਂ ਦੇ ਰੱਜਣ ਜੋਗੇ ਗਫੇ ਲੈ ਆਈ!"

ਮੇਰੇ ਬਾਟੇ ਵਿਚ ਗਫਿਆਂ ਦਾ ਛਾਂਦਾ ਜੋ ਰਹਿ ਗਿਆ ਸੀ, ਉਹ ਉਨ੍ਹਾਂ ਨੇ (ਕਰਤਾਰ ਕੌਰ ਨੇ) ਛਕਿਆ ਭੁੰਚਿਆ। ਉਹ ਅਜੇ ਤਾਈਂ ਕੜਾਕੇ ਤੇ ਹੀ ਸਨ। ਸਾਨੂੰ ਛਕਾਏ ਤੋਂ ਬਿਨਾਂ ਪਹਿਲੇ ਨਹੀਂ ਛਕਦੇ ਸਨ।

ਅੱਧੀ ਰਾਤ ਟਪ ਚੁਕੀ ਸੀ, ਖਿਤੀਆਂ ਸਿਖਰ ਤੋਂ ਢਲ ਕੇ ਲਹਿੰਦੇ ਵਲ ਨੂੰ ਆ ਚੁਕੀਆਂ ਸਨ। ਭਾਈ ਸਰਵਣ ਸਿੰਘ ਜੀ ਆਪਣੇ ਢਿਡ ਤੇ ਹੱਥ ਫੇਰ ਕੇ ਕਹਿਣ ਲਗੇ, "ਹੁਣ ਤਾਂ ਬੈਠਿਆ ਨਹੀਂ ਜਾਂਦਾ। ਅਸੀਂ ਵਾਪਸ ਫਲੇਵਾਲ ਮੁੜਦੇ ਹਾਂ, ਅਤੇ ਜਾ ਕੇ ਬਿਸਰਾਮ ਕਰਦੇ ਹਾਂ, ਤੁਸੀਂ ਭੀ ਬੇਬੇ ਜੀ ਨਾਲ ਨਾਰੰਗਵਾਲ ਜਾਉ।" ਓਦੋਂ ਤਾਂ ਅਸੀਂ ਮੁੜ ਗਏ, ਪਰੰਤੂ ਕਈ ਵਾਰ ਅਜਿਹੀਆਂ ਨੌਬਤਾਂ ਆਈਆਂ, ਕਿ ਮੈਂ ਤੇ ਭਾਈ ਸਰਵਣ ਸਿੰਘ ਜੀ ਨੇ ਸਾਰੀ ਰਾਤ ਦੋਹਾਂ ਪਿੰਡਾਂ ਦੇ ਵਿਚਕਾਰ ਹੀ ਘੁੰਮਦੇ ਰਹਿਣਾ। ਪ੍ਰੇਮ-ਬਾਹੁੜੀਆਂ ਉਵਲਾਇ ਕੇ, ਅਤੇ ਕੰਘੀਆਂ ਪਾ ਕੇ, ਨਾਮ-ਅਭਿਆਸਣੀ-ਲਟਕ ਵਿਚ ਉਦਿਆਨ ਫਿਰੇਂਦਿਆਂ ਘੁਮੇਂਦਿਆਂ ਹੀ ਸਾਰੀ ਸਾਰੀ ਰੈਣ ਬਿਤਾ ਦੇਣੀ।

ਵੀਰ ਭਾਈ ਸਰਵਣ ਸਿੰਘ ਜੀ ਬੜੇ ਅਥੱਕ ਕੀਰਤਨੀਏ ਸਨ, ਪੰਚਮ ਦੀ ਸੁਰ ਤੋਂ ਹੇਠਾਂ ਕਦੇ ਕੀਰਤਨ ਨਹੀਂ ਕਰਦੇ ਸਨ। ਪ੍ਰੇਮ ਦੀ ਗੁੰਜਾਰ ਵਿਚ ਕੀਰਤਨ ਦੀ ਧੁੰਨਕਾਰ ਕਦੇ ਮੁਕਣੀ ਹੀ ਨਹੀਂ ਪਾਉਂਦੀ ਸੀ, ਚੜ੍ਹਦੀ ਤੋਂ ਚੜ੍ਹਦੀ ਕਲਾ ਵਿਤ ਕੀਰਤਨ ਕਰਨਾ। ਢੋਲਕੀ ਵਜਾਉਣੀ, ਤਦ ਵੀ ਹੱਦ ਮੁਕਾ ਦੇਣੀ। ਇਨ੍ਹਾਂ ਦੀਆਂ ਬਾਹਵਾਂ ਕਦੇ ਨਹੀਂ ਥਕਦੀਆਂ ਸਨ, ਹੱਥ ਕਦੇ ਨਹੀਂ ਅੰਬਦੇ ਸਨ। ਕੀਰਤਨ ਕਰਦੇ ਕਰਦੇ, ਅਭਿਆਸ ਵਿਚ ਮਸਤ ਹੋ ਕੇ ਦਸਵੇਂ ਦੁਆਰ ਜਾ ਚੜ੍ਹਨਾ। ਦਸਵੇਂ ਦੁਆਰ ਜਾ ਚੜ੍ਹਨ ਦੀ ਕੜੱਕ ਕਰ ਕੇ ਅਵਾਜ਼ ਆਉਣੀ। ਫੇਰ ਤਾਂ ਉਨ੍ਹਾਂ ਦਾ ਸਰੀਰ ਘੰਟਿਆਂ ਬੱਧੀ ਬੇ-ਹਿਸੋ-ਹਰਕਤ ਹੀ ਰਹਿਣਾ। ਇਸ ਅਵਸਥਾ ਵਿਚ ਉਨ੍ਹਾਂ ਦਾ ਸਾਰਾ ਸਰੀਰ ਲੋਹੇ ਦੀ ਲਠ ਵਾਂਗੂ ਕਰੜਾ ਤੇ ਸਖਤ ਹੋ ਜਾਣਾ। ਹਿਲਣਾ ਜੁਲਣਾ ਤਾਂ ਕੀ ਸੀ, ਸਾਹ ਸਤ ਵੀ ਆਵਣਾ ਬੰਦ ਹੋ ਜਾਣਾ। ਕਈ ਵਾਰ ਅਜ਼ਮਾਅ ਕੇ ਦੇਖਿਆ ਗਿਆ ਕਿ ਇਸ ਦਸ਼ਾ ਵਿਚ ਉਨ੍ਹਾਂ ਦੀ ਲੋਹੇ-ਲਠ ਹੋਈ ਬਾਂਹ ਨੂੰ ਦਸ ਦਸ ਆਦਮੀ ਵੀ ਮੋੜ ਮਚੋੜ ਨਹੀਂ ਸਕਦੇ ਸਨ। ਬਾਹਵਾਂ ਨੇ ਸਿਧੀਆਂ ਸਤੋਰ ਹੀ ਰਹਿਣਾ। ਜਿਨ੍ਹਾਂ ਸ਼ਬਦ-ਮਾਰਗੀ ਗੁਰਮੁਖ ਜਨਾਂ ਨੇ ਉਨ੍ਹਾਂ ਦੀ ਇਸ ਦਸ਼ਾ ਦਾ ਭੇਤ ਪਾ ਲਿਆ ਸੀ, ਉਨ੍ਹਾਂ ਨੇ ਤਾਂ ਭਾਈ ਸਰਵਣ ਸਿੰਘ ਜੀ ਨੂੰ ਹਮੇਸ਼ਾ ਆਪਣੇ ਰੰਗਾਂ ਵਿਚ ਹੀ ਰਹਿਣ ਦੇਣਾ, ਕਦੇ ਹਿਲਾਣਾ ਚਲਾਉਣਾ ਬੁਲਾਉਣਾ ਨਹੀਂ। ਆਤਮ-ਤਰੰਗ ਮੁੜਵੀਂ ਵੇਗ ਵਿਚ ਜਦੋਂ ਉਨ੍ਹਾਂ ਦੇ ਸੁਆਸ ਦਸਮੇ ਦੁਆਰ ਤੋਂ ਉਤਰ ਆਉਣੇ, ਤਦੋਂ ਉਨ੍ਹਾਂ ਦਾ ਸਾਰਾ ਸਰੀਰ ਹਲਕਾ ਫੁਲਕਾ ਅਤੇ ਲਿਸ਼ਕਵਾਂ ਨਿਕਲ ਆਉਣਾ, ਇਹ ਸਾਡੀ ਅੱਖੀਂ ਦੇਖੀ ਸ਼ਹਾਦਤ ਹੈ।

ਇਸ ਬਿਸਮਾਦੀ ਖੇਡ ਤੋਂ ਅਸੂਝ ਅਤੇ ਅਮੂੜ ਪ੍ਰਾਨੀ ਤਾਂ ਅਕਸਰ ਇਹੋ ਬਕਵਾਸ ਕਰਿਆ ਕਰਦੇ ਸਨ ਕਿ ਇਨ੍ਹਾਂ ਨੂੰ ਮਿਰਗੀ ਦੀ ਬਿਮਾਰੀ ਹੈ। ਸੋਵਤ-ਜਾਗਤ, ਚਲਤ-ਫਿਰਤ,

ਮਾਰਗੀਂ ਧਾਵਤ ਇਨ੍ਹਾਂ ਦਾ ਸੁਆਸ-ਅਭਿਆਸੀ-ਖੰਡਾ ਹਮੇਸ਼ਾ ਜ਼ੋਰੋ-ਜ਼ੋਰ ਖੜਕਦਾ ਰਹਿੰਦਾ ਸੀ। ਕਈ ਸਮੇਂ ਐਸੇ ਆਏ ਕਿ ਰਾਹੀਂ ਪਾਂਧੀਂ ਤੁਰਿਆ ਜਾਂਦਿਆਂ ਭਾਈ ਸਰਵਣ ਸਿੰਘ ਜੀ ਨੇ ਬਿਸਮਾਦ ਮੂਰਛਤ ਹੋ ਕੇ ਡਿਗ ਪੈਣਾ ਤੇ ਘੰਟਿਆਂ ਬਧੀ ਇਕੱਲਿਆਂ ਨੇ ਡਿਗੇ ਹੀ ਪਏ ਰਹਿਣਾ। ਰਾਹੀਆਂ ਪਾਂਧੀਆਂ ਨੇ ਇਨ੍ਹਾਂ ਨੂੰ ਮੁਰਦਾ ਸਮਝ ਕੇ ਡਰ ਕੇ ਨਸ ਜਾਣਾ। ਕਈ ਵਾਰ ਲਾਗ ਦੀ ਵਸੋਂ ਵਿਚੋਂ ਆ ਕੇ ਦੁਹਾਈਆਂ ਪਾਨੀਆਂ ਕਿ ਫਲਾਣੀ ਜਗ੍ਹਾ ਤੇ ਇਕ ਸਿੰਘ ਮਰਿਆ ਪਿਆ ਹੈ, ਉਹਨੂੰ ਜਾ ਕੇ ਚੁਕ ਲਿਆਓ। ਜਾਣ ਵਾਲਿਆਂ ਹਮਦਰਦੀਆਂ ਨੇ ਜਾਣਾ, ਜਾ ਕੇ ਕੀ ਵੇਖਣਾ, ਸਿੰਘ ਹੋਰੀਂ ਸਮਾਧ-ਸਥਿਤ ਹੋਏ ਬੈਠੇ ਖੰਡਾ ਖੜਕਾ ਰਹੇ ਹਨ।

ਬੈਰਾਗੀ ਤਿਆਗੀ ਐਸੇ ਸਨ ਕਿ 'ਨਾ ਘਰ ਘਾਮ ਦੀ ਨਾ ਧਨ ਧਾਮ ਦੀ' ਇਹਨਾਂ ਨੂੰ ਕਦੇ ਫਿਕਰ ਚਿੰਤਾ ਦੀ ਸੂਝ ਰਹਿਣੀ ਹੀ ਨਹੀਂ, ਗੁਰੂ ਆਸਰੇ ਨੰਬਰਦਾਰੀ ਦੀ ਕ੍ਰਿਤ ਕਮਾਉਣੀ, ਲਟਬਉਰੀ ਦਸ਼ਾ ਵਿਚ ਢਾਲ ਉਗਰਾਹੁਣੀ ਅਤੇ ਲਟਬਉਰੀ ਦਸ਼ਾ ਵਿਚ ਖਜ਼ਾਨੇ ਤਾਰਨ ਲਈ ਲੁਧਿਆਣੇ ਲੈ ਜਾਵਣੀ। ਇਕ ਦੋ ਐਸੇ ਸਮੇਂ ਭੀ ਹੋਏ ਕਿ ਇਸ ਬਿਧ ਇਕੱਲੀ ਹੋਈ ਢਾਲ ਦੇ ਪੰਜ ਪੰਜ ਸੌ ਦਮੜੇ ਉਚੱਕਿਆਂ ਨੇ ਚੱਕ ਕੇ ਇਨ੍ਹਾਂ ਦੇ ਪਾਸ ਤੋਂ ਲੈ ਜਾਵਣੇ ਅਤੇ ਹਸੂੰ ਹਸੂੰ ਕਰਦਿਆਂ ਇਨ੍ਹਾਂ ਨੇ ਮੁੜ ਆਉਣਾ। ਪਿੰਡ ਫਲੇਵਾਲ ਨਹੀਂ ਜਾਣਾ, ਕਿ ਲੋਕੀ ਢਾਲ ਦੇ ਰੁਪਏ ਦਾ ਤਕਾਜ਼ਾ ਕਰਨਗੇ। ਮੈਨੂੰ ਆ ਕੇ ਨਾਰੰਗਵਾਲ ਦਸਣਾ, "ਬਾਈ, ਢਾਲ ਤਾਂ ਅੱਜ ਕੋਈ ਚੁਕ ਕੇ ਲੈ ਗਿਆ ਹੈ।" ਅਸੀਂ ਆਖਣਾ, "ਹੱਛਾ ਭਾਈ, ਗੁਰੂ ਰਾਖਾ ਹੈ।" ਇਹ ਸੁਣ ਕੇ ਕੱਛਾਂ ਬਜਾਉਂਦਿਆਂ ਅਤੇ ਚਾਂਭੜਾ ਪਾਉਂਦਿਆਂ ਇਹ ਕਹਿੰਦਿਆਂ ਚਲੇ ਜਾਣਾ ਕਿ ਜੇ ਗੁਰੂ ਰਾਖਾ ਹੈ ਤਾਂ ਆਪੇ ਲਭ ਪਵੇਗੀ। ਐਸੀ ਨੇਤ ਹੋਣੀ ਕਿ ਮੁੜ ਕੇ ਫਲੇਵਾਲ ਵਲ ਜਾਂਦਿਆਂ ਨੂੰ ਢਾਲ ਦੇ ਦਮੜੇ ਲਭ ਪੈਣੇ। ਢਾਲ ਦੇ ਉਚੱਕਿਆਂ ਨੂੰ ਪੁਲਸ ਨੇ ਫੜ ਕੇ ਉਨ੍ਹਾਂ ਦੇ ਪਾਸ ਲੈ ਜਾਣਾ। ਭਾਈ ਸਰਵਣ ਸਿੰਘ ਜੀ ਨੂੰ ਆਖਣਾ, "ਦਸੋ ਭਾਈ ਸਾਹਿਬ ਜੀ, ਇਨ੍ਹਾਂ ਨੂੰ ਕੀ ਸਜ਼ਾ ਦਿਵਾਈਏ?" ਭਾਈ ਸਰਵਣ ਸਿੰਘ ਨੇ ਉਲਟੇ ਪੁਲਸ ਦੇ ਪੈਰੀਂ ਪੈ ਕੇ ਉਨ੍ਹਾਂ ਉਚੱਕਿਆਂ ਨੂੰ ਛੁਡਾ ਦੇਣਾ, ਅਤੇ ਉਚੱਕਿਆਂ ਤੇ ਤਰਸ ਖਾ ਕੇ ਉਨ੍ਹਾਂ ਨੂੰ ਕਹਿਣਾ, "ਭਾਈ, ਤੁਹਾਨੂੰ ਲੋੜ ਹੈ ਤਾਂ ਲੈ ਜਾਓ, ਸਾਨੂੰ ਗੁਰੂ ਹੋਰ ਦੇਵੇਗਾ।" ਕਈ ਚੋਰ ਉਚੱਕੇ ਧਾੜਵੀ ਭਾਈ ਸਰਵਣ ਸਿੰਘ ਜੀ ਦੀ ਇਸ ਦਸ਼ਾ ਤੋਂ ਮੁਤਅੱਸਰ ਹੋ ਕੇ ਸਿਖ ਸਜ ਗਏ ਅਤੇ ਅਗੇ ਨੂੰ ਪਵਿੱਤਰ ਜੀਵਨ ਬਤੀਤ ਕਰਨ ਲਗੇ। ਭਾਈ ਸਰਵਣ ਸਿੰਘ ਜੀ ਨੂੰ ਕਦੇ ਗੁੱਸਾ ਆਉਂਦਾ ਹੀ ਨਹੀਂ ਸੀ।

ਅੰਬਾਲੇ ਸਟੇਸ਼ਨ ਦਾ ਕੌਤਕ -

ਇਕ ਵਾਰ ਦਾ ਜ਼ਿਕਰ ਹੈ ਕਿ ਅਸੀਂ ਜਥੇ ਸਮੇਤ ਸਣੇ ਭਾਈ ਸਰਵਣ ਸਿੰਘ ਜੀ ਦੇ ਅੰਬਾਲੇ ਛਾਉਣੀ ਨੂੰ ਸਿਰੀ ਬਾਬੂ ਮੱਲ ਸਿੰਘ ਅਤੇ ਪਿਆਰਾ ਸਿੰਘ ਜੀ ਦੇ ਪਿਆਰੇ ਪਿਆਰੇ ਦਰਸ਼ਨਾਂ ਨੂੰ ਜਾ ਰਹੇ ਹਾਂ। ਓਦੋਂ ਇਹ ਦੋਵੇਂ ਸਜਣ ਫੌਜ ਵਿਚ ਮੁਲਾਜ਼ਮ ਹੋਇਆ ਕਰਦੇ ਸਨ। ਇਨ੍ਹਾਂ ਦੀਆਂ ਫੌਜ਼ਾਂ ਨੇ ਬਦਲ ਕੇ ਕਿਸੇ ਹੋਰ ਦੂਰ ਦੁਰੇਡੇ ਛਾਉਣੀ ਤੇ ਚਲੇ ਜਾਣਾ ਸੀ, ਇਸ ਲਈ ਅਸੀਂ ਉਨ੍ਹਾਂ ਦੇ ਚੱਲਣ ਤੋਂ ਪਹਿਲਾਂ ਮੁਲਾਕਾਤ ਕਰਨ ਲਈ ਅੰਬਾਲੇ ਛਾਉਣੀ ਆ ਰਹੇ ਸਾਂ। ਅੰਬਾਲੇ ਦੇ ਸਟੇਸ਼ਨ ਤੇ ਪੁਜੇ ਤਾਂ ਉਥੇ ਹੋਰ ਬਹੁਤ ਸਾਰੇ ਸੱਜਣ ਤਾਂ ਹੋਰ ਰੁਝਣੀ ਰੁਝ ਗਏ। ਭਾਈ ਸਰਵਣ ਸਿੰਘ ਜੀ ਇਕੱਲੇ ਸਮਾਧ-ਸਥਿਤ ਖਲੋਤੇ ਹੀ ਰਹਿ ਗਏ ਅਤੇ ਇਕ ਐਸੀ ਜਗ੍ਹਾ ਉਨ੍ਹਾਂ ਦੀ ਖਲੋਤਿਆਂ ਦੀ ਸਮਾਧੀ ਲਗ ਗਈ ਜਿਥੇ ਕਿ ਰੇਲ ਗੱਡੀ ਆਈ ਤੇ, ਟਿਕਟ ਬਟਿਆ ਕਰਦੇ ਸਨ। ਜਦੋਂ ਉਹ ਖਲੋਤੇ ਸੀ ਓਦੋਂ ਟਿਕਟ ਨਹੀਂ ਬਟਦੇ ਸੀ, ਉਥੇ ਕੋਈ ਆਦਮੀ ਵੀ ਨਹੀਂ ਸੀ, ਅਸੀਂ ਜ਼ਰਾ ਕੁ ਦੁਰੇਡੇ ਛਾਉਣੀ ਨੂੰ ਪੈਦਲ ਜਾਣ ਲਈ ਤਿਆਰੀ ਵਿਚ ਰੁਝੇ ਹੋਏ ਸੀ। ਇਤਨੇ ਨੂੰ ਗਡੀ ਕਿਸੇ ਪਾਸਿਓਂ ਆ ਗਈ, ਅਤੇ ਟਿਕਟ ਬਟਣ ਲਗ ਪਏ। ਟਿਕਟ ਬਟਣ ਵਾਲੀ ਤਾਕੀ ਦੇ ਪਾਸ ਖਾਸਾ ਇਕੱਠ ਹੋ ਗਿਆ ਟਿਕਟ ਖਰੀਦਣ ਵਾਲਿਆਂ ਦਾ। ਪੁਲਸ ਦਾ ਇਕ ਹੱਟਾ ਕੱਟਾ ਸਿਪਾਹੀ ਆਪਣੀ ਡਿਊਟੀ ਤੇ ਉਥੇ ਆ ਗਿਆ। ਪਰ ਭਾਈ ਸਰਵਣ ਸਿੰਘ ਜੀ ਨੂੰ ਕੋਈ ਪਤਾ ਨਹੀਂ ਕਿ ਕੌਣ ਆਇਆ ਹੈ ਕੌਣ ਗਿਆ ਹੈ, ਉਹ ਸਮਾਧ-ਸਥਿਤ ਹੀ ਇਕੋ ਜਗ੍ਹਾ ਟਿਕੇ ਖਲੋਤੇ ਰਹੇ। ਪੁਲਸ ਦੇ ਸਿਪਾਹੀ ਨੇ ਬੁੱਤ ਵਾਂਗੂੰ ਅਹਿਲ ਖਲੋਤੇ ਭਾਈ ਸਰਵਣ ਸਿੰਘ ਜੀ ਨੂੰ ਦੋ ਚਾਰ ਵਾਰ ਹਲੂਣਿਆ ਅਤੇ ਬੁਲਾਇਆ, ਪਰ ਉਹ ਬੋਲੇ ਕੁਸਕੇ ਨਹੀਂ। ਕ੍ਰੋਧ-ਆਤਰ ਹੋ ਕੇ ਸਿਪਾਹੀ ਨੇ ਬੜੇ ਜ਼ੋਰ ਨਾਲ ਵੱਟ ਕੇ ਚਪੇੜ ਮਾਰੀ ਭਾਈ ਜੀ ਦੇ ਮੁਖਾਰਬਿੰਦ ਤੇ। ਭਾਈ ਸਰਵਣ ਸਿੰਘ ਜੀ ਦੀ ਅੱਖ ਉੱਘੜੀ ਤਾਂ ਸਿਪਾਹੀ ਨੇ ਡਾਂਟ ਕੇ ਆਖਿਆ, "ਤੈਨੂੰ ਪਤਾ ਨਹੀਂ ਕਿ ਇਥੇ ਟਿਕਟ ਬਟਦੇ ਹਨ? ਤੈਨੂੰ ਕਈ ਵਾਰ ਬੁਲਾਇਆ ਅਤੇ ਕਿਹਾ ਹੈ ਕਿ ਏਥੇ ਟਿਕਟ ਬਟਦੇ ਹਨ, ਇਸ ਜਗ੍ਹਾ ਖਲੋਣ ਦਾ ਹੁਕਮ ਨਹੀਂ। ਹੁਣ ਚਪੇੜ ਮਾਰੀ ਤੇ ਸੁਚੇਤ ਹੋਇਆ ਹੀ ਹੈਂ, ਜੇ ਪਹਿਲੇ ਹੀ ਹੋ ਜਾਂਦਾ?" ਦੇਖੋ ਅਗੇ ਕੀ ਕੌਤਕ ਵਰਤਦਾ ਹੈ।

ਭਾਈ ਸਰਵਣ ਸਿੰਘ ਨੂੰ ਇਸ ਚਪੇੜ ਮਾਰੀ ਦਾ ਰੰਚਕ ਭੀ ਰੋਸ-ਗੁਸਾ ਨਹੀਂ ਆਇਆ, ਉਲਟੇ ਉਸ ਸਿਪਾਹੀ ਦੇ ਧੜੱਮ ਦੇ ਕੇ ਪੈਰਾਂ ਤੇ ਡਿਗ ਪਏ ਅਤੇ ਆਖਿਆ, "ਭਾਈ! ਮੈਥੋਂ ਭੁਲ ਹੋ ਗਈ ਹੈ।" ਭਾਈ ਸਰਵਣ ਸਿੰਘ ਜੀ ਸਿਪਾਹੀ ਦੇ ਪੈਰਾਂ ਤੇ ਡਿਗੇ ਹੀ ਸਨ ਕਿ ਉਨ੍ਹਾਂ ਦੇ ਪੈਰੀਂ ਪੈਣ ਸਾਰ, ਸਿਪਾਹੀ ਤਾਂ ਛਪਾਲ ਪਿਛਲ ਪੈਰੀਂ ਖੜਾ ਹੀ ਧੜੱਮ ਦੇ ਕੇ ਜ਼ਮੀਨ ਤੇ ਜਾ ਡਿਗਿਆ। ਉਸ (ਸਿਪਾਹੀ) ਦੀਆਂ ਆਪ-ਮੁਹਾਰੀਆਂ ਕਿਲਕਾਰੀਆਂ ਨਿਕਲ ਗਈਆਂ ਤੇ ਦੁਹਾਈਆਂ ਦੇਣ ਲਗਾ, "ਬਹੁੜੀ ਓ ਲੋਕੋ! ਮੈਨੂੰ ਇਸ ਸਿਖ ਤੋਂ ਬਖਸ਼ਾ ਲਵੋ।" ਸਿਪਾਹੀ ਦੀਆਂ ਦੁਹਾਈਆਂ ਕਿਲਕਾਰੀਆਂ ਸੁਣ ਕੇ ਉਸ ਜਗ੍ਹਾ ਤੇ ਤਕੜਾ ਇਕੱਠ ਹੋ ਗਿਆ, ਅਸੀਂ ਭੀ ਉਥੇ ਆ ਗਏ। ਜ਼ਮੀਨ ਤੇ ਬਿਹਬਲ ਹੋਏ ਲਿਟਦੇ ਸਿਪਾਹੀ ਤੋਂ ਪੁਛਿਆ, "ਤੈਨੂੰ ਕੀ ਹੋਇਆ ਹੈ?" ਸਿਪਾਹੀ ਕਹਿਣ ਲਗਾ, "ਮੈਨੂੰ ਇਸ ਸਿਖ ਨੇ ਮਾਰ ਛਡਿਆ ਹੈ।" ਅਸੀਂ ਕਿਹਾ, "ਤੈਨੂੰ ਇਸ ਨੇ ਕੀ ਮਾਰਿਆ ਹੈ?" ਸਿਪਾਹੀ ਨੇ ਕਿਹਾ, "ਮਾਰਿਆ ਨਹੀਂ, ਮੇਰਾ ਕੁਛ ਛਡਿਆ ਹੀ ਨਹੀਂ। ਮੇਰੇ ਪੈਰਾਂ ਤੇ ਡਿਗ ਕੇ ਇਸ ਸਿਖ ਨੇ ਮੇਰੀ ਸਾਰੀ ਕਲਾ ਸੂਤ ਲਈ। ਖਬਰ ਨਹੀਂ ਮੈਨੂੰ ਇਸ ਨੇ ਕੀ ਕਰ ਦਿਤਾ ਹੈ। ਹੁਣ ਮੈਂ ਬਚਦਾ ਤਾਂ ਹਾਂ, ਜੇ ਇਸ ਤੋਂ ਬਖਸ਼ਾ ਦਿਓ।" ਸਾਰੀ ਗੱਲ ਜਦ ਉਸ ਸਿਪਾਹੀ ਨੇ ਦਸੀ ਕਿ ਮੈਂ ਇਸ ਸਿਖ ਦੇ ਚਪੇੜ ਵੱਟ ਕੇ ਮਾਰੀ ਸੀ ਅਤੇ ਇਹ ਪੈਰੀਂ ਪੈ ਗਿਆ, ਮੈਨੂੰ ਪਤਾ ਨਹੀਂ ਸੀ ਕਿ ਇਹ ਰੱਬੀ ਰੰਗਾਂ ਵਿਚ ਖੜੇ ਹਨ। ਉਥੇ ਇਕ ਈਸਾਈ ਖੜਾ ਸੀ, ਉਹ ਇਹ ਵਾਰਤਾ ਸੁਣ ਕੇ

ਇਉਂ ਭਾਖ ਉਠਿਆ, "ਕਮਾਲ ਹੋ ਗਈ! ਸਾਡੇ ਹਜ਼ਰਤ ਈਸਾ ਮਸੀਹ ਨੇ ਤਾਂ ਸਾਨੂੰ ਇਉਂ ਉਪਦੇਸ਼ ਦਿਤਾ ਹੈ -'ਹੇ ਈਸਾਈ, ਜੇ ਤੇਰੀ ਇਕ ਗਲ੍ਹ ਤੇ ਕੋਈ ਚਪੇੜ ਮਾਰੇ, ਤਾਂ ਤੂੰ ਦੂਜੀ ਗਲ੍ਹ ਵੀ ਅਗਾਂਹ ਕਰ ਦੇ, ਕਿ ਹੋਰ ਮਾਰ ਲੈ।' ਇਹ ਸਿਖ ਤਾਂ ਚਪੇੜ ਮਾਰਨ ਵਾਲੇ ਦੇ ਉਲਟਾ ਪੈਰੀਂ ਪੈ ਗਿਆ ਹੈ। ਇਸ ਤੋਂ ਵਧ ਤੋਂ ਵਧ ਹੋਰ ਕਮਾਲ ਕੀ ਹੋ ਸਕਦਾ ਹੈ!" ਦਾਸ ਨੇ ਉਸ ਈਸਾਈ ਸਜਣ ਦੇ ਸਾਹਵੇਂ ਮੁਖਾਤਬ ਹੋ ਕੇ ਉਸ ਨੂੰ ਇਹ ਦਸਿਆ, ਕਿ ਅਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਹੁਕਮ ਹੈ ਕਿ -

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾਂ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨਾਂ ਦੇ ਚੁੰਮਿ॥੭॥

ਤਿਸ ਪਰ ਪਾਸ ਖਲੋਤਾ ਇਕ ਆਰੀਆ ਮਹਾਸ਼ਾ ਇਉਂ ਝੁੰਜਲਾ ਉਠਿਆ, "ਇਸ ਸਿਖ ਡਰਦੇ ਮਾਰੇ ਨੇ ਸਿਪਾਹੀ ਦੇ ਪੈਰ ਫੜੇ ਹਨ। ਇਸ ਨੂੰ ਚਾਹੀਦਾ ਸੀ ਕਿ ਸਿਪਾਹੀ ਨੂੰ ਅਗੋਂ ਸੋਧਦਾ, ਪਰ ਇਹ ਕਮਜ਼ੋਰ ਸੀ, ਕਮਜ਼ੋਰ ਦੇ ਕਾਰਨ ਉਸ ਦੇ ਅਗੇ ਹੀਣਾ-ਝੀਣਾ ਹੋ ਗਿਆ।" ਅਸੀਂ ਆਖਿਆ, "ਏਵੇਂ ਹੀ ਸਹੀ, ਤੇਰੀ ਅਕਲ ਏਵੇਂ ਹੀ ਕੰਮ ਕਰਦੀ ਹੈ। ਅਸੀਂ ਤੇਰੇ ਨਾਲ ਝਗੜਨਾ ਥੋੜਾ ਹੈ।"

ਇਹ ਗੱਲ ਕਹਿ ਕੇ ਸਾਰਾ ਜਥਾ ਭਾਈ ਸਰਵਣ ਸਿੰਘ ਜੀ ਨੂੰ ਨਾਲ ਲੈ ਕੇ ਅੰਬਾਲਾ ਛਾਉਣੀ ਦੇ ਰਸਤੇ ਵਲ ਤੁਰ ਪਏ। ਗੁਰੂ ਦੀ ਨੇਤ ਐਸੀ ਹੋਈ ਕਿ ਉਸ ਮਹਾਸ਼ਾ ਜਨ ਨੇ ਭੀ ਸਦਰ ਬਾਜ਼ਾਰ ਛਾਉਣੀ ਜਾਣਾ ਸੀ, ਉਹ ਭੀ ਸਾਡੇ ਨਾਲ ਹੋ ਗਿਆ। ਰਸਤੇ ਵਿਚ ਜਾਂਦੇ ਜਾਂਦੇ ਅਧਵਾਟੇ ਰਹਿਰਾਸ ਸਾਹਿਬ ਦੇ ਪਾਠ ਦਾ ਸਮਾਂ ਹੋ ਗਿਆ। ਪਾਸ ਹੀ ਕੂਆਂ ਸੀ। ਓਥੇ ਹੀ ਪੰਜ-ਇਸ਼ਨਾਨਾ ਕਰ ਕੇ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਅਗੇ ਜਾਣਾ ਮਿਥਿਆ। ਅਸੀਂ ਮੈਦਾਨ ਵੀ ਜਾਣਾ ਸੀ। ਪਾਸ ਹੀ ਇਕ ਗੂੜ੍ਹੇ ਦੀ ਝਿੜੀ ਸੀ, ਮੈਂ ਤੇ ਭਾਈ ਸਰਵਣ ਸਿੰਘ ਜੀ ਉਸ ਝਿੜੀ ਵਿਚ ਮੈਦਾਨ ਹੋਣ ਲਈ ਗਏ। ਭਾਈ ਜੀ ਤਾਂ ਧੁਸਦੇ ਧੁਸਦੇ ਅਗਾਂਹ ਦੁਰੇਡੇ ਚਲੇ ਗਏ, ਮੈਂ ਉਰੇਡੇ ਹੀ ਰਹਿ ਗਿਆ ਅਤੇ ਮੈਦਾਨ ਹੋਣ ਬਹਿ ਗਿਆ। ਮੈਦਾਨ ਹੋ ਕੇ ਅਜੇ ਹੱਥ ਹੀ ਧੋਤੇ ਸਨ ਕਿ ਇਕ ਅਬਲਾ ਦੇ ਰੋਣ ਦੀ ਅਤੇ ਚੀਖ ਪੁਕਾਰ ਕਰਨ ਦੀ ਅਵਾਜ਼ ਕੰਨੀਂ ਪਈ।

ਭਾਈ ਜੀ ਉਸ ਅਵਾਜ਼-ਅਸਥਾਨ ਦੇ ਨੇੜੇ ਹੀ ਢੁਕ ਚੁਕੇ ਸਨ। ਉਕਤ ਚੀਖ ਪੁਕਾਰਨੀ ਅਵਾਜ਼ ਸੁਣ ਕੇ ਉਹ ਝਟ ਹੀ ਓਥੇ ਪਹੁੰਚ ਗਏ, ਇਕੱਲੇ ਹੀ। ਅਗੇ ਕੀ ਦੇਖਦੇ ਹਨ ਕਿ ਚਾਰ ਮੁਸ਼ਟੰਡੇ ਸ਼ਰਾਬੀ ਗੋਰੇ ਸਿਪਾਹੀ ਇਕ ਲਕੜਹਾਰੀ (ਲਕੜਾਂ ਚੁਗਣ ਵਾਲੀ) ਲੜਕੀ ਨੂੰ, ਉਸ ਦੀ ਇੱਜ਼ਤ ਖਰਾਬ ਕਰਨ ਲਈ ਦਬਾਈ ਪਏ ਹਨ। ਭਾਈ ਸਰਵਣ ਸਿੰਘ ਜੀ ਨੇ ਹੀਲ ਹੁਜਤ ਕੀਤੇ ਬਿਨਾਂ ਹੀ ਉਨ੍ਹਾਂ ਚਹੁੰਆਂ ਸਿਪਾਹੀਆਂ ਪਾਸੋਂ 'ਬਲਮ' ਖੋਹ ਲਏ ਅਤੇ ਉਨ੍ਹਾਂ ਚਹੁੰਆਂ ਸਿਪਾਹੀਆਂ ਨੂੰ ਐਸਾ ਕੁਟਿਆ ਕਿ ਕੁਟ ਕੁਟ ਕੇ ਲੰਮੇ ਪਾ ਦਿਤੇ ਅਤੇ ਨਰੜ ਕੇ ਲਾਗੇ ਖੜੇ ਇਕੇ ਟਾਂਗੇ ਤੇ ਲਦ ਦਿਤੇ, ਜਿਸ ਟਾਂਗੇ ਤੇ ਉਹ ਆਏ ਸਨ। ਇਤਨੇ ਨੂੰ ਮੈਂ ਭੀ ਓਥੇ ਪਹੁੰਚ ਗਿਆ। ਇਹ ਨਜ਼ਾਰਾ ਦੇਖ ਕੇ ਮੈਂ ਪਿਛਲੇ ਸਾਰਿਆਂ ਸੱਜਣਾਂ ਨੂੰ ਆਵਾਜ਼ਾਂ ਦੇ ਕੇ ਨਾਲ ਬੁਲਾ ਲਿਆ। ਉਹ ਮਹਾਸ਼ਾ ਗਣ ਵੀ ਨਾਲ ਹੀ ਆਇਆ। ਅਸੀਂ ਮਹਾਸ਼ਾ ਗਣ ਨੂੰ ਇਹ ਨਜ਼ਾਰਾ ਦਿਖਾਇਆ, ਕਿ ਦੇਖੋ ਸਵਾ ਲਖ ਸੂਰਮੇ ਦਾ ਇਹ ਕਰਤੱਵ। ਜਿਥੇ ਇਸ ਨੂੰ ਆਪਣੇ ਮੂੰਹ ਤੇ ਇਕ ਚਪੇੜ ਲਗੀ ਸੀ ਸਿਪਾਹੀ ਵਲੋਂ, ਉਥੇ ਤਾਂ ਸਹਿਨਸ਼ੀਲਤਾ ਦਾ ਉਹ ਧੁਰਵਾ ਬੰਨ੍ਹਿਆ, ਜਿਸ ਨੂੰ ਦੇਖ ਕੇ ਇਕ ਈਸਾਈ ਅਸ਼ ਅਸ਼ ਕਰਦਾ ਸੀ। ਪਰ ਹੁਣ ਏਥੇ ਇਕ ਅਬਲਾ ਦੇ ਉਪਕਾਰ-ਬਚਾਉ ਦੀ ਔਖੀ ਘੜੀ ਦੇਖ ਕੇ ਇਸ ਸਿਖ ਦੇ ਅੰਦਰ ਉਹ ਬਲ-ਬੀਰਤਾ ਸੰਪੂਰਤ ਹੋਈ ਕਿ ਇਕੱਲੇ ਨੇ ਹੀ ਇਨ੍ਹਾਂ ਚੌਂਵਾਂ ਹਟੇ ਕਟੇ ਗੋਰੇ ਸਿਪਾਹੀਆਂ ਨੂੰ ਮਾਰ ਕੁਟ ਕੇ ਟਾਂਗੇ ਤੇ ਨੂੜ ਛਡਿਆ ਹੈ।

ਬਸ, ਇਤਨੀ ਗੱਲ ਉਸ ਮਹਾਸ਼ਾ ਨੂੰ ਕਹਿਣ ਦੀ ਦੇਰ ਹੀ ਸੀ ਕਿ ਉਹ ਮਹਾਸ਼ਾ ਜ਼ਾਰੋ ਜ਼ਾਰ ਰੋਣ ਲਗ ਪਿਆ ਅਤੇ ਪੁਕਾਰਨ ਲਗਾ, "ਖਾਲਸਾ ਜੀ, ਮੈਨੂੰ ਬਖਸ਼ੋ। ਮੈਨੂੰ ਇਕ ਸਿਖ ਦੀ ਸਹਿਨ-ਸ਼ੀਲਤਾ ਅਤੇ ਸੂਰਬੀਰਤਾ ਦੇ ਵਖੋ ਵਖ ਜੁਸਿਆਂ ਦਾ ਉੱਕਾ ਹੀ ਪਤਾ ਨਹੀਂ ਸੀ। ਹੁਣ ਪਤਾ ਲਗ ਗਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਸਰਬ ਗੁਣਾਂ ਸੰਪੂਰਨ ਹੁੰਦੇ ਹਨ। ਸਹਿਨ-ਸ਼ੀਲਤਾ ਅਤੇ ਸ਼ਾਂਤੀ ਦੀ ਹਦ ਵੀ ਇਸ ਨੇ ਟਪਾ ਦਿਤੀ ਤੇ ਸੂਰਬੀਰਤਾ ਦੀ ਭੀ ਹਦ ਮੁਕ ਗਈ।"

ਅਸੀਂ ਉਸ ਮਹਾਸ਼ੇ ਨਾਲ ਇਧਰ ਇਹ ਗੱਲ ਕਰ ਰਹੇ ਸੀ, ਓਧਰ ਨਰੜੇ ਹੋਏ ਗੋਰੇ, ਟਾਂਗੇ ਤੇ ਪਏ ਹੋਏ ਇਉਂ ਚਿੱਲਾ ਰਹੇ ਸਨ, "ਸਾਹਿਬਾਨ, ਹਮ ਕੋ ਛੁਡਾਓ, ਹਮ ਐਸੀ ਹਰਕਤ ਆਗੇ ਸੇ ਨਹੀਂ ਕਰੇਂਗੇ। ਹਮ ਕੋ ਕਿਉਂ ਨਰੜ ਕਰ ਬਾਂਧਾ ਹੈ, ਔਰ ਕਹਾਂ ਲੇ ਜਾਓਗੇ?" ਅਸੀਂ ਆਖਿਆ, "ਤੁਹਾਨੂੰ ਪਕੜ ਕੇ ਤੁਹਾਡੇ ਅਫਸਰਾਂ ਦੇ ਕੋਲ ਲੈ ਜਾ ਕੇ ਤੁਹਾਨੂੰ ਸਜ਼ਾ ਦਿਵਾਵਾਂਗੇ।" ਗੋਰੇ ਬੋਲੇ, "ਹਮ ਕੋ ਕਾਫੀ ਬਦਨੀ ਸਜ਼ਾ ਮਿਲ ਚੁਕੀ ਹੈ। ਦੇਖੋ ਸਾਡੇ ਸਰੀਰ ਸੁੱਜੇ ਪਏ ਹਨ, ਸੱਟਾਂ ਦੇ ਨਾਲ ਹੱਡਾਂ ਤੇ ਨੀਲ ਪਏ ਹੋਏ ਹਨ। ਹੋਰ ਸਾਨੂੰ ਕੀ ਸਜ਼ਾ ਦੇਣੀ ਹੈ? ਹੁਣ ਸਾਨੂੰ ਮਾਫ ਕਰ ਦਿਓ ਅਤੇ ਪੰਜਾਹ ਦਮੜੇ ਸਾਡੇ ਪਾਸੋਂ ਲੈ ਲਵੋ।" ਅਸੀਂ ਕਿਹਾ ਕਿ ਮਾਫੀ ਇਸ ਗਰੀਬ ਤੋਂ ਮੰਗੋ, ਅਤੇ ਇਹ ਦਮੜੇ ਭੀ ਇਸ ਨੂੰ ਦਿਓ। ਅਗੇ ਲਈ ਤੌਬਾ ਕਰੋ ਕਿ ਐਸਾ ਅਨਰਥ ਨਹੀਂ ਕਰਾਂਗੇ। ਇਸ ਤਰ੍ਹਾਂ ਇਥੋ ਛੁਟਕਾਰਾ ਪਾ ਕੇ ਅਗੇ ਤੁਰੇ ਅਤੇ ਤੁਰੇ ਜਾਂਦਿਆਂ ਹੀ ਪਾਠ ਕੀਤਾ।

ਭਾਈ ਸਰਵਣ ਸਿੰਘ ਜੀ ਦੀ ਨਮੂਨੇ ਮਾਤਰ ਇਹ ਮਿਸਾਲ ਪੇਸ਼ ਕੀਤੀ ਗਈ ਹੈ। ਇਹ ਜਜ਼ਬਾ ਨਾਮ-ਅਭਿਆਸੀ ਜਨਾਂ ਵਿਚ ਕੁਟ ਕੁਟ ਕੇ ਭਰਿਆ ਹੋਇਆ ਹੁੰਦਾ ਹੈ।

ਭਾਈ ਸਰਵਣ ਸਿੰਘ ਜੀ ਦਾ ਜੀਵਨ ਇਕ ਅਲੌਕਿਕ ਸਿੱਖੀ ਜੀਵਨ ਹੋ ਗੁਜ਼ਰਿਆ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠੀ ਵੀ ਸਨ। ਲਗਾਤਾਰ ਸਤ ਸਤ ਘੰਟੇ ਪਾਠ ਕਰੀ ਜਾਣਾ ਅਤੇ ਪੰਚਮ ਸੁਰ ਦੀ ਉਚੀ ਧੁਨ ਵਿਚ ਪਾਠ ਕਰਨਾ। ਉਨ੍ਹਾਂ ਦਾ ਪਾਠ ਪਿੰਡ ਵਿਚ ਬੜੀ ਦੂਰ ਦੂਰ ਤਾਈਂ ਸੁਣਿਆ ਜਾਂਦਾ ਸੀ। ਲਾਊਡ ਸਪੀਕਰ ਇਸ ਧੁਨੀ ਦੇ ਨਜ਼ਦੀਕ ਕਿਆ ਚੀਜ਼ ਹਨ! ਓਦੋਂ ਲਊਡ ਸਪੀਕਰ ਹੈ ਭੀ ਨਹੀਂ ਸਨ। ਉਨ੍ਹਾਂ ਦੇ ਅਖੰਡ ਪਾਠ ਦੇ ਵੇਗ ਦੀ ਇਕ ਵਿਸਮਾਦ-ਜਨਕ ਅਲੌਕਿਕਤਾ ਇਹ ਸੀ ਕਿ ਮੁਖਾਰਬਿੰਦ ਤੋਂ ਸਾਰੇ ਜ਼ੋਰ ਨਾਲ ਬੈਖਰੀ ਬਾਣੀ ਦਵਾਰਾ ਰਸਨਾ ਰਾਹੀਂ ਅਖੰਡ ਪਾਠ ਉਚੀ ਧੁਨੀ ਵਿਚ ਕਰਨਾ ਅਤੇ ਨਾਲ ਦੇ ਨਾਲ ਹੀ ਸਵਾਸ-ਅਭਿਆਸੀ-ਸ਼ਬਦ ਸੁਰਤਾਸੀ-ਨਾਮ ਦਾ ਖੰਡਾ ਭੀ

ਖੜਕਾਈ ਚਲੇ ਜਾਣਾ।

ਇਸ ਅਲੌਕਿਕ ਕਲਾ ਦੇ ਪ੍ਰਤਾਪ ਕਰਕੇ ਨਾਭੀ ਵਿਚ ਸਵਾਸ ਦਬ ਕੇ ਇਕੋ ਸਾਹ ਦੋ ਦੋ ਪਤਰੇ ਪਾਠ ਕਰ ਜਾਣੇ। ਉਸ ਸਮੇਂ ਉਨ੍ਹਾਂ ਦੇ ਨੂਰਾਨੀ ਚੇਹਰੇ ਤੇ ਓਹ ਕਮਾਲ ਜਮਾਲੀ ਜਲਾਲ ਆਉਣਾ ਜਿਸ ਨੂੰ ਦੇਖਣ ਵਾਲੇ ਦੰਗ ਰਹਿ ਜਾਂਦੇ ਸਨ। ਉਨ੍ਹਾਂ ਦੀ ਜੁਲਾਲ ਮਸਤ ਰੰਗ ਚਲੂਲੀ ਆਤਮ-ਅਵਸਥਾ ਉਨ੍ਹਾਂ ਨੂੰ ਅਜਿਹਾ ਹਾਲੋਂ ਬੇਹਾਲ ਕਰ ਦਿੰਦੀ ਸੀ ਕਿ ਉਨ੍ਹਾਂ ਨੂੰ ਆਪਣੇ ਸਰੀਰ ਦੀ ਸੁਧ ਬੁਧ ਭੁਲ ਜਾਣੀ।

ਏਸ ਕਮਲੀ ਰਮਲੀ ਦਸ਼ਾ ਵਿਚ ਦੇਖ ਕੇ ਉਨ੍ਹਾਂ ਦੇ ਨਿਕਟ ਕੁਟੰਬੀਆਂ ਨੂੰ ਇਕ ਵਾਰ ਇਹ ਵਹਿਮ ਹੋ ਗਿਆ ਕਿ ਭਾਈ ਸਰਵਣ ਸਿੰਘ ਜੀ ਪਾਗਲ ਹੋ ਗਏ ਹਨ। ਇਉਂ ਅਤੇ ਇਸ ਪ੍ਰਕਾਰ ਦੇ ਵਹਿਮਾਂ ਵਿਚ ਆ ਕੇ ਮੂਰਖ ਮਤ ਵਾਲਿਆਂ ਸੰਸਾਰੀ ਸੰਬੰਧੀਆਂ ਨੇ ਭਾਈ ਜੀ ਨੂੰ ਇਕ ਤਕੜੇ ਮੋਟੇ ਸੰਗਲ ਨਾਲ ਨਰੜ ਕੇ ਥੰਮ੍ਹ ਨਾਲ ਬੰਨ੍ਹ ਦਿਤਾ। ਅਠ ਪਹਿਰ ਬੰਨ੍ਹੀ ਰਖਿਆ। ਸਿੰਘ ਹਮੈਤੀ ਉਨ੍ਹਾਂ ਦੇ ਨੇੜੇ ਕੋਈ ਹੈ ਨਹੀਂ ਸੀ। ਸਿਆਲ ਦਾ ਮੌਸਮ ਸੀ। ਤਕੜਾ ਬੁਖਾਰ ਭੀ ਕੋਈ 106 ਡਿਗਰੀ ਦਾ ਆ ਕੇ ਸੇਵਾ ਕਰਨ ਲਗ ਪਿਆ। ਏਸ ਦਸ਼ਾ ਵਿਚ ਵੀ ਉਹ ਘਬਰਾਏ ਨਹੀਂ, ਆਪਣੇ ਇਸ਼ਕ-ਮਸਤੇਵੇਂ ਵਿਚ ਆ ਕੇ ਉਚੀ ਉਚੀ ਸ਼ਬਦ ਪੜ੍ਹਨ ਲਗੇ। ਅੰਮ੍ਰਿਤ ਵੇਲੇ ਦਾ ਵਕਤ ਹੈ, ਭਾਈ ਜੀ ਥੰਮ੍ਹ ਨਾਲ ਨਰੜੇ ਹੋਏ, ਸੰਗਲਾਂ ਵਿਚ ਜਕੜੇ ਹੋਏ ਉਚੀ ਧੁਨ ਵਿਚ ਸ੍ਰੀ ਦਸਮੇਸ਼ ਜੀ ਦਾ ਧਿਆਨ ਧਰ ਕੇ ਇਹ ਸ਼ਬਦ ਅਲਾਪ ਰਹੇ ਹਨ -

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖ ਧਾਰੀ ॥
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥
ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥
ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ ਰਹਾਉ ॥
ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥
ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥
ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥
ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥
ਬਾਣੀ ਸਧਨੇ ਕੀ ਬਿਲਾਵਲੁ, ਪੰਨਾ ੮੫੮

"ਅਉਸਰ ਲਜਾ ਰਾਖਿ ਲੇਹੁ" ਦੀ ਤੁਕ ਬਾਰੰਬਾਰ ਪੜ੍ਹਦੇ ਪੜ੍ਹਦੇ ਮੂਰਛਤ ਹੋ ਗਏ। ਪਿੰਡ ਦੇ ਕੋਠਿਆਂ ਉਪਰ ਦੀ ਸਿਰ-ਪਟ ਦੌੜੇ ਆਉਂਦੇ ਘੋੜੇ ਦੀਆਂ ਕੜਕਾਟ ਟਾਪਾਂ ਪਿੰਡ ਵਾਲਿਆਂ ਨੇ ਸੁਣੀਆਂ। ਕਈਆਂ ਕੋਠਿਆਂ ਦੀਆਂ ਛੱਤਾਂ ਡਿਗ ਪਈਆਂ। ਓਧਰ ਭਾਈ ਸਰਵਣ ਸਿੰਘ ਦੇ ਸੰਗਲ ਟੁਟ ਗਏ। ਬੁਖਾਰ ਲਥ ਗਿਆ। ਸ੍ਰੀ ਦਸਮੇਸ਼ ਜੀ ਦੇ ਬਿਸਮਾਦੀ ਦਰਸ਼ਨਾਂ ਦੀਆਂ ਝਲਕਾਂ ਪਈਆਂ, ਸਾਰੇ ਦੁਖ ਵਿਸੂਰੇ ਲਾਹ ਗਈਆਂ।

ਇਹ ਪਰਤੱਖ ਬੀਤਿਆ ਬ੍ਰਿਤਾਂਤ ਦਾਸ ਨੂੰ ਉਨ੍ਹਾਂ ਦੇ ਪਿੰਡ ਫਲੇਵਾਲ ਦੇ ਮਾਸਟਰ ਧਰਮ ਸਿੰਘ ਜੀ ਨੇ (ਜੋ ਖਾਲਸਾ ਹਾਈ ਸਕੂਲ ਲੁਧਿਆਣਾ ਦੇ ਰੀਟਾਇਰਡ ਹੈਡਮਾਸਟਰ ਹਨ) ਆਪਣੀ ਜ਼ਬਾਨੀ ਸੁਣਾਇਆ ਹੈ। ਗੁਜਰਵਾਲ ਦੇ ਕਈ ਮਹਾਜਨਾਂ ਨੇ ਉਸ ਸਮੇਂ ਢਾਬ ਵਲੋਂ ਪਿੰਡ ਗੁਜਰਵਾਲ ਦੇ ਵਿਚ ਦੀ ਲੰਘਦੇ ਘੋੜੇ ਦੀਆਂ ਟਾਪਾਂ ਵੀ ਸੁਣੀਆਂ ਹਨ। ਇਕ ਵਡਭਾਗਾ ਮਹਾਜਨ ਹਰਨਾਮ ਦਾਸ ਨਾਮ ਦਾ ਬ੍ਰਾਹਮਣ ਇਹ ਵੀ ਦਸਿਆ ਕਰਦਾ ਸੀ ਕਿ ਨੀਲੇ ਘੋੜੇ ਦੇ ਸ਼ਾਹ-ਸਵਾਰ ਦੇ ਝਲਕਾਰੀ ਦਰਸ਼ਨ ਵੀ ਉਸ ਕੀਤੇ ਹਨ। ਗੁਰੂ ਜਾਣੇ ਇਹ ਬ੍ਰਿਤਾਂਤ ਉਸ ਬ੍ਰਾਹਮਣ ਦਾ ਕਿਥੋਂ ਤਕ ਠੀਕ ਹੈ, ਪਰ ਇਸ ਰੰਚਕ ਸੰਦੇਹ ਨਹੀਂ ਕਿ ਸ੍ਰੀ ਸਤਿਗੁਰੂ ਸਾਹਿਬ ਜੀ ਨੇ ਉਸ ਅਵਸਰ ਤੇ ਇਹ ਕਉਤਕੀ ਚਮਤਕਾਰ ਪਰਗਟ ਪਾਹਾਰੇ ਆਸ਼ਕਾਰ ਕੀਤੇ।

ਭਾਈ ਧਰਮ ਸਿੰਘ ਜੀ, ਫਲੇਵਾਲ ਦੇ ਸਿੰਘਾਂ ਵਿਚੋਂ ਜਥੇ ਦੇ ਗੁਹਜ ਰਤਨ ਗੁਰਮਤਿ ਸ਼ਰਧਾ ਭਾਵਨੀ ਦੇ ਅਦੁਤੀ ਨਮੂਨੇ ਰਹੇ ਹਨ। ਇਹਨਾਂ ਦੀ ਭਾਈ ਸਰਵਣ ਸਿੰਘ ਜੀ ਪ੍ਰਤੀ ਬੜੀ ਹੀ ਸਤਿਕਾਰ ਭਰੀ ਅੰਤ੍ਰੀਵਨੀ ਸ਼ਰਧਾ ਰਹੀ ਹੈ। ਚਾਹੇ ਬਾਹਰੋਂ ਬੋਲਣ ਵਿਚ ਬੜੇ ਭੀਹਾਵਲ ਅਤੇ ਖਰ੍ਹਵੇ ਪ੍ਰਤੀਤ ਹੁੰਦੇ ਹਨ, ਪਰ ਅੰਤਰਗਤਿ "ਸਗਲ ਚਰਨ ਕੀ ਇਹੁ ਮਨੁ ਰਾਲਾ" ਵਾਲੇ ਭਾਵ ਦੀ ਬਿਰਤੀ ਜੁਗਤੀ ਰਹੀ ਹੈ ਉਹਨਾਂ ਦੀ।

ਭਾਈ ਸਰਵਣ ਸਿੰਘ ਜੀ ਦੀ ਲਟਬਉਰੀ ਦਸ਼ਾ ਨੂੰ ਦੇਖ ਕੇ ਭਾਈ ਧਰਮ ਸਿੰਘ ਜੀ ਕਈ ਵਾਰੀ ਕ੍ਰੋਪ ਭੀ ਹੋ ਜਾਇਆ ਕਰਦੇ ਸਨ ਅਤੇ ਲਟਬਉਰੇ ਦੀ ਲਟਬਉਰਤਾ ਦੀਆਂ ਵਧੀਕੀਆਂ ਦੇਖ ਕੇ ਉਸਨੂੰ ਘੂਰ ਧਮਕਾ ਭੀ ਲਿਆ ਕਰਦੇ ਸਨ। ਪਰ ਰੀਝਦੇ ਭੀ ਐਸੇ ਸਨ ਕਿ ਭਾਈ ਸਰਵਣ ਸਿੰਘ ਜੀ ਦੇ ਸੁਥਰਾਪਨ ਤੇ ਪਰਦਾ ਭੀ ਪਾ ਦਿੰਦੇ ਸਨ, ਕਈ ਗਲਤੀਆਂ ਦੇਖ ਕੇ ਅਣਡਿਠ ਭੀ ਕਰ ਲਿਆ ਕਰਦੇ ਸਨ। ਪਰ ਭਰੋਸਾ ਐਸਾ ਸੀ ਕਿ ਭਾਈ ਸਰਵਣ ਸਿੰਘ ਜੀ ਦੇ ਸੁਤੇ ਸੁਭਾਵ ਹੀ ਮੂੰਹ ਤੋਂ ਨਿਕਲੇ ਬਚਨਾਂ ਉਪਰ ਪੱਕਾ ਪਹਿਰਾ ਦਿਤਾ ਕਰਦੇ ਸਨ। ਇਕ ਵਾਰ ਦਾ ਜ਼ਿਕਰ ਹੈ ਕਿ ਅਵਾਇਲ ਅਵਸਥਾ ਵਿਚ ਹੀ ਬੀ.ਏ. ਦੀ ਪੜ੍ਹਾਈ ਪੜ੍ਹਦਿਆਂ ਹੋਇਆਂ ਪੁਜ ਕੇ ਬਹੁਤੀ ਮਿਹਨਤ ਕਰਨ ਦੇ ਕਾਰਨ ਅਤੇ ਗਰੀਬੀ ਕਰਕੇ ਖੁਰਾਕ ਚੰਗੀ ਨਾ ਮਿਲਦੀ ਰਹਿਣ ਦੇ ਕਾਰਨ, ਅਚਣਚੇਤ ਭਾਈ ਧਰਮ ਸਿੰਘ ਜੀ ਸਰੀਰ ਕਰਕੇ ਤਕੜੇ ਢਿਲੇ ਹੋ ਗਏ। ਡਾਕਟਰਾਂ ਹਕੀਮਾਂ ਨੇ ਫਤਵਾ ਲਾ ਦਿਤਾ ਕਿ ਬੀਮਾਰੀ ਟੀ.ਬੀ (ਤਪਾਦਿਕ) ਦੀ ਹੈ। ਭਾਈ ਧਰਮ ਸਿੰਘ ਜੀ ਨੇ ਸੁਤੇ ਸੁਭਾਵ ਹੀ ਭਾਈ ਸਰਵਣ ਸਿੰਘ ਦੇ ਪਾਸ ਜ਼ਿਕਰ ਕਰ ਦਿਤਾ ਕਿ ਡਾਕਟਰ ਹਕੀਮ ਟੀ.ਬੀ. ਦਾ ਫਤਵਾ ਲਾਉਂਦੇ ਹਨ। ਸਹਿਜ ਸੁਭਾਵ ਹੀ ਭਾਈ ਸਰਵਣ ਸਿੰਘ ਦੇ ਮੂੰਹੋਂ ਨਿਕਲ ਗਿਆ, ਤੈਨੂੰ ਟੀ.ਬੀ. ਟਾਬੀ ਕੋਈ ਨਹੀਂ, ਕਹਿਣ ਵਾਲਿਆਂ ਨੂੰ ਹੋਊਗੀ।" ਇਹ ਕਹਿ ਕੇ ਮੇਰੇ ਪਾਸ ਨਾਰੰਗਵਾਲ ਭਾਈ ਸਰਵਣ ਸਿੰਘ ਜੀ ਆਏ ਤੇ ਕਹਿਣ ਲਗੇ, "ਬਾਈ! ਆਪਾਂ ਇਕ ਅਖੰਡ ਪਾਠ ਆਪਣੇ ਭਾਈ ਧਰਮ ਸਿੰਘ ਜੀ ਨਮਿਤ ਕਰ ਦੇਈਏ। ਸਹੁਰੇ ਡਾਕਟਰ ਹਕੀਮ ਤਪਦਿਕ ਹੋ ਜਾਣ ਦਾ ਸ਼ਕ ਭਾਈ ਧਰਮ ਸਿੰਘ ਨੂੰ ਪਾਉਂਦੇ ਹਨ।" ਅਸੀਂ ਸਾਰੇ (ਸਾਰੀ ਸੰਗਤ ਜਨ) ਹੀ ਸਹਿਮਤ ਹੋ ਗਏ। ਪਰ ਨਾਲ ਇਹ ਵੀ ਕਹਿਆ ਕਿ ਸਾਰਾ ਅਖੰਡ ਪਾਠ ਸੁਣਨ ਲਈ ਭਾਈ ਧਰਮ ਸਿੰਘ ਜੀ ਤਤਪਰ ਹੋ ਜਾਣ। ਗੱਲ ਕੀ, ਅਖੰਡ ਪਾਠ ਅਰੰਭ ਹੋ ਗਿਆ ਅਤੇ ਭਾਈ ਧਰਮ ਸਿੰਘ ਜੀ ਬੜੇ ਸਿਦਕ ਨਾਲ ਸਰਵਣ ਕਰਨ ਲਈ ਚਉਕੜਾ ਮਾਕ ਬੈਠੇ, ਜਿਥੋਂ ਤਾਈਂ ਹੋ ਸਕਿਆ, ਸਾਰਾ ਪਾਠ ਸੁਣਿਆ। ਰੰਗ ਕਰਤਾਰ ਦੇ ਐਸੇ ਹੋਏ ਕਿ ਉਹ ਨੌ-ਬਰ-ਨੌ

ਹੋ ਗਏ। ਓਦੋਂ ਦੇ ਹੁਣ ਤਾਈਂ ਨੌਂ-ਬਰ-ਨੌਂ ਹਨ। ਸਾਰਾ ਫਲ ਸਿਦਕ ਭਰੋਸੇ ਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਤੇ ਅਗਾਧ ਭਰੋਸਾ ਰਖਣ ਵਾਲਿਆਂ ਦਾ ਕਦੇ ਵਾਲ ਵਿੰਗਾ ਨਹੀਂ ਹੋਇਆ। ਖਾਸ ਕਰ ਪੜ੍ਹਿਆਂ ਲਿਖਿਆਂ ਨੌਜਵਾਨਾਂ ਵਿਚੋਂ ਇਹ ਪਹਿਲੀ ਮਿਸਾਲ ਹੈ ਅਨਿੰਨ ਭਰੋਸੇ ਦੀ, ਬਹੁਤਾ ਇਸ ਕਰਕੇ ਕਿ ਉਹ (ਭਾਈ ਧਰਮ ਸਿੰਘ ਜੀ) ਜਥੇ ਅੰਦਰ ਅਜਿਹੀਆਂ ਖੇਡਾਂ ਵਰਤਦੀਆਂ ਦੇਖ ਚੁਕੇ ਸਨ ਅਤੇ ਉਨ੍ਹਾਂ ਨੂੰ ਭਾਈ ਸਰਵਣ ਸਿੰਘ ਜੀ ਦੇ ਆਉਲੇ-ਮਉਲੇ ਬਚਨਾਂ ਤੇ ਦ੍ਰਿੜ ਵਿਸ਼ਵਾਸ ਰਿਹਾ ਹੈ।

ਭਾਈ ਸਰਵਣ ਸਿੰਘ ਜੀ ਦੇ ਉਚ ਗੁਰਮੁਖੀ ਜੀਵਨ ਦੇ ਅਨੇਕ ਨਿਤ ਵਰਤਦੇ ਕਉਤਕ ਉਨ੍ਹਾਂ ਦੇ ਨਿਕਟ-ਵਾਸੀ ਅੱਖੀਂ ਦੇਖ ਚੁਕੇ ਸਨ। ਅਜਿਹੀ ਜੀਵਨ ਵਾਲੀ ਜੀਵਨੀ ਦੇ ਹੁੰਦਿਆਂ ਹੋਇਆਂ ਅੰਤੀ ਔਸਰ ਕਈ ਖਾਮੀਆਂ ਤਰੁਟੀਆਂ ਭੀ ਆ ਪਈਆਂ। ਖਾਸ ਕਰ ਛਿਪੀ ਛਿਪੀ ਹੀ ਸੂਖਮ ਹਉਮੈ ਦੀ ਵਾਉ ਵਗ ਗਈ। ਬਹੁਤੀ ਸ਼ਲਾਘਾ ਹੋਣ ਕਰਕੇ ਇਹ ਗੁਪਤ ਰੋਗ ਸਣੇ ਸਣੇ ਉਹਨਾਂ ਦੀ ਕਰਾਂਤੀ ਵਿਚ ਆ ਘੁਸੜਿਆ। ਭਾਈ ਸਰਵਣ ਸਿੰਘ ਦੇ ਅਨਿੰਨ ਸ਼ਰਧਾਲੂਆਂ ਨੂੰ ਦਾਸ ਨੇ ਕਈ ਵਾਰ ਵੰਗਾਰ ਵੰਗਾਰ ਕੇ ਆਖਿਆ ਕਿ ਤੁਸੀਂ ਏਹਨਾਂ ਦੇ ਸਨਮੁਖ (ਮੂੰਹ ਕੇ) 'ਜੀਵਨ ਮੁਕਤ' ਨਾ ਆਖਿਆ ਕਰੋ। ਗੁਰਮਤਿ ਅਨੁਸਾਰ ਸਨਮੁਖ ਉਸਤਤਿ ਅਤੇ ਪਿਛੇ ਨਿੰਦਾ ਕਰਨੀ ਬਹੁਤ ਹੀ ਬਿਬਰਜਤ ਹੈ। ਕਹਿੰਦਿਆਂ ਕਹਿੰਦਿਆਂ ਭੀ ਨ ਟਲਣ ਵਾਲੇ ਨਾ ਹੀ ਟਲੇ, ਜਿਸ ਦਾ ਸਿੱਟਾ ਇਹ ਹੋਇਆ ਕਿ ਸੂਖਮ ਹਉਮੈ ਭਾਈ ਸਰਵਣ ਸਿੰਘ ਜੀ ਦੇ ਅੰਦਰ ਆ ਵੜੀ ਤੇ ਇਹ ਬੀਮਾਰੀ ਓਹਨਾਂ ਦੀ ਇਕ ਦਿਨ ਹੰਭਲਾ ਮਾਰ ਕੇ ਨਸ਼ਰ ਆ ਹੋਈ।

ਅੰਬਾਲੇ ਛਉਣੀ ਦੇ ਗੁਰਦੁਆਰੇ ਵਿਖੇ ਸ੍ਰੀ ਆਸਾ ਜੀ ਦੀ ਵਾਰ ਦਾ ਅਖੰਡ ਕੀਰਤਨ ਕਈ ਦਿਨ ਹੁੰਦਾ ਰਿਹਾ। ਇਕ ਦਿਨ ਕੀਰਤਨ ਵਿਚ ਭਾਈ ਸਰਵਣ ਸਿੰਘ ਜੀ ਨਾ ਆਏ। ਆਪਣੇ ਕੁਝ ਸਾਥੀਆਂ ਨਾਲ ਉਤਾਰੇ ਵਾਲੀ ਥਾਂ ਦੇ ਸਿਖਰ ਛਤੇ ਲੰਮੇ ਪਏ ਰਹੇ। ਪਿਆਰਿਆਂ ਅਨਿੰਨ ਕੀਰਤਨੀਆਂ ਬਿਨਾਂ ਸਾਨੂੰ ਕੁਝ ਤਰੁਟੀ ਜਿਹੀ ਪ੍ਰਤੀਤ ਹੋਵੇ, ਸਾਡਾ ਜੀਅ ਨਾ ਲਗੇ। ਓੜਕ ਅਸੀਂ ਉਹਨਾਂ ਦੇ ਅਨਿੰਨ ਪਿਆਰੇ ਬਾਬੂ ਮੱਲ ਸਿੰਘ ਜੀ ਨੂੰ ਝੂਮ ਉਠਾਇਆ ਕੀਰਤਨ-ਮੰਡਲ ਵਿਚੋਂ, ਕਿ ਜਾਓ ਜਾ ਕੇ ਭਾਈ ਸਰਵਣ ਸਿੰਘ ਹੋਰਾਂ ਨੂੰ ਲੈ ਆਓ। ਬਾਬੂ ਮੱਲ ਸਿੰਘ ਜੀ ਨੇ ਲੰਮੇ ਪਏ ਸਰਵਣ ਸਿੰਘ ਹੋਰੀਂ ਜਾਂ ਹਲੂਣੇ ਅਤੇ ਆਖਿਆ, "ਸਾਰੀ ਸੰਗਤ ਯਾਦ ਕਰਦੀ ਹੈ, ਬੇਹਬਲਤਾ ਸਹਿਤ। ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਹੋ ਰਹੇ ਹਨ। ਦੀਵਾਨ ਲਗਾ ਹੋਇਆ ਹੈ। ਦੀਵਾਨ ਵਿਚ ਤੁਹਾਨੂੰ ਹਾਜ਼ਰ ਨਾ ਦੇਖ ਕੇ ਬੜੀ ਹੈਰਾਨਗੀ ਭਰੀ ਬਿਹਬਲਤਾ ਹੋ ਰਹੀ ਹੈ।" ਅਗੋਂ ਆਖਣ ਲਗੇ ਭਾਈ ਸਰਵਣ ਸਿੰਘ ਜੀ, ਲੰਮੇ ਪਏ ਪਏ ਹੀ (ਅੱਖੀਆਂ ਮੀਟੀਆਂ ਮਿਟਾਈਆਂ), "ਸਾਡੇ ਤਾਂ ਅੰਦਰ ਹੀ ਆਸਾ ਜੀ ਦੀ ਵਾਰ ਲਗ ਰਹੀ ਹੈ।" ਹੈਰਾਨ ਹੋ ਕੇ, ਬੜੇ ਭੁਝੱਕੇ ਜਿਹੇ ਵਿਚ ਹੈਰਾਨ ਹੋ ਕੇ ਬਾਬੂ ਮੱਲ ਸਿੰਘ ਜੀ ਵਾਪਸ ਮੁੜ ਆਏ। ਓਹੀ ਗੱਲ ਆਖ ਸੁਣਾਈ, ਜੋ ਭਾਈ ਸਰਵਣ ਸਿੰਘ ਜੀ ਦੇ ਮੂੰਹੋਂ ਨਿਕਲੀ ਸੀ। ਅਸੀਂ ਫੇਰ ਦੂਜੀ ਵਾਰ ਬਾਬੂ ਮੱਲ ਸਿੰਘ ਜੀ ਅਤੇ ਭਾਈ ਪਿਆਰਾ ਸਿੰਘ ਜੀ ਦੋਹਾਂ ਨੂੰ ਭੇਜਿਆ। (ਭਾਈ ਪਿਆਰਾ ਸਿੰਘ ਜੀ ਨਾਲ ਤਾਂ ਓਹਨਾਂ ਦਾ ਬੜਾ ਹੀ ਸਤਿਕਾਰ ਭਰਿਆ ਪਿਆਰ ਸੀ)। ਓਹਨਾਂ ਦੋਹਾਂ ਪਿਆਰਿਆਂ ਨੂੰ ਭੀ ਏਵੇਂ ਹੀ ਆਖਿਆ, "ਸਾਡੇ ਤਾਂ ਅੰਦਰ ਹੀ ਵਾਰ ਲੱਗੀ ਹੋਈ ਹੈ, ਅੰਦਰੇ ਹੀ ਦੀਵਾਨ ਲਗਾ ਹੋਇਆ ਹੈ।" ਤਿਸ ਪਰ ਬਾਬੂ ਮੱਲ ਸਿੰਘ ਜੀ ਹੋਰਾਂ ਨੇ ਸਵਾਲ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਬਿਨਾਂ ਦੀਵਾਨ ਕਾਹਦਾ? ਇਸ ਸਵਾਲ ਕਰਨ ਪਰ ਉਸਦੀ ਸੂਖਮ ਹਉਮੈ ਸਥੂਲ ਰੂਪ ਧਾਰਨ ਕਰਕੇ ਬਾਹਰ ਭੜਕ ਉਠੀ, ਜਿਸ ਦਾ ਮੁਜੱਸਮ ਸਰੂਪ ਹੋ ਕੇ ਹਉਮੈ-ਗ੍ਰਸਿਆ ਸਰਵਣ ਸਿੰਘ ਇਉਂ ਬਰੜਾ ਉਠਿਆ, ਪਰਤੱਖ ਬੋਲ ਉਠਿਆ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀ ਲੋੜ ਹੈ?" ਦੋਹਾਂ ਵੀਰਾਂ ਨੇ ਮਿਲਵੀਂ ਬੋਲੀ ਵਿਚ ਆਖਿਆ ਕਿ ਤੁਸੀਂ ਫਲੇਵਾਲ ਆਪਣੀ ਕੁਟੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਹੋ ਅਤੇ ਆਖਿਆ ਕਰਦੇ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਕਰਕੇ ਇਹ ਕੁਟੀਆ, ਹੀ ਨਹੀਂ, ਬਲਕਿ ਗੁਰਦਵਾਰਾ ਹੈ। ਫੇਰ ਤਾਂ ਇਕ-ਦਮ ਵਾਹੀ ਤਬਾਹੀ ਬਕਵਾਸ ਕਰਨ ਲਗ ਪਿਆ। ਹਉਮੈ ਦਾ ਕਮਲਾ ਹੋਇਆ (ਕਮਲਾ ਕੀਤਾ ਹੋਇਆ) ਸਰਵਣ ਸਿੰਘ ਬੋਲ ਉਠਿਆ, "ਮੇਰੇ ਭਾ ਦਾ ਦੇਹੁਰਾ, ਮਸੀਤ ਤੇ ਗੁਰਦਵਾਰੇ ਇਕੋ ਜਿਹੇ ਹਨ। ਮੈਂ ਫਲੇਵਾਲ ਜਾ ਕੇ ਕੁਟੀਆ ਨੂੰ ਢਾਹ ਦੇਵਾਂਗਾ ਅਤੇ ਥੋਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਹਰ ਕਢ ਦਿਆਂਗਾ।"

ਅਜਿਹੇ ਊਲ ਜਲੂਲ ਹਉਮੈ ਜਨੂੰਨ ਭਰਿਆ ਬਕਵਾਸ ਸੁਣ ਕੇ ਬੜੀ ਨਫਰਤ ਖਾ ਕੇ ਦੋਈ ਸਜਣ ਵਾਪਸ ਦੀਵਾਨ ਵਿਚ ਆ ਗਏ। ਦੀਵਾਨ ਦੀ ਸਮਾਪਤੀ ਪਰ ਉਨ੍ਹਾਂ ਨੇ ਭਰੀ ਸੰਗਤ ਵਿਚ ਬਿਰਤਾਂਤ ਦਸਿਆ ਤਾਂ ਸਾਰੀ ਸੰਗਤ ਨੇ ਇਕ-ਜ਼ਬਾਨ ਹੋ ਕੇ ਉਚਾਰਿਆ ਕਿ ਜੋ ਕੁਛ ਉਸ ਨੇ ਬੋਲਿਆ ਹੈ, ਮਹਾਂ ਕੁਫਰ ਤੋਲਿਆ ਹੈ। ਸਰਵਣ ਸਿੰਘ ਤਾਂ ਹੁਣ ਫਿਟ ਨਿਕਲਿਆ ਹੈ। ਹਉਮੈ ਉਸ ਨੂੰ ਖਾ ਗਈ। ਉਸ ਨੂੰ ਬਚਾਉਣ ਦਾ ਇਕੋ ਇਕ ਇਲਾਜ ਇਹ ਹੈ ਕਿ ਉਸ ਨੂੰ ਜਥੇ ਵਲੋਂ ਛੇਕਿਆ ਜਾਵੇ। ਮੁਕੰਮਲ ਬਾਈਕਾਟ ਉਸ ਦਾ ਕੀਤਾ ਜਾਵੇ। ਜਥੇ ਦਾ ਕੋਈ ਸਿੰਘ ਉਸ ਨਾਲ ਤੁਅੱਲਕ ਨਾ ਰਖੇ। ਗੁਰਮਤਾ ਪਾਸ ਹੋ ਗਿਆ। ਟੀਸੀ-ਚੜ੍ਹੇ ਸਰਵਣ ਸਿੰਘ ਨੂੰ ਧੜੰਮ ਹੇਠਾਂ ਸੱਟਿਆ ਦੇਖਣਾ ਪਿਆ। ਸਭ ਸੱਜਣਾਂ ਨੇ ਉਹਨਾਂ ਦਾ ਮੁਕੰਮਲ ਬਾਈਕਾਟ ਕਰ ਦਿਤਾ। ਪਤਾ ਲਗਾ ਕਿ ਉਸ ਨਾਲ ਇਕ ਦੋ ਸੱਜਣ ਲੁਕਵਾਂ ਛਿਪਵਾਂ ਤੁਅੱਲਕ ਰਖਦੇ ਹਨ, ਉਨ੍ਹਾਂ ਦੇ ਨਾਲ ਉਸ ਦਾ ਬਹੁਤਾ ਪਿਆਰ ਸੀ। ਉਹਨਾਂ ਦੋਹਾਂ ਸਜਣਾਂ ਨੂੰ ਸੰਗਤ ਵਿਚ ਬੁਲਾ ਕੇ ਤਾੜਨਾ ਕੀਤੀ ਗਈ ਕਿ ਜਾਂ ਤਾਂ ਸੰਗਤ ਦਾ ਹੁਕਮ ਮੰਨੋ, ਛੇਕੇ ਹੋਏ ਸਰਵਣ ਸਿੰਘ ਨਾਲੋਂ ਤੁਅੱਲਕ ਤੋੜੋ, ਨਹੀਂ ਤਾਂ ਤੁਹਾਨੂੰ ਦੋਹਾਂ ਨੂੰ ਛੇਕਿਆ ਜਾਵੇਗਾ। ਉਨ੍ਹਾਂ ਦੋਹਾਂ ਨੇ ਸੰਗਤਾਂ ਦੀ ਆਗਿਆ ਮੰਨ ਕੇ ਛੇਕੇ ਹੋਏ ਸਰਵਣ ਸਿੰਘ ਦਾ ਸਾਥ ਛੱਡ ਦਿਤਾ।

ਫੇਰ ਤਾਂ ਦਿਨਾਂ ਵਿਚ ਹੀ ਉਸ ਦੀ ਹਉਮੈ ਦਾ ਅੜਾਟ ਨਿਕਲ ਗਿਆ, ਕੱਲ-ਮ-ਕੱਲਾ ਰਹਿ ਗਿਆ ਸਮਝ ਕੇ ਉਸ ਦੀਆਂ ਅੱਖਾਂ ਖੁਲ੍ਹ ਗਈਆਂ। ਸੰਗਤ ਦੀ ਸ਼ਰਨੀ ਆ ਪਿਆ। ਹਰੇਕ ਸਮਾਗਮ ਵਿਚ ਆਵੇ ਤੇ ਜੋੜਿਆਂ ਵਿਚ ਲੇਟਿਆ ਰਹੇ, ਧੁੱਪ ਵਿਚ ਭੁਜਦਾ ਰਹੇ। ਮਹੀਨਾ ਭਰ ਤਲਮਲਾਉਂਦਾ ਰਿਹਾ, ਕਿਸੇ ਨੇ ਉਸ ਦਾ ਖਿਆਲ ਹੀ ਨਹੀਂ ਕੀਤਾ। ਓੜਕ ਡਡਿਆ

(ਬਾਕੀ ਪੰਨਾ 36 ਤੇ)

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ

ਪ੍ਰਭਜੋਤ ਕੌਰ

ਦੀਨ ਦੁਨੀਆਂ ਦੇ ਮਾਲਕ ਸਾਹਿਬ ਗੁਰੂ ਨਾਨਕ ਦੇਵ ਜੀ, ਅੱਜ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ ਮਹਾਰਾਜ) ਤੇ ਬਾਬਾ ਬੁੱਢਾ ਜੀ ਨੂੰ ਕਹਿ ਰਹੇ ਹਨ ਕਿ ਇਥੋਂ ਚਲੇ ਜਾਉ। ਵੇਸ ਵੀ ਐਸਾ ਹੈ ਮੇਰੇ ਸਾਹਿਬ ਦਾ ਕਿ ਕੋਈ ਨੇੜੇ ਨਹੀਂ ਆ ਰਿਹਾ। ਪੂਰਾ ਉਗਰ ਰੂਪ ਧਾਰਨ ਕੀਤਾ ਹੋਇਆ ਹੈ, ਕਸਵੱਟੀ ਲਾ ਰਹੇ ਹਨ। ਸਾਰੇ ਸਿੱਖ ਜਾ ਚੁੱਕੇ ਹਨ, ਆਪ ਜੀ ਨੇ ਐਸੀ ਕਲਾ ਵਰਤਾਈ ਕਿ ਕੋਈ ਪਾਸ ਨਹੀਂ ਆ ਰਿਹਾ। ਸਿਰਫ ਭਾਈ ਲਹਿਣਾ ਜੀ (ਗੁਰੂ ਅੰਗਦ ਸਾਹਿਬ) ਤੇ ਬਾਬਾ ਬੁੱਢਾ ਜੀ ਨਹੀਂ ਗਏ। ਗੁਰੂ ਸਾਹਿਬ ਪੁਛਦੇ ਨੇ, ਤੁਸੀਂ ਕਿਉਂ ਨਹੀਂ ਜਾ ਰਹੇ? ਜਾਉ ਏਥੋਂ ਚਲੇ ਜਾਉ। ਭਾਈ ਲਹਿਣਾ ਜੀ ਤੇ ਬਾਬਾ ਬੁੱਢਾ ਜੀ ਖੜ੍ਹੇ ਹਨ, ਹੱਥ ਜੁੜੇ ਹਨ, ਨੇਤਰਾਂ 'ਚ ਜਲ, ਅੰਮ੍ਰਿਤ ਭਿੰਨੇ ਲੋਇਣ ਹਨ, ਪ੍ਰੇਮ 'ਚ ਰੱਤਾ ਮਨ, ਗੁਰੂ ਨਾਨਕ ਸਾਹਿਬ ਦੇ ਸਖਤ ਸ਼ਬਦਾਂ 'ਚੋਂ ਵੀ ਗੁਰੂ ਦੇ ਪ੍ਰੇਮ ਦਾ ਅਨੰਦ ਲੈ ਰਹੇ ਹਨ। ਅਤਿ ਅਧੀਨਗੀ ਵਿਚ ਹਨ, ਐਨੀ ਅਧੀਨਗੀ, ਐਨੀ ਨਿਰਮਾਣਤਾ, ਸ਼ਾਇਦ ਜਿੰਨਾਂ ਪ੍ਰਮੇਸ਼ਰ ਉਚਾ ਹੈ, ਇਹ ਉਨੇ ਨੀਵੇਂ ਬਣ ਕੇ ਗਏ ਹਨ। ਬੋਲੇ, ਸੱਚੇ ਪਾਤਸ਼ਾਹ! ਕਿਥੇ ਜਾਈਏ, ਕਿਧਰ ਜਾਈਏ। ਜਿਨ੍ਹਾਂ ਦਾ ਕੋਈ ਟਿਕਾਣਾ ਸੀ ਉਹ ਜਾ ਚੁੱਕੇ ਹਨ, ਸਾਡਾ ਤਾਂ ਤੇਰੇ ਬਿਨਾਂ ਕੋਈ ਹੈ ਹੀ ਨਹੀਂ, ਸਾਨੂੰ ਤੇ ਤੇਰੇ ਬਿਨਾਂ ਕੋਈ ਥਾਂ ਦੇਣ ਵਾਲਾ ਹੀ ਨਹੀਂ, ਅਸੀਂ ਕਿਧਰ ਜਾਈਏ। ਸਾਹਿਬ ਨੇ ਭੀ ਜਵਾਬ ਸੁਣ ਲਿਆ ਤੇ ਫੁਰਮਾਇਆ, ਠੀਕ ਹੈ ਫਿਰ ਆਹ ਮੁਰਦਾ ਖਾਉ। ਸਾਹਿਬ ਦਾ ਹੁਕਮ ਹੋਣ ਤੇ ਭਾਈ ਲਹਿਣਾ ਜੀ ਤੇ ਬਾਬਾ ਬੁੱਢਾ ਜੀ ਦੇ ਕਦਮ ਬਿਜਲੀ ਦੀ ਗਤੀ ਵਾਂਗੂੰ ਮੁਰਦੇ ਵੱਲ ਨੂੰ ਵਧੇ ਤੇ ਪਹੁੰਚ ਕੇ ਰੁਕ ਗਏ। ਸਿੱਖ ਪੁੱਛ ਰਹੇ ਹਨ ਕਿ ਪਾਤਸ਼ਾਹ! ਕਿਧਰੋਂ ਖਾਈਏ - ਮੁੱਖ ਵਲੋਂ ਜਾਂ ਪੈਰਾਂ ਵਲੋਂ। ਸੁਨਿਆਰ ਵੀ ਦੇਖੋ ਕੈਸਾ ਹੈ, ਸੋਨੇ ਨੂੰ ਬਾਰ ਬਾਰ ਅੱਗ ਪਾ ਰਿਹਾ ਹੈ, ਢਾਲ ਰਿਹਾ ਹੈ, ਬਾਰਾਂ ਵੰਨੀ ਦਾ ਸੋਨਾ ਐਵੇਂ ਨਹੀਂ ਨਾ ਬਨਦਾ। ਬਸ ਫਿਰ ਕੀ ਸੀ, ਭਾਈ ਲਹਿਣਾ ਜੀ ਨੂੰ ਘੁੱਟ ਕੇ ਗਲ ਨਾਲ ਲਾਇਆ, ਆਪਣਾ ਸਰੂਪ ਬਣਾਇਆ। ਬਾਬਾ ਬੁੱਢਾ ਜੀ ਨੂੰ ਵੀ ਪੂਰਨ ਬ੍ਰਹਮ ਗਿਆਨ ਦੀ ਦਾਤ ਬਖਸ਼ੀ।

ਅੱਜਕਲ੍ਹ ਦਾ ਜ਼ਮਾਨਾ ਵੀ ਕੁਝ ਇਹੋ ਜਿਹਾ ਹੀ ਹੈ। ਮੇਰੀ ਸਰੀਰਕ ਆਯੂ ਭਾਵੇਂ ਛੋਟੀ ਜਿਹੀ ਹੈ, ਪਰ ਕਈ ਤਜਰਬੇ ਅਜਿਹੇ ਹੋ ਗਏ ਹਨ ਕਿ ਹੁਣ ਪੱਕਾ ਹੋ ਗਿਆ ਕਿ ਇਥੇ ਕਿਸੇ ਦਾ ਕੋਈ ਨਹੀਂ ਬਣਦਾ।

ਕਿਸੇ ਦਰ ਤੇ ਵੀ ਤਾਂ ਹੀ ਜਾਇਆ ਜਾਂਦੈ, ਜੇ ਅੱਗੇ ਕੋਈ ਪੁੱਛੇ ਵੀ। ਤੇ ਗੁਰੂ ਨਾਨਕ ਸਾਹਿਬ ਦਾ ਦਰ ਤਾਂ ਐਸਾ ਹੈ ਕਿ ਮਹਾਰਾਜ ਜੀ ਪ੍ਰਸੰਨ ਹੋ ਜਾਣ, ਫਿਰ ਤਾਂ ਜੇ ਸਿੱਖ ਇਕ ਕਦਮ ਚੱਲ ਕੇ ਗੁਰੂ ਕੋਲ ਜਾਂਦਾ ਹੈ, ਤਾਂ ਗੁਰੂ ਕੋਟ ਕਦਮ ਚੱਲ ਕੇ ਸਿੱਖ ਨੂੰ ਅੱਗੋਂ ਲੈਣ ਆਉਂਦਾ ਹੈ।

ਭਾਈ ਮੰਝ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦੇ ਅੰਨਿਨ ਸਿੱਖ ਹੋਏ ਹਨ। ਇਤਿਹਾਸ ਗਵਾਹ ਹੈ, ਬਾਣੀ ਗਵਾਹ ਹੈ, ਭਾਈ ਸਾਹਿਬ ਜਿੰਨੀ ਘਾਲ ਕਮਾਈ ਤੇ ਸੇਵਾ ਦੀ ਮਿਸਾਲ ਉਹ ਆਪ ਹੀ ਹਨ। ਆਪ ਜੀ ਵੀ ਗੁਰਮਤਿ ਦੀ ਕਸੌਟੀ ਤੇ ਪੂਰੇ ਉਤਰੇ। ਪੰਜਵੇਂ ਪਾਤਸ਼ਾਹ ਮਹਾਰਾਜ ਜੀ ਨੇ ਆਪ ਜੀ ਦੇ ਕੈਸੇ ਕੈਸੇ ਇਮਤਿਹਾਨ ਲਏ, ਪਰ ਭਾਈ ਮੰਝ ਜੀ ਦੇ ਅੰਦਰੋਂ ਸਦਾ ਇਕੋ ਅਰਦਾਸ ਪੂਰੀ ਬਿਹਬਲਤਾ ਨਾਲ ਨਿਕਲਦੀ ਰਹੀ, "ਹੇ ਸਤਿਗੁਰੂ ਕਿਸੇ ਦਾ ਕੋਈ ਹੈ, ਕਿਸੇ ਦਾ ਕੋਈ ਹੈ, ਪਰ ਮੇਰਾ ਤਾਂ ਇਕੋ ਤੂੰ ਹੀ ਹੈਂ ਤੇ ਜਦੋਂ ਤੂੰ ਵਿਸਰ ਜਾਨੈ, ਮੈਂ ਕਿਵੇਂ ਜੀਵਾਂ ਕਿਉਂਕਿ ਮੇਰਾ ਤਾਂ ਅਧਾਰ ਹੀ ਤੂੰ ਹੈਂ। ਉਨ੍ਹਾਂ ਦੇ ਅੰਦਰ ਗੁਰੂ ਪਿਆਰ ਤੇ ਯਾਦ ਐਸੀ ਵਸ ਚੁੱਕੀ ਸੀ ਕਿ ਜੇ ਨਾਮ ਲੈਂਦੇ ਸੀ ਤਾਂ ਬਚਦੇ ਸੀ, ਨਹੀਂ ਤਾਂ ਆਤਮਿਕ ਮੌਤ ਹੁੰਦੀ ਲਗਦੀ ਸੀ। ਗੁਰਵਾਕ ਹੈ -

ਆਖਾ ਜੀਵਾ ਵਿਸਰੈ ਮਰਿ ਜਾਉ॥ ***ਪੰਨਾ - 9***

ਗੁਰੂ ਮਹਾਰਾਜ ਜੀ ਦਾ ਇਕ ਵਾਰੀ ਕੋਈ ਬਣ ਜਾਏ, ਫਿਰ ਸਦਾ ਸਦਾ ਹੀ ਉਸ ਦੀ ਸੰਭਾਲ ਕਰਦੇ ਹਨ। ਕਦੇ ਛੱਡ ਕੇ ਨਹੀਂ ਜਾਂਦੇ। ਸਿੱਖ ਭਾਵੇਂ ਗੁਰੂ ਦਾ ਲੜ ਛੱਡ ਜਾਏ, ਸਿੱਖ ਭਾਵੇਂ ਦੂਰ ਚਲਾ ਜਾਏ, ਪਰ ਗੁਰੂ ਕਦੇ ਨਹੀਂ ਜਾ ਸਕਦਾ। ਉਹ ਮਾਤਾ ਦੀ ਨਿਆਈਂ ਬੱਚੇ ਨੂੰ ਡਾਂਟ ਕੇ ਜਾਂ ਪਿਆਰ ਨਾਲ ਘਰ ਵਾਪਸ ਮੋੜ ਕੇ ਲਿਆਉਂਦਾ ਹੈ। ਭਾਈ ਜੋਗਾ ਸਿੰਘ ਜੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਬਾਰ ਦੇ ਪਿਆਰੇ ਸਿੰਘਾਂ ਵਿਚੋਂ ਇਕ ਸਨ। ਪੇਸ਼ਾਵਰ ਤੋਂ ਬਚਪਨ ਵਿਚ ਹੀ ਗੁਰੂ ਦੇ ਦਰ ਤੇ ਆ ਗਏ। ਬਚਪਨ ਤੋਂ ਜਵਾਨੀ ਆਈ। ਕਿਵੇਂ ਮਹਾਰਾਜ ਜੀ ਨੇ ਕਸਵੱਟੀ ਲਾਈ ਤੇ ਆਪ ਜੀ ਨੂੰ ਵੇਸਵਾ ਦੇ ਦੁਆਰੇ ਤੋਂ ਕੱਢਿਆ। ਪਰ ਇਕ ਦਫਾ ਜਦੋਂ ਮਹਾਰਾਜ ਜੀ ਨੇ ਭਾਈ ਜੋਗਾ ਸਿੰਘ ਨੂੰ ਪੁਛਿਆ ਕਿ ਤੂੰ ਕਿਹਦੇ ਜੋਗਾ ਹੈਂ ਤਾਂ ਆਪ ਜੀ ਦਾ ਜਵਾਬ ਸੀ ਕਿ ਮੈਂ ਗੁਰੂ ਜੋਗਾ। ਹਜ਼ੂਰ ਕਹਿੰਦੇ, ਜੇ ਤੂੰ ਗੁਰੂ ਜੋਗਾ ਤੇ ਗੁਰੂ ਤੇਰੇ ਜੋਗਾ।

ਗੁਰੂ ਸਿੱਖ ਦੀ ਪ੍ਰੀਤ ਆਪ ਨੇੜੇ ਹੋ ਕੇ ਪਾਉਂਦਾ ਹੈ। ਮੁਰੀਦ ਲਈ ਵੀ ਆਪਣੇ ਮੁਰਸ਼ਦ ਤੋਂ ਵੱਡੀ ਚੀਜ਼ ਦੁਨੀਆਂ ਵਿਚ ਹੋਰ ਕੋਈ ਨਹੀਂ ਹੁੰਦੀ। ਗੁਰੂ ਦੇ ਸੁੱਖ ਵਿਚ ਉਸਨੂੰ ਸੁੱਖ ਹੁੰਦਾ ਹੈ। ਗੁਰੂ ਦਾ ਹੁਕਮ ਉਸ ਲਈ ਸਭ ਤੋਂ ਵੱਡਾ ਹੋ ਜਾਂਦਾ ਹੈ। ਅੱਜ ਦਾ ਤਾਂ ਸਮਾਂ ਹੀ ਬਦਲ ਗਿਆ। ਕਰੋੜਾਂ 'ਚੋਂ ਕਿਸੇ ਵਿਰਲੇ-ਵਿਰਲੇ ਬੰਦੇ ਨੂੰ ਗੁਰੂ ਦਾ ਚਿੱਤ ਚੇਤਾ ਹੈ। ਨਾ ਅੱਗੇ ਵਰਗਾ ਪ੍ਰੇਮ ਰਿਹਾ, ਨਾ ਤੜਫ ਰਹੀ, ਸ਼ਾਇਦ ਇਹੋ ਕਾਰਨ ਹੈ ਕਿ ਸਾਡੀ ਗੁਰੂ ਨਾਲੋਂ ਵਿੱਥ ਦਿਨੋਂ ਦਿਨ ਵਧਦੀ ਜਾ ਰਹੀ ਹੈ। ਜਦੋਂ ਤਕ ਕੋਈ ਪਿਆਸਾ ਨਾ ਹੋਵੇ, ਪਾਣੀ ਨਹੀਂ ਪਿਲਾਇਆ ਜਾ ਸਕਦਾ।

ਦੇਣ ਵਾਲਾ ਬੇਅੰਤ ਹੈ, ਦਰ ਵੀ ਬੇਪਰਵਾਹਾਂ ਦਾ ਹੈ। ਸਾਨੂੰ ਹੀ ਚਾਹੀਦਾ ਹੈ ਕਿ ਅਸੀਂ ਵੀ ਉਹੀ ਬੇਨਤੀ, ਉਹੀ ਪੁਕਾਰ ਕਰੀਏ ਤੇ ਦਰ ਮੱਲ ਕੇ ਬਹਿ ਜਾਈਏ ਤੇ ਕਹੀਏ ਕਿ ਪਾਤਸ਼ਾਹ! ਜਿਨ੍ਹਾਂ ਲਈ ਦੁਨੀਆਂ ਵਿਚ ਟਿਕਾਣੇ ਹਨ, ਉਹ

(ਬਾਕੀ ਪੰਨਾ 62 ਤੇ)

ਆਦਰਸ਼ਕ ਰਾਜ
(ਮਹਾਰਾਜਾ ਰਣਜੀਤ ਸਿੰਘ)

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ

ਕੋਈ ਸਮਾਂ ਸੀ ਜਦੋਂ ਭਾਰਤ ਵਰਸ਼ ਦੇ ਰਾਜੇ ਰਿਸ਼ੀਆਂ ਮੁਨੀਆਂ, ਮਹਾਂਪੁਰਸ਼ਾਂ, ਸ਼ਾਸਤਰਾਂ, ਵੇਦਾਂ, ਗੀਤਾ ਅਤੇ ਗ੍ਰੰਥਾਂ ਦੇ ਸਿਧਾਂਤਾਂ ਤੇ ਚੱਲਣ ਕਰਕੇ ਸਤਿ ਦਾ ਰਾਜ ਕਰਿਆ ਕਰਦੇ ਸਨ। ਪਰਜਾ ਦੀ ਗੱਲ ਸੁਣੀ ਜਾਂਦੀ ਸੀ, ਰਾਜੇ ਦਾ ਵਿਅਕਤਿਤ੍ਵ ਆਪਣੀ ਪਰਜਾ ਵਿਚ ਐਨਾ ਡੂੰਘਾ ਪ੍ਰਵੇਸ਼ ਕਰ ਜਾਂਦਾ ਸੀ ਕਿ ਉਹ ਰਾਜੇ ਨੂੰ ਈਸ਼ਵਰ ਦਾ ਅਵਤਾਰ ਹੀ ਸਮਝਦੇ ਸਨ। ਰਾਜਾ ਆਪਣੀ ਪਰਜਾ ਨੂੰ, ਆਪਣੇ ਬਾਲ ਬੱਚਿਆਂ ਤੋਂ ਭੀ ਬਹੁਤ ਪਿਆਰਾ ਸਮਝਦਾ ਸੀ। ਅਨੇਕ ਰਾਜ ਚਲ ਰਹੇ ਸਨ। ਜੇ ਕੋਈ ਰੌਲਾ ਗੌਲਾ ਸੀ ਤਾਂ ਉਹ ਸਿਰਫ ਦੋ ਸਭਿਆਤਾਵਾਂ ਵਿਚ ਸੀ। ਇਕ ਨੂੰ ਦੈਂਤ ਸਭਿਅਤਾ, ਦੈਂਤ ਰਾਜ ਆਖਿਆ ਜਾਂਦਾ ਸੀ। ਦੂਸਰੇ ਨੂੰ ਦੇਵ ਸਭਿਅਤਾ, ਦੇਵ ਰਾਜ ਕਿਹਾ ਜਾਂਦਾ ਸੀ। ਦੇਵ ਰਾਜ ਵਿਚ ਆਰੀਅਨ ਰਾਜ ਕਰਦੇ ਸਨ, ਇਨ੍ਹਾਂ ਰਾਜਾਂ ਵਿਚ ਪਰਜਾ ਦੀ ਮਰਜ਼ੀ ਨੂੰ ਖਾਸ ਮਹਾਨਤਾ ਦਿਤੀ ਜਾਂਦੀ ਸੀ, ਰਾਜਾ ਆਪਣੇ ਸਾਰੇ ਹਿਤ ਪਰਜਾ ਦੀ ਖੁਸ਼ੀ ਵਿਚ ਕੁਰਬਾਨ ਕਰ ਦਿਆ ਕਰਦੇ ਸੀ। ਇਥੋਂ ਤਕ ਪੜ੍ਹਨ ਨੂੰ ਮਿਲਦਾ ਹੈ ਕਿ ਸ੍ਰੀ ਰਾਮ ਚੰਦਰ ਜੀ ਨੂੰ ਬਨਵਾਸ ਹੋਇਆ, ਬਨਵਾਸ ਵਿਚ ਸੀਤਾ ਜੀ ਦਾ ਹਰਨ ਹੋਇਆ। ਰਾਵਣ ਦੇ ਇਸ ਅਨਿਆ ਕਰਨ ਤੋਂ ਬਹੁਤ ਸਾਰੇ ਰਾਜੇ, ਰਾਵਣ ਦੇ ਵਿਰੋਧ ਵਿਚ ਹੋ ਗਏ। ਸ੍ਰੀ ਰਾਮ ਚੰਦਰ ਜੀ ਨੇ ਬਨਵਾਸ ਦੇ ਦਿਨਾਂ ਵਿਚ ਜਦੋਂ ਕਿ ਉਨ੍ਹਾਂ ਕੋਲ ਕੋਈ ਫੌਜ ਵੀ ਨਹੀਂ ਸੀ, ਨਾ ਕੋਈ ਖਜ਼ਾਨਾ ਸੀ, ਰਾਵਣ ਵਰਗੇ ਰਾਜੇ ਨਾਲ ਯੁੱਧ ਕਰਕੇ ਸੀਤਾ ਜੀ ਨੂੰ ਛੁਡਾਇਆ। ਐਸਾ ਲਿਖਿਆ ਮਿਲਦਾ ਹੈ ਕਿ ਉਨ੍ਹਾਂ ਦੀ ਪਵਿੱਤਰਤਾ, ਸਤੀਪੁਣਾ ਪਰਖਣ ਲਈ ਉਨ੍ਹਾਂ ਨੂੰ ਅੱਗ ਵਿਚੋਂ ਲੰਘਾ ਕੇ ਅਗਨ ਪਰੀਖਸ਼ਾ ਕੀਤੀ ਗਈ, ਅੱਗ ਨੇ ਉਨ੍ਹਾਂ ਦਾ ਰੋਮ ਵੀ ਨਾ ਜਲਾਇਆ। ਸੀਤਾ ਜੀ ਕਿਉਂਕਿ ਨੌਂ ਮਹੀਨੇ ਰਾਵਣ ਦੇ ਬਾਗ ਵਿਚ ਰਹੀ ਸੀ, ਆਮ ਲੋਕਾਂ ਦੇ ਮਨਾਂ ਉਤੇ ਕੁਝ ਕਿੰਤੂ ਸਮਾਇਆ ਹੋਇਆ ਸੀ ਜਿਸ ਦੇ ਫਲਸਰੂਪ ਸ੍ਰੀ ਰਾਮ ਚੰਦਰ ਜੀ ਮਹਾਰਾਜ ਨੇ ਲੋਕ ਰਾਏ ਨੂੰ ਸਤਿਕਾਰ ਦਿੰਦਿਆਂ ਸੀਤਾ ਜੀ ਦਾ ਤਿਆਗ ਕਰ ਦਿਤਾ ਅਤੇ ਸੀਤਾ ਜੀ ਨੂੰ ਮੁੜ ਬਨਵਾਸ ਦੇ ਸੰਤਾਪ ਸਹਿਣੇ ਪਏ। ਰਾਜਿਆਂ ਦੇ ਖਾਸ ਅਸੂਲ ਹੋਇਆ ਕਰਦੇ ਸਨ, ਉਚਾ ਜੀਵਨ ਹੋਇਆ ਕਰਦਾ ਸੀ, ਕੰਸ ਅਤੇ ਜ਼ਰਾਸਿੰਧ ਵਰਗੇ ਰਾਜਿਆਂ ਦੇ ਰਾਜ ਨੂੰ ਸਹਿਨ ਨਹੀਂ ਸੀ ਕੀਤਾ। ਰਾਜੇ ਦਾ ਧਰਮ ਹੀ ਪਰਜਾ ਨਾਲ ਨਿਆਂ ਕਰਨਾ ਸੀ ਜਿਵੇਂ ਕਿ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ –

ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ।।
ਪੰਨਾ – 1240

ਦੁਆਪਰ ਯੁੱਗ ਵਿਚ ਦੁਰਯੋਧਨ ਦੀ ਅਨਿਆਂਕਾਰੀ ਨੀਤੀ ਨੂੰ ਸਹਿਨ ਨਾ ਕੀਤਾ ਗਿਆ, ਜਿਸ ਦਾ ਸਿੱਟਾ ਭਿਆਨਕ ਯੁੱਧ ਵਿਚ ਨਿਕਲਿਆ ਜਿਸਨੂੰ ਮਹਾਂਭਾਰਤ ਦਾ ਯੁੱਧ ਆਖਿਆ ਜਾਂਦਾ ਹੈ। ਲਿਖਿਆ ਹੈ ਕਿ ਉਸ ਵਿਚ 45 ਕਸ਼ੂਣੀਆਂ ਫੌਜ ਮਾਰੀ ਗਈ, ਅਤੇ ਅਧਰਮ ਦਾ ਨਾਸ਼ ਕੀਤਾ ਗਿਆ ਅਤੇ ਨਾ ਹੀ ਧਰਮ ਦਾ ਨਾਸ਼ ਕਰਨ ਵਾਲਿਆਂ ਨੂੰ ਬਰਦਾਸ਼ਤ ਕੀਤਾ ਗਿਆ। ਹੌਲੀ ਹੌਲੀ ਸਮਾਂ ਬੀਤਦਾ ਗਿਆ, ਕਲਜੁਗ ਦਾ ਕਾਫੀ ਸਮਾਂ ਲੰਘ ਗਿਆ, ਉਸ ਵੇਲੇ ਰਾਜਿਆਂ ਦਾ ਹੱਕ ਪਰਜਾ ਉਪਰ ਭਾਰੂ ਹੋ ਗਿਆ ਅਤੇ ਪਰਜਾ ਦਾ ਹੱਕ ਰਾਜਿਆਂ ਨੇ ਪੂਰੀ ਤਰ੍ਹਾਂ ਨਾਲ ਖੋਹ ਲਿਆ। ਜਿਵੇਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ।।
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ।।
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ਪੰਨਾ – 145

ਪਰਜਾ ਨੂੰ ਵੀ ਅੰਨ੍ਹੀ ਕੀਤਾ ਗਿਆ, ਉਸ ਵੇਲੇ ਧਰਮ ਦਾ ਜੋ ਜੀਵਨ ਸੀ ਉਹ ਕੇਵਲ ਕਥਨੀ ਮਾਤਰ ਰਹਿ ਗਿਆ। ਵੈਸੇ ਕੀ ਰਾਜਾ, ਕੀ ਪਰਜਾ, ਜੀਵਨਧਾਰਾ ਨਾਲੋਂ ਉਖੜ ਚੁਕੇ ਸਨ। ਗੁਰੂ ਮਹਾਰਾਜ ਜੀ ਨੇ ਆਸਾ ਜੀ ਦੀ ਵਾਰ ਵਿਚ ਇਸ ਦਾ ਪ੍ਰਗਟਾਵਾ ਕਰਦਿਆਂ ਫੁਰਮਾਨ ਕੀਤਾ ਹੈ –

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥
ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥
ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ।।
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥
ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥
ਪੰਨਾ – 468

ਅਰਬ ਵਿਚ ਇਸਲਾਮ ਵਰਗਾ ਉਚੇ ਅਸੂਲਾਂ ਵਾਲਾ ਧਰਮ ਕਾਇਮ ਹੋਇਆ ਜਿਸ ਵਿਚ ਪ੍ਰਮੇਸ਼ਰ ਨੂੰ ਪਿਆਰ ਕਰਨਾ, ਮੰਨਣਾ, ਅੱਲਾਹ ਦੀ ਬੰਦਗੀ ਕਰਨੀ ਆਦਿ ਸ਼ੁਭ ਗੁਣ ਸਨ ਪਰ ਸਮੇਂ ਦੇ ਫੇਰ ਨਾਲ ਇਸਲਾਮੀ ਰਾਜੇ ਵੀ ਬਦਲ

ਗਏ ਅਤੇ ਪਰਜਾ ਉਪਰ ਮਨਮਾਨੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਮਜ਼ਹਬ ਦੇ ਨਾਮ ਤੇ ਐਨਾ ਜੋਸ਼ ਪ੍ਰਬਲ ਹੋਇਆ ਕਿ ਲੱਖਾਂ ਬੰਦਿਆਂ ਨੂੰ ਤਲਵਾਰ ਦੇ ਘਾਟ ਉਤਾਰ ਦੇਣਾ ਧਰਮ ਮੰਨਿਆ ਗਿਆ – ਇਸ ਆਸ਼ੇ ਨਾਲ ਕਿ ਇਸ ਕਾਰਜ ਨਾਲ ਅੱਲਾਹ ਤਾਲਾਹ ਬਹੁਤ ਖੁਸ਼ ਹੋਵੇਗਾ ਅਤੇ ਇਨ੍ਹਾਂ ਪੁੰਨਾਂ ਦਾ ਬਦਲਾ ਬਹਿਸ਼ਤ ਦੇ ਰੂਪ ਵਿਚ ਦੇਵੇਗਾ। ਸੰਤਾਂ, ਸਾਧੂਆਂ, ਰਿਸ਼ੀਆਂ ਮੁਨੀਆਂ ਉਪਰ ਜ਼ੁਲਮ ਕੀਤੇ ਗਏ, ਜ਼ੁਲਮ ਦੀ ਹਨ੍ਹੇਰੀ ਐਨੀ ਚਲ ਪਈ ਕਿ ਉਸ ਘਿਨੌਣੇ ਕੰਮ ਨੂੰ ਵੀ ਧਰਮ ਦਾ ਨਾਉਂ ਦੇਣਾ ਸ਼ੁਰੂ ਕਰ ਦਿਤਾ। ਕੇਵਲ ਇਸਲਾਮ ਨੂੰ ਪਾਕ ਧਰਮ ਮੰਨਿਆ ਜਾਣ ਲੱਗਿਆ, ਹਿੰਦੂਆਂ ਆਦਿ ਲਈ ਕਾਫਰ (ਰੱਬ ਤੋਂ ਮੁਨਕਰ) ਦਾ ਸ਼ਬਦ ਵਰਤਣਾ ਸ਼ੁਰੂ ਹੋਇਆ। ਕਾਫਰ ਨੂੰ ਮਾਰਨਾ ਭਾਰੀ ਪੁੰਨ ਗਿਣਿਆ ਜਾਣਾ ਨਿਸ਼ਚੇ ਹੋਇਆ। ਭਾਰਤ ਵਰਸ਼ ਦੇ ਰਾਜੇ ਇਕ ਇਕ ਕਰਕੇ ਸਤਾ ਤੋਂ ਖਾਲੀ ਹੋ ਗਏ। ਇਸਲਾਮ ਦੇ ਰਾਜੇ ਉਨ੍ਹਾਂ ਦੀ ਥਾਂ ਲੈਂਦੇ ਰਹੇ ਜੋ ਕੇਵਲ ਇਸਲਾਮ ਵਾਲਿਆਂ ਦੇ ਹਿਤ ਦੀ ਰਾਖੀ ਕਰਦੇ ਸਨ। ਇਸ ਦੇ ਵਿਪਰੀਤ ਬੇਅੰਤ ਕਿਸਮ ਦੇ ਟੈਕਸ ਲਾ ਕੇ ਪਰਜਾ ਨੂੰ ਹੈਰਾਨ ਕੀਤਾ ਜਾ ਰਿਹਾ ਸੀ।

ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਸਮੇਂ ਵਿਚ ਇਹ ਸਾਰੀਆਂ ਗੱਲਾਂ ਦੇਖ ਕੇ ਮਨੁੱਖ ਦੇ ਅੰਦਰੋਂ ਜੋ ਗੈਰਤ ਨਿਕਲ ਚੁੱਕੀ ਸੀ ਪਰ ਜਿਸ ਦੀਆਂ ਜੜ੍ਹਾਂ ਅਜੇ ਹਰੀਆਂ ਸਨ ਉਨ੍ਹਾਂ ਨੂੰ ਪ੍ਰਮੇਸ਼ਰ ਦੇ ਨਾਮ ਦਾ ਪਾਣੀ ਦੇ ਕੇ, ਭਰੋਸਾ ਦੇ ਕੇ ਮੁੜ ਕੇ ਸੁਰਜੀਤ ਕਰਨ ਲਈ ਨਿਰਭਉ ਅਤੇ ਨਿਰਵੈਰ ਦਾ ਆਦਰਸ਼ ਦਿਤਾ ਅਤੇ ਭੈ ਰਹਿਤ ਜੀਵਨ ਨੂੰ ਅਪਣਾਉਣ ਲਈ ਪ੍ਰਮੇਸ਼ਰ ਦਾ ਨਾਮ ਹੀ ਐਸੀ ਦਾਰੂ ਰੱਖਿਆ ਜੋ ਸਾਰੀਆਂ ਬਿਮਾਰੀਆਂ, ਕਮਜ਼ੋਰੀਆਂ, ਤਰੁੱਟੀਆਂ ਦਾ ਇਲਾਜ ਸੀ। ਇਹ ਨਿਰਭਉ ਤੇ ਨਿਰਵੈਰ ਪੁਰਸ਼ਾਂ ਦਾ ਧਾਰਮਿਕ ਵਰਗ, ਦੇਵਤਾ ਦੇ ਜੀਵਨ ਤੋਂ ਕਿਤੇ ਉਚਾ ਸੀ। ਜਿਉਂ ਜਿਉਂ ਗੁਰਸਿੱਖਾਂ ਨੇ ਬਾਣੀ ਦੇ ਸਿਧਾਂਤਾਂ ਨੂੰ ਅਮਲੀ ਜੀਵਨ ਦੇਣਾ ਸ਼ੁਰੂ ਕੀਤਾ, ਤਿਉਂ ਤਿਉਂ ਨਿਰਭੈਤਾ ਅਤੇ ਸਰਬਸਾਂਝੀਵਾਲਤਾ ਅੰਦਰ ਪ੍ਰਵੇਸ਼ ਕਰਦੀ ਗਈ।

ਮੁਗਲ ਰਾਜ ਵਿਦੇਸ਼ੀ ਰਾਜ ਸੀ ਅਤੇ ਉਸ ਦੇ ਰਾਜੇ, ਅਕਬਰ ਨੂੰ ਛੱਡ ਕੇ, ਇਕ ਵਖਰੀ ਸੋਚ ਰੱਖਣ ਲੱਗੇ। ਉਹ ਸੀ ਕਿ ਕੇਵਲ ਇਸਲਾਮ ਹੀ ਸੱਚਾ ਤੇ ਸੁੱਚਾ ਧਰਮ ਹੈ, ਹੋਰ ਭਾਰਤ ਦਾ ਕੋਈ ਵੀ ਮਤ ਉਸ ਦਾ ਮੁਕਾਬਲਾ ਨਹੀਂ ਕਰ ਸਕਦਾ। ਮਹੁੰਮਦ ਸਾਹਿਬ ਦੇ ਉਪਦੇਸ਼ਾਂ ਨੂੰ ਮੰਨਣ ਵਾਲੇ ਹੀ ਸਹੀ ਇਨਸਾਨ ਹਨ, ਦੂਜੇ ਹੋਰ ਸਾਰੇ ਪ੍ਰੇਮੀ ਜੋ ਆਪਣੇ ਧਰਮ ਸ਼ਾਸਤਰਾਂ ਦੇ ਮੁਤਾਬਿਕ ਪੂਜਾ ਕਰਦੇ ਸੀ, ਧਾਰਮਿਕ ਜੀਵਨ ਬਤੀਤ ਕਰਦੇ ਸਨ, ਉਨ੍ਹਾਂ ਨੂੰ ਕਾਫਰ ਦਾ ਦਰਜਾ ਮਿਲਿਆ। ਐਸੇ ਹਾਲਾਤ ਵਿਚ ਸੰਘਰਸ਼ ਹੋ ਜਾਣਾ ਕੁਦਰਤੀ ਨਿਯਮ ਹੈ ਕਿਉਂਕਿ ਇਕ ਪਾਸੇ ਅਧਰਮ ਸੀ, ਦੂਜੇ ਪਾਸੇ ਧਰਮ ਸੀ। ਗੁਰੂ ਕਾਲ ਦੇ ਅੰਦਰ ਹੀ ਬਹੁਤ ਯੁੱਧ ਜੰਗ ਹੋਏ ਅਤੇ ਇਕੱਲੇ ਇਕੱਲੇ ਨੇ ਵੀ ਸ਼ਹੀਦੀਆਂ ਦਿਤੀਆਂ। ਜੇ ਐਂ ਕਿਹਾ ਜਾਵੇ ਕਿ ਇਹ ਕਾਲ ਸ਼ੁੱਧ ਆਤਮਾਵਾਂ ਦੀਆਂ ਸ਼ਹੀਦੀਆਂ ਦਾ ਸੀ ਤਾਂ ਇਹ ਅਤਿਕਥਨੀ ਨਹੀਂ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ

ਗੁਰੂ ਦਸ਼ਮੇਸ਼ ਪਿਤਾ ਜੀ ਨੇ ਸ਼ਕਤੀ ਅਤੇ ਭਗਤੀ ਦੋਨਾਂ ਨੂੰ ਜੀਵਨ ਵਿਚ ਸੰਮਿਲਤ ਕਰ ਦਿਤਾ। ਜਿੰਨਾ ਕਿਸੇ ਨੂੰ ਡਰਾਉਣਾ ਪਾਪ ਸਮਝਿਆ ਗਿਆ, ਓਨਾਂ ਹੀ ਕਿਸੇ ਤੋਂ ਡਰਨਾ ਵੀ ਪਾਪ ਸਮਝਿਆ ਗਿਆ। ਇਸ ਤੋਂ ਵੀ ਵੱਧ ਗੁਰੂ ਮਹਾਰਾਜ ਜੀ ਨੇ ਮਨੁੱਖ ਨੂੰ ਉਸ ਦਾ ਅਸਲ ਰੂਪ ਦਿਖਾ ਦਿਤਾ ਅਤੇ ਸਮਝਾ ਦਿਤਾ ਕਿ ਜੋ ਸੰਸਾਰ ਵਿਚ ਮਨੁੱਖ ਦਾ ਵਜੂਦ ਹੈ ਉਹ ਦੋ ਤਰ੍ਹਾਂ ਨਾਲ ਹੈ – ਇਕ ਹਿੱਸਾ ਪ੍ਰਕ੍ਰਿਤੀ ਹੈ ਜੋ ਨਿਯਮਬੱਧ ਹੈ, ਦੂਸਰਾ ਇਸ ਵਿਚ ਪ੍ਰਮੇਸ਼ਰ ਦੀ ਜੋਤ ਹੈ ਜੋ ਸਾਰੇ ਪਰੀਪੂਰਨ ਹੈ। ਪ੍ਰਭੂ ਦੀ ਜੋਤ ਨੂੰ ਆਤਮਾ ਕਿਹਾ ਗਿਆ। ਜੀਵ ਦਾ ਜੋ ਦਰਜਾ ਸੀ ਉਹ ਪ੍ਰਕਿਰਤੀ ਅਤੇ ਇਸ ਜੋਤ ਦਾ ਮਿਸ਼ਰਤ ਰੂਪ ਹੈ, ਇਸ ਵਿਚ ਮੈਂ ਤੇ ਮੇਰੀ ਤੱਤ ਪ੍ਰਧਾਨ ਹੈ। ਮੈਂ ਦਾ ਸਬੰਧ ਪ੍ਰਕ੍ਰਿਤੀ ਨਾਲ ਹੈ ਜਿਸ ਤੋਂ ਦ੍ਰਿਸ਼ਟਮਾਨ ਸਰੀਰ ਦਾ ਵਜੂਦ ਕਾਇਮ ਹੋਇਆ ਜਿਸ ਵਿਚ ਅੱਖਾਂ, ਨੱਕ, ਕੰਨ, ਜੀਭ ਸ਼ਾਮਲ ਹਨ ਅਤੇ ਪ੍ਰਕ੍ਰਿਤੀ ਦੇ 25 ਅੰਸ਼ਾਂ ਨਾਲ ਗਿਆਨ ਇੰਦਰੇ ਵਜੂਦ ਵਿਚ ਆਏ। ਇਹ ਸਾਰੀਆਂ ਚੀਜ਼ਾਂ ਆਤਮਾ ਦੇ ਔਜ਼ਾਰ ਹਨ। ਜਾਂ ਐਉਂ ਕਹੋ ਕਿ ਆਤਮਾ ਇਸ ਦੀ ਸਵਾਰੀ ਕਰਦਾ ਹੈ। ਜਦੋਂ ਸਰੀਰ ਮੁਰਦਾ ਹੋ ਜਾਂਦਾ ਹੈ ਤਾਂ ਪ੍ਰਕ੍ਰਿਤੀ ਆਪਣੇ ਤੱਤਾਂ ਵਿਚ ਲੈਅ ਹੋ ਜਾਂਦੀ ਹੈ ਪਰ ਉਸ ਦਾ ਇਕ ਸੂਖਸ਼ਮ ਅੰਗ ਜਿਸ ਨੂੰ ਅਹੰਭਾਵ ਕਹਿੰਦੇ ਹਨ, ਉਹ ਚੇਤਨ ਆਤਮਾ ਦੇ ਨਾਲ ਰਲਿਆ ਹੋਇਆ ਜੀਵ ਆਤਮਾ ਕਹਾਉਂਦਾ ਰਹਿੰਦਾ ਹੈ, ਜੀਵ ਆਤਮਾ ਦੀ ਕਦੇ ਮੌਤ ਨਹੀਂ ਹੁੰਦੀ। ਸਿਰਫ ਗਿਆਨ ਪ੍ਰਾਪਤ ਹੋਣ ਉਪਰੰਤ ਆਪਣੀ ਅਸਲੀ ਆਤਮ ਜੋਤ ਦਾ ਗਿਆਨ ਹੋਣ ਨਾਲ ਜੀਵ+ਆਤਮਾ ਵਿਚ ਅਣਹੁੰਦੇ ਜੀਵ ਦਾ ਨਾਸ਼ ਹੋ ਜਾਇਆ ਕਰਦਾ ਹੈ। ਉਸ

ਦਾ ਜੋ ਸ਼ੁੱਧ ਤੱਤ ਆਤਮਾ ਹੈ ਉਹ ਪਰਮ ਤੱਤ ਹੈ ਅਤੇ ਮਹਾਂ ਸੁੱਖ ਹੈ, ਉਹ ਨਾ ਕਦੇ ਜੰਮਦਾ ਹੈ ਨਾ ਮਰਦਾ ਹੈ।

ਸੋ ਗੁਰਸਿੱਖਾਂ ਦੇ ਅੰਦਰ ਇਹ ਪੂਰਨ ਨਿਸ਼ਚਾ ਪੈਦਾ ਹੋ ਗਿਆ ਕਿ ਮੈਂ ਨਾ ਹੀ ਪ੍ਰਕ੍ਰਿਤੀ ਹਾਂ, ਨਾ ਹੀ ਮੈਂ ਪੰਜਾਂ ਤੱਤਾਂ 'ਚੋਂ ਕੋਈ ਤੱਤ ਹਾਂ, ਨਾ ਪੰਜ ਗਿਆਨ ਇੰਦਰਿਆਂ ਵਿਚੋਂ ਕੋਈ ਇੰਦਰਾ ਹਾਂ, ਨਾ ਕਰਮ ਇੰਦਰਿਆਂ ਵਿਚੋਂ ਕੋਈ ਇੰਦਰਾ ਹਾਂ, ਨਾ ਪੰਜ ਪ੍ਰਾਣਾਂ ਵਿਚੋਂ ਪ੍ਰਾਣ ਹਾਂ, ਨਾ ਹੀ ਇਸ ਸਰੀਰ ਦੀ ਸੁਰਤ ਵਿਚੋਂ ਮਨ ਅਤੇ ਬੁੱਧੀ ਹਾਂ ਅਤੇ ਚਿੱਤ ਵੀ ਜੜ੍ਹ ਹੈ। ਮੈਂ ਆਤਮਾ ਹਾਂ ਜਿਸਨੂੰ ਨਾ ਅੱਗ ਜਾਲ ਸਕਦੀ ਹੈ, ਨਾ ਪਾਣੀ ਡੋਬ ਸਕਦਾ ਹੈ, ਨਾ ਸ਼ਸਤਰ ਕੱਟ ਸਕਦਾ ਹੈ। ਜੋ ਸਦਾ ਇਕ ਰਸ ਰਹਿੰਦੀ ਹੈ, ਇਹ ਮੇਰਾ ਆਪਣਾ ਸਰੂਪ ਹੈ। ਇਸ ਨੂੰ ਪ੍ਰਤੱਖ ਰੂਪ ਵਿਚ ਗੁਰੂ ਸਾਹਿਬ ਨੇ ਉਦੋਂ ਪ੍ਰਗਟ ਕੀਤਾ ਜਦੋਂ ਅਜ਼ਾਦੀ ਦੇ ਦੇਵਤੇ ਨੂੰ ਬਲੀਦਾਨ ਦੇਣ ਵੇਲੇ ਗੁਰੂ ਸਾਹਿਬ ਨੇ ਪੰਜ ਸੀਸਾਂ ਦੀ ਮੰਗ ਕੀਤੀ। ਉਹ ਪੰਜ ਵਿਅਕਤੀਆਂ ਜਿਨ੍ਹਾਂ ਦੇ ਅੰਦਰੋਂ ਦੇਹ ਅਧਿਆਸ ਖਤਮ ਹੋ ਚੁਕਿਆ ਸੀ ਜਿਨ੍ਹਾਂ ਵਿਚੋਂ ਆਤਮ ਪ੍ਰਕਾਸ਼ ਲਟ ਲਟ ਆਪਣਾ ਨੂਰ ਦਰਸਾਅ ਰਿਹਾ ਸੀ, ਉਹ ਪ੍ਰੇਮੀ ਗੁਰੂ ਮਹਾਰਾਜ ਦੀ ਇਕ ਆਵਾਜ਼ ਤੇ ਹੀ ਆਪਣਾ ਸੀਸ ਦੇਣ ਵਾਸਤੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਆਉਂਦੇ ਰਹੇ ਅਤੇ ਵਾਰੀ ਵਾਰੀ ਪੰਜਾਂ ਸਿੱਖਾਂ ਸੀਸ ਭੇਟ ਕਰ ਦਿਤੇ। ਇਹ ਇਕ ਇਨਕਲਾਬੀ ਲਹਿਰ ਸੀ, ਇਸ ਵਿਚੋਂ ਬਹੁਤ ਸਾਰੀਆਂ ਉਚ ਸੰਭਾਵਨਾਵਾਂ ਦਾ ਜਨਮ ਹੋਇਆ ਸੀ। ਉਨ੍ਹਾਂ ਦੀ ਉਚਤਾ ਤੇ ਪਵਿੱਤਰਤਾ ਨੂੰ ਦੇਖ ਕੇ ਗੁਰੂ ਮਹਾਰਾਜ ਨੂੰ ਇਹ ਪ੍ਰਵਾਨ ਕਰਨਾ ਪਿਆ ਕਿ ਜਦੋਂ ਤਕ ਤੁਸੀਂ ਪ੍ਰਕ੍ਰਿਤੀ ਦੇ ਅਸਰਾਂ ਤੋਂ ਨਿਰਲੇਪ ਰਹਿ ਕੇ ਆਤਮਕ ਸਰੂਪ ਵਿਚ ਨਿਰਭੈਤਾ ਪ੍ਰਾਪਤ ਕਰਦੇ ਰਹੋਗੇ, ਉਸ ਵੇਲੇ ਮੇਰਾ ਸਰੂਪ ਤੁਹਾਡੇ ਵਿਚ ਪ੍ਰਵੇਸ਼ ਕਰਦਾ ਰਹੇਗਾ, ਮੇਰਾ ਤੇਜ ਪ੍ਰਾਪਤ ਰਹੇਗਾ; ਜੇ ਤੁਸੀਂ ਦੇਹ ਅਧਿਆਸ ਵਿਚ ਹੇਠਾਂ ਉਤਰ ਆਏ ਤਾਂ ਮੈਂ ਤੁਹਾਡੇ ਵਿਚ ਪ੍ਰਵੇਸ਼ ਨਹੀਂ ਕਰਾਂਗਾ। ਇਸ ਅਵਸਥਾ ਨੂੰ ਪ੍ਰਗਟ ਕਰਦੇ ਗੁਰੂ ਮਹਾਰਾਜ ਨੇ ਇਸ ਨੂੰ ਖਾਲਸਾ ਕਿਹਾ।

ਇਸ ਭਾਵਨਾ ਨੇ ਗੁਰਸਿੱਖਾਂ ਨੂੰ, ਮਨੁੱਖਤਾ ਨੂੰ ਇਕ ਨਵਾਂ ਮੋੜ ਦਿਤਾ ਜਿਸ ਵਿਚ ਗੁਰੂ ਮਹਾਰਾਜ ਦੇ ਗੁਰਸਿੱਖ ਮਹਾਨ ਇਨਕਲਾਬ ਲਿਆਉਣ ਲਈ ਸਤਿ ਦੇ ਜੀਵਨ ਦਾ ਪਸਾਰਾ ਕਰ ਰਹੇ ਸੀ। ਇਹ ਕ੍ਰਾਂਤੀ ਐਨੀ ਸ਼ਕਤੀਸ਼ਾਲੀ ਸੀ ਕਿ ਇਸ ਦੇ ਆਗਮਨ ਲਈ ਗੁਰੂ ਦਸ਼ਮੇਸ਼ ਪਿਤਾ ਜੀ ਲੰਮੇ ਯੁੱਧਾਂ ਦੇ ਅੰਦਰ ਆਪਣੇ ਸਾਰੇ ਪਰਿਵਾਰ ਦਾ ਬਲੀਦਾਨ ਦੇ ਚੁਕੇ ਸਨ। ਦੋ ਸਾਹਿਬਜ਼ਾਦੇ ਯੁੱਧ ਵਿਚ ਸ਼ਹੀਦ ਹੋ ਗਏ, ਦੋ ਆਪਣੀ ਦ੍ਰਿੜ੍ਹਤਾ ਨੂੰ ਕਾਇਮ ਰਖਦੇ ਹੋਏ, ਸਰਹੰਦ ਦੀਆਂ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿਤੇ। ਇਸ ਖਾਲਸਾ ਵਜੂਦ ਦਾ ਪ੍ਰਭਾਵ ਐਨਾ ਪਿਆ ਕਿ ਭਾਰਤ ਵਰਸ਼ ਦੇ ਬਾਦਸ਼ਾਹ ਬਹਾਦਰ ਸ਼ਾਹ ਨੇ ਇਸੇ ਵਜੂਦ ਦੀ ਸ਼ਰਨ ਲਈ ਅਤੇ ਦਿੱਲੀ ਦਾ ਤਖਤ ਹਾਸਲ ਕੀਤਾ।

ਥੋੜ੍ਹੇ ਸਮੇਂ ਬਾਅਦ ਗੁਰੂ ਮਹਾਰਾਜ ਜੀ ਵੀ ਸ਼ਹੀਦੀ ਪਾ ਗਏ। ਉਨ੍ਹਾਂ ਦੇ ਪਿਛੋਂ ਖਾਲਸਾ ਵਜੂਦ ਦਾ ਪਤਨ ਨਾ ਹੋਇਆ ਸਗਮਾਂ ਵਧਦਾ ਹੀ ਗਿਆ। ਇਥੋਂ ਤਕ ਕਿ ਇਕ ਸਾਲ ਦੇ ਅੰਦਰ ਅੰਦਰ ਸਾਰੇ ਦੋਖੀਆਂ ਨੂੰ ਸਜ਼ਾਵਾਂ ਦਿਤੀਆਂ ਗਈਆਂ ਅਤੇ ਪੰਜਾਬ ਦਾ ਰਾਜ ਸਤਿ ਦੇ ਅਵਿਲੰਬੀਆਂ ਦੇ ਹੱਥ ਵਿਚ ਆ ਗਿਆ। ਭਾਵੇਂ ਮੁਗਲੀਅਤ ਹਕੂਮਤ ਬਹੁਤ ਹੀ ਸ਼ਕਤੀਸ਼ਾਲੀ ਸੀ ਪਰ ਇਨ੍ਹਾਂ ਦੇਹ ਅਧਿਆਸ ਤੋਂ ਉਪਰ ਉਠੇ ਹੋਏ ਸੂਰਬੀਰਾਂ ਨੇ ਇਸ ਮਹਾਨ ਰਾਜ ਦੇ ਥੰਮ੍ਹ ਹਿਲਾ ਕੇ ਰੱਖ ਦਿਤੇ ਅਤੇ ਰਾਜਸੀ ਤਾਕਤ ਹਾਸਲ ਕਰਕੇ ਸਤਿ ਦਾ ਰਾਜ ਫੇਰ ਸ਼ੁਰੂ ਕੀਤਾ। ਪਰ ਇਸ ਵਿਚ ਬਹੁਤ ਔਕੜਾਂ ਪੇਸ਼ ਆਈਆਂ। ਇਕ ਵਿਸ਼ਾਲ ਫੌਜ ਦੇ ਨਾਲ ਮੁਕਾਬਲਾ ਕਰਨਾ ਪਿਆ, ਦੂਜੇ ਪਾਸੇ ਧਰਮ ਦੇ ਨਾਮ ਤੇ ਜੋਸ਼ ਵਿਚ ਆਏ ਹੋਏ ਬੇਵਿਚਾਰੇ ਲੋਕਾਂ ਨਾਲ ਮੁਕਾਬਲਾ ਕਰਨਾ ਪਿਆ। ਗੁਰੂ ਦਸ਼ਮੇਸ਼ ਪਿਤਾ ਜੀ ਦੇ ਜੀਵਨ ਕਾਲ ਵਿਚ ਹੀ ਬ੍ਰਹਮਗਿਆਨੀ ਅਵਸਥਾ ਨੂੰ ਪਹੁੰਚੇ ਹੋਏ ਖਾਲਸਾ ਆਦਰਸ਼ ਪ੍ਰਾਪਤ ਕੀਤੇ ਹੋਏ ਗੁਰਸਿੱਖਾਂ ਦੀਆਂ ਸ਼ਹੀਦੀਆਂ ਹੋ ਚੁਕੀਆਂ ਸਨ। ਪਰ ਉਸ ਦਾ ਪ੍ਰਭਾਵ ਅਜੇ ਵੀ ਪ੍ਰਕਾਸ਼ ਦੇ ਰਿਹਾ ਸੀ ਅਤੇ ਬਹੁਤ ਕਰੜੀ ਪਰੀਖਿਆ ਵਿਚੋਂ ਲੰਘਣਾ ਪਿਆ ਕਿਤੇ ਆਰਿਆਂ ਨਾਲ ਚੀਰੇ ਜਾ ਰਹੇ ਹਨ, ਕਿਤੇ ਰੰਬੀਆਂ ਨਾਲ ਖੋਪਰੀਆਂ ਲੁਹਾ ਰਹੇ ਹਨ, ਕਿਤੇ ਚਰਖੜੀਆਂ ਘੂੰ ਘੂੰ ਕਰਦੀਆਂ ਵਿਚ ਚੜ੍ਹੇ ਹੋਏ ਹਨ, ਕਿਤੇ ਅੱਗਾਂ ਵਿਚ ਜਾਲੇ ਜਾ ਰਹੇ ਹਨ, ਕਿਤੇ ਬੰਦ ਬੰਦ ਕੱਟੇ ਜਾ ਰਹੇ ਹਨ ਪਰ ਇਹ ਸਖਤੀ, ਜੀਵਨ ਜੋਤ ਦੀ ਲਹਿਰ ਨੂੰ ਬੁਝਾ ਨਾ ਸਕੀ ਅਤੇ ਇਕ ਵਿਸ਼ਾਲ ਪ੍ਰਾਪਤੀ ਵਿਚ ਪ੍ਰਗਟ ਹੋਈ। ਇਹ ਲਹਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪ੍ਰਗਟ ਹੋਈ। ਇਹ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਲ ਸੁਨਹਿਰੀ ਕਾਲ ਸੀ। ਸਦੀਆਂ ਤੋਂ ਹੋ ਰਹੇ ਜ਼ੁਲਮ ਤੋਂ ਲੋਕਾਂ ਨੂੰ ਮੁਕਤ ਕਰਾਇਆ। ਇਹ ਲਹਿਰ ਲਦਾਖ, ਸਿੰਧ, ਅਫਗਾਨਿਸਤਾਨ ਤਕ ਪਹੁੰਚ ਗਈ।

ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਬਹੁਤ ਹੀ ਖੂਬੀਆਂ ਦੇ ਨਾਲ ਸੰਮਿਲਤ ਹੈ। ਉਸ ਦੇ ਜੀਵਨ ਦੀਆਂ ਛੋਟੀਆਂ ਛੋਟੀਆਂ ਘਟਨਾਵਾਂ ਬਹੁਤ ਅਸਰ ਪ੍ਰਦਾਨ ਕਰਦੀਆਂ ਹਨ। ਜਿਵੇਂ ਕਿ ਲਿਖਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਆਪਣੇ ਅੰਗਰਖਸ਼ਕਾਂ ਨਾਲ ਖੇਤਾਂ ਵਿਚੋਂ ਲੰਘ ਰਿਹਾ ਸੀ। ਉਸ ਰਸਤੇ ਦੇ ਕਿਨਾਰੇ ਉਪਰ ਕੁਝ ਅੰਬ ਲੱਗੇ ਸਨ। ਬੱਚੇ ਅੰਬਾਂ ਨੂੰ ਝਾੜਨ ਲਈ ਅੰਬਾਂ ਨੂੰ ਨਿਸ਼ਾਨੇ ਲਾ ਰਹੇ ਸੀ। ਮਹਾਰਾਜਾ ਰਣਜੀਤ ਸਿੰਘ ਜਦੋਂ ਇਨ੍ਹਾਂ ਅੰਬਾਂ ਦੇ ਝੁੰਡਾਂ ਵਿਚੋਂ ਲੰਘ ਰਹੇ ਸੀ ਤਾਂ ਇਕ ਰੋੜਾ ਆ ਕੇ ਉਨ੍ਹਾਂ ਦੇ ਲੱਗਿਆ। ਸਾਰਿਆਂ ਦੇ ਮਨ ਵਿਚ ਆਇਆ ਕਿ ਕੋਈ ਮੰਦ ਭਾਵਨਾ ਵਾਲਾ ਦਰਖਤਾਂ ਵਿਚ ਛੁੱਪ ਕੇ ਬੈਠਾ ਹੈ। ਸਾਰੇ ਉਸ ਦੀ ਤਲਾਸ਼ ਵਿਚ ਫੈਲ ਗਏ ਪਰ ਉਥੇ ਕੋਈ ਨਾ ਲੱਭਿਆ, ਛੋਟੇ ਛੋਟੇ ਬੱਚਿਆਂ ਤੋਂ ਬਗੈਰ ਹੋਰ ਕੋਈ ਨਾ ਦਿਸਿਆ। ਉਨ੍ਹਾਂ ਨੂੰ ਫੜ ਕੇ ਮਹਾਰਾਜ ਕੋਲ ਲਿਆਂਦਾ ਗਿਆ। ਮਹਾਰਾਜੇ ਨੇ ਬੱਚਿਆਂ ਨੂੰ ਬੜੇ ਪਿਆਰ ਨਾਲ ਪੁਛਿਆ, ਬੇਟਾ! ਤੁਹਾਡਾ ਮੇਰੇ ਨਾਲ ਕੋਈ ਵੈਰ ਹੈ? ਐਨੇ ਵਿਚ ਬੱਚੇ ਵੀ ਸਮਝ ਚੁੱਕੇ ਸਨ ਕਿ ਇਹ ਮਹਾਰਾਜਾ ਰਣਜੀਤ ਸਿੰਘ ਹਨ। ਉਨ੍ਹਾਂ ਬੱਚਿਆਂ ਨੇ ਕਿਹਾ ਕਿ ਮਹਾਰਾਜ! ਤੁਹਾਡੇ ਨਾਲ ਸਾਡਾ ਕੋਈ ਵੈਰ ਨਹੀਂ ਹੈ, ਸਾਨੂੰ ਤਾਂ ਤੁਹਾਡਾ ਬਹੁਤ ਪਿਆਰ ਆਉਂਦਾ ਹੈ। ਅਸੀਂ ਤਾਂ ਤੁਹਾਨੂੰ ਬਹੁਤ ਅੱਛਾ ਸਮਝਦੇ ਹਾਂ। ਫੇਰ ਅਗਲੀ ਗੱਲ ਪੁਛੀ ਕਿ ਜੇ

ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਫੇਰ ਮੇਰੇ ਇੱਟ ਕਿਉਂ ਮਾਰੀ? ਉਸ ਵੇਲੇ ਉਸ ਬੱਚੇ ਨੇ ਕਿਹਾ ਕਿ ਮਹਾਰਾਜ! ਅਸੀਂ ਇੱਟ ਮਾਰਨ ਦਾ ਖਿਆਲ ਤਾਂ ਕਦੇ ਸੋਚ ਹੀ ਨਹੀਂ ਸਕਦੇ, ਅਸੀਂ ਤਾਂ ਇੱਟ ਅੰਬ ਨੂੰ ਮਾਰੀ ਹੈ ਕਿਉਂਕਿ ਉਚੇ ਟਾਹਣੇ ਉਪਰ ਅੰਬ ਲੱਗੇ ਹੋਏ ਸਨ ਅਤੇ ਮੈਂ ਜ਼ੋਰ ਨਾਲ ਇੱਟ ਮਾਰੀ ਤਾਂ ਉਹ ਅੰਬ ਦੇ ਨਾ ਲੱਗੀ, ਤੁਹਾਡੇ ਲੱਗ ਗਈ, ਮੈਂ ਜਾਣ ਕੇ ਨਹੀਂ ਮਾਰੀ। ਉਸ ਵੇਲੇ ਮਿਹਰਵਾਨ ਪਿਆਰ ਵਾਲੇ ਰਾਜੇ ਨੇ ਪਰਤਵਾਂ ਸਵਾਲ ਕੀਤਾ ਕਿ ਬੇਟਾ! ਤੁਸੀਂ ਅੰਬ ਦੇ ਇੱਟ ਮਾਰਦੇ ਹੋ, ਅੰਬ ਤੁਹਾਨੂੰ ਕੀ ਦਿੰਦਾ ਹੈ? ਕਹਿਣ ਲੱਗੇ, ਮਹਾਰਾਜ! ਅੰਬ ਇੱਟ ਲੱਗਣ ਤੇ ਟਾਹਣੀ ਨਾਲੋਂ ਟੁੱਟ ਜਾਂਦਾ ਹੈ ਅਤੇ ਸਾਨੂੰ ਖਾਣ ਵਾਸਤੇ ਮਿਲ ਜਾਂਦਾ ਹੈ। ਕਹਿਣ ਲੱਗੇ ਕਿ ਫੇਰ ਤਾਂ ਤੁਹਾਨੂੰ ਜ਼ਰੂਰ ਕੁਛ ਮਿਲਣਾ ਚਾਹੀਦਾ ਹੈ। ਜੇ ਇਕ ਜੜ੍ਹ ਅੰਬ ਤੁਹਾਡੀ ਇੱਟ ਲੱਗਣ ਤੇ ਅੰਬ ਗੇਰ ਦਿੰਦਾ ਹੈ ਤਾਂ ਜਿਸ ਰਾਜੇ ਦੇ ਇੱਟ ਮਾਰੀ ਹੈ, ਰਾਜੇ ਦਾ ਵੀ ਫਰਜ਼ ਹੈ ਕਿ ਤੁਹਾਨੂੰ ਕੁਛ ਦੇਵੇ। ਉਸ ਵੇਲੇ ਰਾਜੇ ਨੇ ਮੀਰ ਮੁਨਸ਼ੀ ਨੂੰ ਬੁਲਾਇਆ ਅਤੇ ਕਿਹਾ ਕਿ ਦੋ ਪਿੰਡ ਇਸ ਬੱਚੇ ਦੇ ਨਾਮ ਲਿਖ ਦੇਵੋ। ਕਹਾਣੀ ਤਾਂ ਬਹੁਤ ਛੋਟੀ ਹੈ ਪਰ ਭਾਵ ਬਹੁਤ ਗਹਿਰਾ ਹੈ, ਕਿੰਨਾ ਸੁਥਰਾ ਮਨ ਹੋਵੇਗਾ ਉਸ ਰਾਜੇ ਦਾ ਜਿਹੜਾ ਇੱਟ ਲੱਗਣ ਤੇ ਵੀ ਨਾ ਘਬਰਾਇਆ ਅਤੇ ਇੰਨਾ ਆਪਣੇ ਆਪ ਨੂੰ ਸੰਜਮ ਵਿਚ ਰੱਖਿਆ ਕਿ ਬੱਚਿਆਂ ਨੂੰ ਦੋ ਪਿੰਡਾਂ ਬੁੱਢਣਪੁਰ ਆਦਿ ਦੀ ਆਮਦਨ ਲਿਖ ਦਿਤੀ।

ਇਸੇ ਤਰ੍ਹਾਂ ਨਾਲ ਉਨ੍ਹਾਂ ਦੇ ਜੀਵਨ ਦੀ ਇਕ ਹੋਰ ਘਟਨਾ ਹੈ ਜੋ ਦੇਖਣ ਨੂੰ ਬਹੁਤ ਛੋਟੀ ਹੈ ਪਰ ਉਸ ਦੇ ਨਤੀਜੇ ਬਹੁਤ ਗਹਿਰੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਾਲ ਪੈ ਗਿਆ। ਪਰਜਾ ਕੋਲ ਅਨਾਜ ਬਹੁਤ ਘਟ ਗਿਆ। ਖਾਣ ਪੀਣ ਨੂੰ ਕੁਝ ਨਾ ਰਿਹਾ। ਮਹਾਰਾਜੇ ਨੇ ਆਪਣੇ ਨਿਜੀ ਰਾਖਵੇਂ ਅੰਨ ਦੇ ਭੰਡਾਰੇ ਖੋਲ੍ਹ ਦਿਤੇ ਅਤੇ ਹੁਕਮ ਦਿਤਾ ਕਿ ਸਾਰੇ ਲਾਹੌਰ ਵਾਸੀਆਂ ਨੂੰ ਇਤਨਾ ਅਨਾਜ ਵੰਡ ਦੇਵੋ ਕਿ ਉਹ ਜਦੋਂ ਅਨਾਜ ਲੈਣ ਆਉਣ ਤਾਂ ਤੋਲ ਤੋਲਾਈ ਦੇ ਝੰਜਟ ਵਿਚ ਨਾ ਪੈਣ। ਇਸ ਦੇ ਵਿਪਰੀਤ ਜਿੰਨਾ ਅਨਾਜ ਉਨ੍ਹਾਂ ਤੋਂ ਚੁੱਕਿਆ ਜਾਂਦਾ ਹੈ ਉਹ ਲੈ ਜਾਣ। ਇਹ ਗੱਲ ਤਾਂ ਕਦੇ ਕਿਸੇ ਨੇ ਕਹੀ ਨਹੀਂ ਸੀ। ਜਦੋਂ ਐਸੀਆਂ ਘਟਨਾਵਾਂ ਵਾਪਰਦੀਆਂ ਸਨ ਤਾਂ ਸਕੇਲ ਬੰਨ੍ਹੀ ਜਾਂਦੀ ਸੀ। ਪਰ ਇਸ ਬੇਪਰਵਾਹ ਬਾਦਸ਼ਾਹ ਨੇ ਸਕੇਲ ਬੰਨ੍ਹਣ ਦੀ ਥਾਂ ਖੁਲ੍ਹ ਦੇ ਦਿਤੀ ਕਿ ਕੋਈ ਜਿਤਨਾ ਅਨਾਜ ਚੁੱਕ ਸਕਦਾ ਹੈ ਉਹ ਚੁੱਕ ਲਵੇ।

ਇਕ ਵਾਰੀ ਜਦੋਂ ਮੈਂ ਯੂ.ਪੀ. ਆਪਣੇ ਫਾਰਮ ਵਿਚ ਸੀ ਤਾਂ ਮੈਨੂੰ ਬਰੇਲੀ ਜਾਣਾ ਪੈ ਗਿਆ ਤਾਂ ਮੈਂ ਕਾਰ ਵਿਚ ਜਾ ਰਿਹਾ ਸੀ। ਉਥੋਂ ਇਕ ਏ.ਐਸ.ਆਈ. ਬਰੇਲੀ ਨੂੰ ਜਾਣ ਵਾਲਾ ਸਾਡੀ ਕਾਰ ਵਿਚ ਬੈਠ ਗਿਆ। ਗੱਲਾਂ ਚਲ ਪਈਆਂ, ਚਲਦੀਆਂ ਚਲਦੀਆਂ ਗੱਲਾਂ ਮਹਾਰਾਜਾ ਰਣਜੀਤ ਸਿੰਘ ਤਕ ਪਹੁੰਚ ਗਈਆਂ ਤਾਂ ਉਸ ਨੇ ਕਿਹਾ ਕਿ ਸਾਡਾ ਮਹਾਰਾਜੇ ਨਾਲ ਬਹੁਤ ਵੱਡਾ ਸਬੰਧ ਹੈ। ਮੇਰੇ ਕੋਲ ਇਕ ਡਾਇਰੀ ਹੈ ਜਿਸ ਵਿਚ ਮੇਰੇ ਪੜਦਾਦਿਆਂ ਨੇ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਲਿਖੀਆਂ ਹਨ। ਇਹ ਸੁਣ ਕੇ ਸਾਨੂੰ ਬਹੁਤ ਉਤਸੁਕਤਾ ਹੋਈ ਅਤੇ ਪੁਛਿਆ ਕਿ ਉਨ੍ਹਾਂ ਦੇ ਜੀਵਨ ਦੀ ਕਿਸ ਘਟਨਾ ਨੇ ਤੁਹਾਨੂੰ ਸਭ ਤੋਂ ਜ਼ਿਆਦਾ ਪ੍ਰਭਾਵਿਤ ਕੀਤਾ। ਉਸ ਵੇਲੇ ਉਸ ਨੇ ਦੱਸਿਆ ਕਿ ਮੇਰੇ ਪੜਦਾਦਾ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸਿਪਾਹੀ ਭਰਤੀ ਹੋਏ ਸਨ, ਹੌਲੀ ਹੌਲੀ ਉਹ ਤਰੱਕੀ ਕਰਦੇ ਹੋਏ ਜਦੋਂ ਪੰਜਾਬ ਵਿਚ ਵੱਡਾ ਕਾਲ ਪਿਆ ਤਾਂ ਉਹ ਉਸ ਵੇਲੇ ਤਕ ਹਵਾਲਦਾਰੀ ਤਕ ਪਹੁੰਚ ਚੁੱਕੇ ਸਨ। ਉਨ੍ਹਾਂ ਨੇ ਸੰਖੇਪ ਵਿਚ ਦੱਸਿਆ ਕਿ ਉਸ ਡਾਇਰੀ ਵਿਚ ਲਿਖਿਆ ਹੈ ਕਿ ਮੈਂ ਗਾਰਦ ਕਮਾਂਡਰ ਸੀ ਅਤੇ ਘੋੜ ਚੜ੍ਹਿਆਂ ਵਿਚ ਹੋਣ ਕਰਕੇ ਸ਼ਹਿਰ ਵਿਚ ਗਸ਼ਤ ਕਰ ਰਿਹਾ ਵੇਖ ਰਿਹਾ ਸੀ ਕਿ ਸ਼ਹਿਰ ਵਿਚ ਅਮਨ ਅਮਾਨ ਹੈ? ਕਾਲ ਪੈਣ ਤੇ ਕੋਈ ਭੁੱਖਾ ਤਾਂ ਨਹੀਂ ਮਰ ਰਿਹਾ? ਅਸੀਂ ਸ਼ਹਿਰ ਵਿਚ ਗਸ਼ਤ ਕਰ ਰਹੇ ਸੀ ਅਤੇ ਉਸ ਵੱਡੇ ਸਟੋਰ ਵਿਚ ਪਹੁੰਚ ਗਏ ਜਿਸਨੂੰ ਸਰਦਾਰ ਲਹਿਣਾ ਸਿੰਘ ਜੀ ਮਜੀਠੀਆ ਚਲਾ ਰਹੇ ਸਨ। ਜਦੋਂ ਅਸੀਂ ਉਸ ਸਟੋਰ ਪਾਸ ਪਹੁੰਚੇ ਤਾਂ ਉਸ ਵੇਲੇ ਸਟੋਰ ਤਾਂ ਬੰਦ ਹੋ ਚੁਕਿਆ ਸੀ ਪਰ ਉਸ ਦੇ ਸਾਮ੍ਹਣੇ ਇਕ ਬਿਰਧ ਵੱਡੇ ਖੇਸ ਵਿਚ ਦਾਣੇ ਭਰੀਂ ਬੈਠਾ ਸੀ, ਉਸ ਨਾਲ ਉਸ ਦਾ 10 ਸਾਲ ਦਾ ਪੋਤਾ ਸੀ। ਅਸੀਂ ਵੀ ਖੜ੍ਹੇ ਦੇਖ ਰਹੇ ਸੀ ਕਿ ਇਹ ਬਿਰਧ ਕੀ ਕਰ ਰਿਹਾ ਹੈ, ਇਸ ਨੇ ਐਨੇ ਦਾਣੇ ਕਿਉਂ ਇਕੱਠੇ ਕਰੇ ਹਨ? ਐਨੇ ਵਿਚ ਇਕ ਸਰਦਾਰ ਆ ਗਿਆ। ਉਸ ਨੇ ਮੂੰਹ ਢਕਿਆ ਹੋਇਆ ਸੀ, ਨੋਕਦਾਰ ਜੁੱਤੀ ਤੇ ਤੰਬਾ ਪਾਇਆ ਹੋਇਆ ਸੀ। ਉਸ ਨੇ ਆਉਂਦਿਆਂ ਹੀ ਉਸ ਬਿਰਧ ਉਪਰ ਪ੍ਰਸ਼ਨ ਕੀਤਾ ਕਿ ਬਾਬਾ! ਤੂੰ ਇਸ ਤਰ੍ਹਾਂ ਕਿਉਂ ਬੈਠਾ ਹੈਂ? ਉਸ ਨੇ ਕਿਹਾ, ਸਰਦਾਰਾ! ਪੇਟ ਵੀ ਬੁਰੀ ਬਲਾ ਹੈ, ਸਾਡੇ ਦਿਆਲੂ ਮਹਾਰਾਜਾ ਨੇ ਇਹ ਹੁਕਮ ਦੇ ਦਿਤਾ ਹੈ ਕਿ ਹਰ ਬੰਦਾ ਆਪਣੀ ਤਾਕਤ ਮੁਤਾਬਿਕ ਦਾਣੇ ਪੁਆ ਕੇ ਲਿਜਾ ਸਕਦਾ ਹੈ ਪਰ ਮੈਂ ਬੁੱਢਾ ਹਾਂ, ਮੇਰਾ ਘਰ ਲਾਹੌਰ ਦੇ ਦੂਜੇ ਪਾਸੇ ਹੈ। ਜੇ ਮੈਂ ਥੋੜ੍ਹੇ ਦਾਣੇ ਪਾਉਂਦਾ ਹਾਂ ਤਾਂ ਇਹ ਛੇਤੀ ਮੁੱਕ ਜਾਣੇ ਸੀ ਅਤੇ ਮੁਸ਼ਕਲ ਇਹ ਹੈ ਕਿ ਦਾਣੇ ਤਾਂ ਮੈਂ ਪਾ ਲਏ ਪਰ ਘਰ ਕਿਵੇਂ ਲਜਾਵਾਂ। ਉਸ ਸਰਦਾਰ ਨੇ ਕਿਹਾ ਕਿ ਬਾਬਾ! ਕਿਉਂ ਪ੍ਰੇਸ਼ਾਨ ਹੁੰਦਾ ਹੈਂ, ਆਪਣੇ ਪੋਤੇ ਨੂੰ ਨਾਲ ਲਾ ਕੇ ਪੰਡ ਮੇਰੇ ਸਿਰ ਤੇ ਚੁਕਾ ਦੇ।

ਉਸ ਨੇ ਦੱਸਿਆ ਕਿ ਮੇਰੇ ਪੜਦਾਦਾ ਜੀ ਨੇ ਇਹ ਸਭ ਕੁਝ ਆਪਣੀਆਂ ਅੱਖਾਂ ਨਾਲ ਦੇਖਿਆ ਹੈ, ਦੇਖਦੇ ਦੇਖਦੇ ਉਸ ਸਰਦਾਰ ਨੇ ਪੂਰਾ ਜ਼ੋਰ ਲਾ ਕੇ ਪੰਡ ਆਪਣੇ ਸਿਰ ਤੇ ਚੁਕ ਲਈ ਅਤੇ ਅਸਾਡੇ ਮਨ ਵਿਚ ਆਇਆ ਕਿ ਇਹ ਸਰਦਾਰ ਕੌਣ ਹੋਇਆ? ਕਿਤੇ ਇਨ੍ਹਾਂ ਦੇ ਦਾਣੇ ਆਪਣੇ ਘਰ ਹੀ ਨਾ ਲੈ ਜਾਵੇ? ਅਸੀਂ ਨਾਲ ਹੀ ਚਲ ਪਏ।

ਚਲਦੇ ਚਲਦੇ ਉਸ ਬਿਰਧ ਨੇ ਕਿਹਾ ਕਿ ਸਰਦਾਰ ਜੀ! ਇਥੋਂ ਦਾ ਰਾਜਾ ਬਹੁਤ ਹੀ ਦਿਆਲੂ ਹੈ, ਉਸਨੂੰ ਅੱਲਾਹ ਨੇ ਇਕ ਅੱਖ ਦਿੱਤੀ ਹੈ ਅਤੇ ਉਹ ਸਭ ਨੂੰ ਇਕੋ ਅੱਖ ਨਾਲ ਦੇਖਦਾ ਹੈ ਪਰ ਮੈਂ ਉਸ ਦੇ ਅੱਜ ਤਕ ਦੀਦਾਰ ਨਹੀਂ ਕੀਤੇ। ਤੂੰ ਮੈਨੂੰ ਉਸ ਦੇ ਦਰਸ਼ਨ ਕਰਾ ਸਕਦਾ ਹੈਂ? ਉਸ ਸਰਦਾਰ ਨੇ ਕਿਹਾ ਕਿ ਬਾਬਾ! ਉਹ ਰਾਜਾ ਕੋਈ ਰੱਬ ਤਾਂ ਹੈ ਨਹੀਂ,

(ਬਾਕੀ ਪੰਨਾ 62 ਤੇ)

ਅਬਿਨਾਸ਼ੀ ਜੋਤ

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।

(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ - 13)

ਬਾਬਾ ਦੀਪ ਸਿੰਘ ਜੀ ਸ਼ਹੀਦ

ਸ਼ਾਨ ....।

ਸਤਿਨਾਮ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥
ਪੰਨਾ - 256

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਪੰਨਾ - 289

ਧਾਰਨਾ - ਮੁੱਲ ਖਰੀਦੀ ਲਾਲਾ ਗੋਲਾ,
ਮੇਰਾ ਨਾਉ ਸੁਭਾਗਾ ਜੀ -2, 2.
ਮੇਰਾ ਨਾਉ ਸੁਭਾਗਾ ਜੀ, -4, 2.
ਮੁੱਲ ਖਰੀਦੀ ਲਾਲਾ ਗੋਲਾ, ... -2.

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥
ਤੇਰੇ ਲਾਲੇ ਕਿਆ ਚਤੁਰਾਈ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ॥
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥
ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥
ਪਖਾ ਫੇਰੀ ਪਾਵ ਮਲੋਵਾ ਜਪਤ ਰਹਾ ਤੇਰਾ ਨਾਉ॥
ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥
ਆਦਿ ਜੁਗਾਦਿ ਦਇਆਪਤਿ ਦਾਤਾ
ਤੁਧੁ ਵਿਣੁ ਮੁਕਤਿ ਨ ਪਾਈ॥ ਪੰਨਾ - 991

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋ, ਕਾਫੀ ਦਿਨਾਂ ਤੋਂ ਇਕ ਵਿਚਾਰ ਚਲ ਰਹੀ ਹੈ। ਉਹ ਵਿਚਾਰ ਇਹ ਹੈ ਕਿ ਗੁਰੂ ਨਾਨਕ ਪਾਤਿਸ਼ਾਹ

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਪੰਨਾ - 1395

ਸੰਸਾਰ ਵਿਚ ਉਹ ਕਿਹੜਾ ਦੂਸਰਾ ਗੁਰੂ ਨਾਨਕ ਸੀ ਜਿਸ ਦੇ ਅੱਗੇ ਗੁਰੂ ਨਾਨਕ ਨੂੰ ਝੁਕਣਾ ਪਿਆ। ਇਹ ਕਥਾ ਚੱਲ ਰਹੀ ਹੈ, ਅਜੇ ਤੱਕ ਆਪ ਨੇ ਸਰਵਣ ਕੀਤਾ ਹੈ ਕਿ ਭਾਈ ਲਹਿਣਾ ਜੋ ਪਹਿਲਾਂ ਦੇਵੀ ਦੇ ਉਪਾਸ਼ਕ ਸਨ, ਕਿਸੇ ਗੁਰਸਿੱਖ ਤੋਂ ਲਗਨ ਲੱਗੀ, ਲਗਨ ਲਗਦੀ ਸਾਰ ਇਸ ਤਰ੍ਹਾਂ ਹੋ ਗਿਆ ਜਿਵੇਂ ਪ੍ਰਬਲ ਸੰਸਕਾਰ ਜਾਗ ਪਏ, ਗੁਰੂ ਦੇ ਨਾਲ ਪਿਆਰ ਪੈ ਗਿਆ, ਸਾਂਝ ਪੈ ਗਈ। ਉਹ ਵੇਲਾ ਉਡੀਕਣ ਲਗੇ ਜਿਸ ਵਕਤ ਗੁਰੂ ਦੇ ਚਰਨਾਂ 'ਚ, ਗੁਰੂ ਨਾਨਕ ਦੇ ਦਰਸ਼ਨ ਕਰਨ ਜਾਣ। ਸੁਭਾਗ ਪ੍ਰਾਪਤ ਹੋਇਆ, ਦੇਵੀ ਦੇ ਸੰਗ ਨੂੰ ਲੈ ਕੇ ਜਾ ਰਹੇ ਨੇ, ਰਸਤੇ ਦੇ ਅੰਦਰ ਗੁਰੂ ਨਾਨਕ ਪਾਤਿਸ਼ਾਹ ਘਟ ਘਟ ਦੇ ਅੰਤਰਜਾਮੀ ਦੇਖ ਰਹੇ ਨੇ ਕਿ ਇਸ ਰੂਹਾਨੀ ਮੰਡਲ ਦੇ ਰਾਜ ਦਾ ਧਨੀ ਅੱਜ ਇਧਰ ਨੂੰ ਚੜ੍ਹਾਈ

ਬਾਬਾ ਬੁੱਢਾ ਜੀ ਮਾਤਾ ਗੰਗਾ ਜੀ ਨੂੰ ਪੁੱਤਰ ਦਾ ਵਰਦਾਨ ਦਿੰਦੇ ਹੋਏ।

ਕਰਕੇ ਆ ਰਿਹਾ ਹੈ। ਆਪ ਇਕੱਲੇ ਬਾਹਰ ਰੋਹੀ ਵਿਚ ਆ ਜਾਂਦੇ ਹਨ ਤੇ ਭਾਈ ਲਹਿਣਾ ਜੀ ਘੋੜੇ ਤੇ ਸਵਾਰ ਹੋ ਕੇ ਗੁਰੂ ਨਾਨਕ ਦਾ ਪਤਾ ਉਹਨਾਂ ਤੋਂ ਹੀ ਪੁੱਛਦੇ ਨੇ। ਅੱਗੇ-ਅੱਗੇ ਗੁਰੂ ਨਾਨਕ ਪਿਛੇ-ਪਿਛੇ ਭਾਈ ਲਹਿਣਾ ਜੀ, ਇਸ਼ਾਰਾ ਕਰ ਦਿੰਦੇ ਨੇ ਕਿ ਘੋੜਾ ਇਥੇ ਬੰਨ੍ਹ ਦਿਉ ਤੇ ਉਸ ਤੋਂ ਬਾਅਦ ਆਪ ਅੰਦਰ ਜਾ ਕੇ ਬੈਠ ਜਾਂਦੇ ਨੇ। ਜਦੋਂ ਅੰਦਰ ਜਾ ਕੇ ਭਾਈ ਲਹਿਣਾ ਜੀ ਵੇਖਦੇ ਨੇ ਇਹ ਤਾਂ ਉਹੀ ਨੇ, ਆਪਣੀ ਭੁੱਲ ਦੀ ਖਿਮਾ ਮੰਗਦੇ ਨੇ ਕਿ ਪਾਤਿਸ਼ਾਹ! ਖਿਮਾ ਕਰੋ ਮੈਂ ਘੋੜੇ ਤੇ ਚੜ੍ਹਿਆ ਹੋਇਆ ਸੀ ਤੇ ਤੁਸੀਂ ਪੈਦਲ। ਕਹਿੰਦੇ, "ਤੇਰਾ ਨਾਉਂ ਕੀ ਹੈ?" ਕਹਿੰਦੇ, "ਪਾਤਿਸ਼ਾਹ! ਮੇਰਾ ਨਾਉ ਲਹਿਣਾ ਹੈ।" ਕਹਿੰਦੇ, "ਭਾਈ! ਲਹਿਣੇਦਾਰ ਹਮੇਸ਼ਾ ਹੀ ਘੋੜਿਆਂ ਤੇ ਚੜ੍ਹ ਕੇ ਆਇਆ ਕਰਦੇ ਨੇ; ਕੋਈ ਗੱਲ ਨਹੀਂ, ਤੈਂ ਲੈਣਾ ਹੈ ਤੇ ਅਸੀਂ ਦੇਣਾ ਹੈ, ਤੇ ਮੇਰੇ ਰਾਜ ਦਾ ਧਨੀ ਆਇਆ ਹੈ ਅੱਜ। ਆਪਣੇ ਧਨੀ ਨੂੰ ਲੈਣ ਵਾਸਤੇ ਪੈਦਲ ਜਾਣਾ ਉਸ ਦਾ ਸਤਿਕਾਰ ਹੋਇਆ ਕਰਦਾ ਹੈ।" ਇਹ ਗੱਲ ਸਮਝ 'ਚ ਨਾ ਆਈ ਉਨ੍ਹਾਂ ਦੇ। ਸੋ ਉਸ ਤੋਂ ਬਾਅਦ ਆਪ ਕੁਝ ਦਿਨ ਰਹੇ। ਸੰਗ ਵਾਲਿਆਂ ਨੂੰ ਜਵਾਬ ਦੇ ਦਿੱਤਾ, ਘਰ ਚਲੇ ਗਏ ਰਹਿ ਨਹੀਂ ਸਕੇ, ਦਿਲ ਉਥੇ ਛੱਡ ਆਏ, ਸਰੀਰ ਨਾਲ ਲੈ ਆਏ। ਇਥੇ ਨਹੀਂ ਟਿਕ ਸਕੇ, ਵਾਪਸੀ ਦੇ ਅੰਦਰ ਇਕ ਨਮਕ ਦੀ ਪੰਡ ਚੁੱਕ ਕੇ ਜਾਂਦੇ ਨੇ। ਉਥੇ ਗੁਰੂ ਮਹਾਰਾਜ ਜੀ ਦੇ ਪਾਸ, ਪੰਡ ਲੰਗਰ ਵਿਚ ਸੁਟ ਕੇ ਜਾਂਦੇ ਨੇ। ਉਸ ਤੋਂ ਬਾਅਦ ਆਪ ਨੇ ਗੁਡਾਈ ਸ਼ੁਰੂ ਕੀਤੀ। ਮਹਾਰਾਜ ਕਹਿਣ ਲੱਗੇ, "ਤੈਨੂੰ ਨਹੀਂ ਭਾਈ ਲਹਿਣਾ ਇਹ ਗੱਲਾਂ ਆਉਂਦੀਆਂ।" "ਫੇਰ ਮਹਾਰਾਜ ਜੀ ਮੈਨੂੰ ਕੋਈ ਸੇਵਾ ਦਸੋ।" ਕਹਿੰਦੇ, ਆਹ ਪੰਡਾਂ ਲੈ ਜਾ ਚੁਕ ਕੇ ਮਿੱਟੀ ਚਿੱਕੜ ਸਾਫ ਕਰਕੇ ਪਸ਼ੂਆਂ ਨੂੰ ਪਾ ਦੇ। ਉਹ ਚਿੱਕੜ ਨਾਲ ਭਰਿਆ ਹੋਇਆ ਘਾਹ ਆਪ ਨੇ ਸੀਸ ਤੇ ਚੁੱਕ ਲਿਆ। ਬਸਤਰ ਬਹੁਤ ਸੋਹਣੇ ਪਾਏ ਹੋਏ ਸੀ, ਉਹਨਾਂ ਦੇ ਉਤੇ ਛਿੱਟੇ ਪੈ ਗਏ। ਗੁਰੂ ਨਾਨਕ ਵੀ ਪਿਛੇ ਪਿਛੇ ਚਲੇ ਜਾਂਦੇ ਨੇ। ਮਾਤਾ ਜੀ ਨੇ ਜਦ ਦੇਖਿਆ ਤਾਂ ਕਹਿਣ ਲੱਗੇ, ਜੀ ਤੁਸੀਂ ਐਨਾ-ਕੁ ਤਾਂ ਦੇਖ ਲਿਆ ਕਰੋ, ਕਿ ਕੋਈ ਭਲਾ ਪੁਰਸ਼ ਆਇਆ ਹੈ, ਸੋਹਣੇ ਬਸਤਰ ਪਹਿਨੇ ਹੋਏ ਨੇ ਤੇ ਤੁਸੀਂ ਇਸ ਨੂੰ ਵੀ ਪੰਡ ਚੁਕਾ ਦਿੱਤੀ ਤੇ ਚਿੱਕੜ ਨਾਲ ਇਸ ਦਾ ਜਾਮਾ ਭਰ ਦਿੱਤਾ। ਮਹਾਰਾਜ ਜੀ ਕਹਿਣ ਲੱਗੇ, "ਨਹੀਂ! ਜਾਮਾ ਚਿੱਕੜ ਨਾਲ ਨਹੀਂ ਭਰਿਆ, ਦੇਖ ਨੇੜੇ ਹੋ ਕੇ, ਇਹ ਤਾਂ ਕੇਸਰ ਦੇ ਛਿੱਟੇ ਪਏ ਨੇ ਤੇ ਮੈਂ ਪੰਡ ਨਹੀਂ ਚੁਕਾਈ, ਮੈਂ ਤਾਂ ਦੀਨ-ਦੁਨੀ ਦਾ ਤਾਜ ਇਸ ਦੇ ਸਿਰ ਤੇ ਰੱਖਿਐ।" ਐਨੀ ਗੱਲ ਸੁਣਦੇ ਸਾਰ ਮਾਤਾ ਜੀ ਜਿਹੜੇ ਪਹਿਲਾਂ ਤੋਂ ਹੀ ਰਮਜ਼ਾਂ ਦੇ ਜਾਣੂ ਸਨ, ਇਕ ਦਮ ਉਹਨਾਂ ਦੇ ਮਨ 'ਚ ਪਰਛਾਈ ਆਈ ਕਿ ਪੁੱਤਰ ਕੀ ਕਰਨਗੇ। ਜੇ ਦੀਨ-ਦੁਨੀ ਦੀ ਪੰਡ ਇਹਦੇ ਸਿਰ ਤੇ ਰੱਖ ਦਿੱਤੀ? ਕੋਈ ਬਚਨ ਨਹੀਂ ਕਰਿਆ, ਚੁੱਪ ਕਰ ਗਏ। ਉਸ ਤੋਂ ਬਾਅਦ ਭਾਈ ਲਹਿਣਾ ਜੀ (ਗੁਰੂ ਅੰਗਦ ਸਾਹਿਬ ਮਹਾਰਾਜ) ਤਨੋ-ਮਨੋ ਹੋ ਕੇ ਸੇਵਾ ਕਰ ਰਹੇ ਨੇ, ਭਾਵੇਂ ਪਿੰਡ ਦੇ ਲੋਕ ਕੁਝ ਬਦਨਾਮੀ ਕਰ ਰਹੇ ਨੇ। ਬਹੁਤ ਵਿਚਾਰ ਹੋ ਚੁਕੀ ਹੈ। ਹੁਣ ਦਿਨ-ਰਾਤ ਆਪ ਗੁਰੂ ਨਾਨਕ ਪਾਤਿਸ਼ਾਹ ਦੀ ਸੇਵਾ ਕਰ ਰਹੇ ਨੇ। ਸਭ ਤੋਂ ਵੱਡਾ ਜੋ ਤਪ ਹੁੰਦਾ ਹੈ ਉਹ ਗੁਰੂ ਸੇਵਾ ਹੈ ਜਿਸ ਦੇ ਜਿਸ ਦੇ ਬਰਾਬਰ ਸੰਸਾਰ ਦੇ ਅੰਦਰ ਹੋਰ ਕੋਈ ਤਪ ਹੈ ਹੀ ਨਹੀਂ -

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥
ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ॥

ਪੰਨਾ - 423

ਐਡਾ ਵੱਡਾ ਸੰਸਾਰ ਦੇ ਅੰਦਰ ਕੋਈ ਤਪ ਨਹੀਂ, ਸਭ ਤੋਂ ਸ੍ਰੇਸ਼ਟ ਤਪ ਗੁਰੂ ਦੀ ਸੇਵਾ ਦਾ ਤਪ ਹੋਇਆ ਕਰਦਾ ਹੈ। ਸੋ ਗੁਰੂ ਘਰ ਦੇ ਅੰਦਰ ਦੋ ਚੀਜ਼ਾਂ ਪ੍ਰਧਾਨ ਨੇ, ਵਾਹਿਗੁਰੂ ਦਾ ਸਿਮਰਨ, ਗੁਰੂ ਦੀ ਸੇਵਾ, ਸੰਗਤਾਂ ਦੀ ਸੇਵਾ, ਸੰਸਾਰ ਦੀ ਸੇਵਾ। ਦੋਹਾਂ ਫੰਗਾਂ (ਖੰਭਾਂ) ਨਾਲ ਜਿਵੇਂ ਜਹਾਜ਼ ਉਡਦਾ ਹੈ ਇਸੇ ਤਰ੍ਹਾਂ ਦੋ ਚੀਜ਼ਾਂ ਹੋਣ ਫੇਰ ਰੂਹਾਨੀਅਤ ਦਾ ਸਫਰ ਮੁਕਦਾ ਹੈ। ਸੋ ਗੁਰੂ ਘਰ ਦੇ ਅੰਦਰ ਸੇਵਾ ਨੂੰ ਬਹੁਤ ਪ੍ਰਧਾਨਗੀ ਦਿੱਤੀ ਹੋਈ। ਈਸਾ ਜੀ ਨੇ ਸੇਵਾ ਨੂੰ ਬਹੁਤ ਪ੍ਰਧਾਨਗੀ ਦਿੱਤੀ। ਅਮਲੀ ਤੌਰ ਤੇ ਸੇਵਾ ਕਰ ਰਹੇ ਨੇ, ਹਜ਼ਾਰਾਂ ਦੀ ਤਦਾਦ 'ਚ ਦੁਨੀਆਂ ਦੇ ਅੰਦਰ ਉਹਨਾਂ ਦੇ ਹਸਪਤਾਲ, ਅਨਾਥ ਆਸ਼ਰਮ ਹੋਰ ਅਨੇਕਾਂ ਆਸ਼ਰਮ ਬਣੇ ਹੋਏ ਨੇ, ਸਾਰੀ ਸਾਰੀ ਜ਼ਿੰਦਗੀ ਸੇਵਾ ਲਈ ਅਰਪਨ ਕਰਦੇ ਨੇ। ਪੂਰੀ ਜ਼ਿੰਦਗੀ ਦਾ ਵਰਤ ਲੈਂਦੀਐ ਬੀਬੀਆਂ ਵੀ, ਜਿਸ ਨੂੰ ਈਸਾਈ ਸੰਤਣੀ (nuns) ਕਹਿੰਦੇ ਨੇ ਤੇ ਦੂਸਰੇ ਪਾਦਰੀ ਵੀ, ਵਿਆਹ ਨਾ ਕਰਾਉਣ ਦਾ ਪ੍ਰਣ ਲੈਂਦੇ ਨੇ। ਦੋ ਹਜ਼ਾਰ ਸਾਲ ਹੋ ਚੁੱਕੇ ਨੇ ਈਸਾ ਜੀ ਨੂੰ, ਪਰ ਅਜੇ ਤੱਕ ਉਤਸ਼ਾਹ ਦੇ ਵਿਚ ਕੋਈ ਕਮੀ ਨਹੀਂ ਆਈ। ਵਧਦਾ ਜਾਂਦਾ ਹੈ। ਉਹਨਾਂ ਦੇ ਕੋਲ ਇਕ ਅਰਦਾਸ ਭਗਤੀ ਹੈ ਤੇ ਇਕ ਸੇਵਾ ਹੈ। ਸਾਡੇ ਕੋਲ 9 ਕਿਸਮ ਦੀਆਂ ਭਗਤੀਆਂ ਹਨ, ਦਸਵਾਂ ਫਲ ਪ੍ਰੇਮਾ ਭਗਤੀ ਦਾ, ਗਿਆਰਵਾਂ ਫਲ ਅਪਰਾ-ਭਗਤੀ, ਬਾਰ੍ਹਵਾਂ ਪਰਾ ਭਗਤੀ, ਬਹੁਤ ਜ਼ਿਆਦਾ ਸਿਧਾਂਤ ਦੇ ਅੰਦਰ ਅਸੀਂ ਅੱਗੇ ਵਧੇ ਹੋਏ ਹਾਂ ਪਰ ਅਮਲੀ ਤੌਰ ਤੇ ਘਾਟੇ ਵੱਲ ਜਾ ਰਹੇ ਹਾਂ। ਸਿਧਾਂਤ ਬਹੁਤ ਉਚਾ ਹੈ ਉਦੇਸ਼ ਸਾਡੇ ਬਹੁਤ ਉਚੇ ਨੇ ਪਰ ਅਮਲੀ ਜੀਵਨ ਦੇ ਵਿਚ ਨਹੀਂ ਅਸੀਂ ਆ ਰਹੇ, ਉਤਸ਼ਾਹ ਨਹੀਂ ਹੈ ਜੋ ਈਸਾਈਆਂ ਦੇ ਅੰਦਰ ਈਸਾ ਜੀ ਦੇ ਪ੍ਰਚਾਰ ਵਾਸਤੇ ਉਤਸ਼ਾਹ ਹੈ। ਕਿਥੇ ਜੰਗਲਾਂ 'ਚ ਜਾ ਕੇ, ਅਫਰੀਕਾ ਦਾ ਜੇ ਤੁਸੀਂ ਹਾਲ ਪੜ੍ਹੋ ਉਥੇ ਕੋਈ ਬੰਦਾ ਨਹੀਂ ਸੀ ਜਾ ਸਕਦਾ, ਇਹਨਾਂ ਦੇ ਜੋ ਮਿਸ਼ਨਰੀ ਸੀ ਐਸੀਆਂ ਥਾਵਾਂ ਤੋਂ ਲੰਘੇ ਜਿਥੇ ਬੇਅੰਤ ਮਰ ਗਏ, ਲੇਕਿਨ ਪਿਛੇ ਨਹੀਂ ਹਟੇ, ਅੱਗੇ ਅੱਗੇ ਜਾਂਦੇ ਰਹੇ। ਕਾਂਗੂ ਸਟੇਟ ਦੇ ਅੰਦਰ ਇਕ ਮੱਖੀ ਸੀ, ਜਿਸਦੇ ਲੜ ਜਾਂਦੀ ਸੀ ਆਦਮੀ ਉਥੇ ਹੀ ਮਰ ਜਾਂਦਾ ਸੀ। ਜੰਗਲਾਂ 'ਚ ਐਨਾ ਹਨ੍ਹੇਰਾ ਸੀ ਕਿ ਸੂਰਜ ਵੀ ਨਹੀਂ ਦਿਸਦਾ ਸੀ। ਉਹਨਾਂ ਦੇ ਵਿਚੀਂ ਲੰਘ-ਲੰਘ ਕੇ ਉਹਨਾਂ ਬੰਦਿਆਂ ਤੱਕ ਪਹੁੰਚੇ, ਜਿਹੜੇ ਆਦਮੀ ਨੂੰ ਹੀ ਖਾ ਜਾਂਦੇ ਸਨ। ਉਹਨਾਂ ਨੂੰ ਰੱਬ ਦਾ ਗਿਆਨ ਦਿਤਾ ਜਾ ਕੇ। ਸੰਸਾਰ ਭਰ ਦੇ ਅੰਦਰ ਦੂਰ-ਦਰਾਜ਼ ਤੱਕ ਜਾਂਦੇ ਨੇ। ਸੇਵਾ ਤੇ ਸਿਮਰਨ ਅਰਦਾਸ, ਦੋ ਚੀਜ਼ਾਂ ਨੇ

ਉਹਨਾਂ ਕੋਲ। ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਹੋਰ ਉਚਾ ਚੁਕਿਆ ਕਿ ਅਰਦਾਸ ਥੋੜ੍ਹੀ ਦੇਰ ਲਈ ਹੁੰਦੀ ਹੈ। ਯਾਦ ਵਿਚ ਉਸ ਨੂੰ ਲਿਆਓ, ਸਿਮਰਨ ਜਿਸ ਨੂੰ ਕਹਿੰਦੇ ਨੇ। ਸੋ ਗੁਰੂ ਘਰ ਦੇ ਅੰਦਰ ਦੋ ਚੀਜ਼ਾਂ ਦੀ ਮਹਾਨਤਾ ਹੈ – ਸੇਵਾ ਦੀ ਤੇ ਸਿਮਰਨ ਦੀ। ਦੋਹਾਂ ਦਾ ਫਲ ਇਸ ਤਰ੍ਹਾਂ ਨਾਲ ਫੁਰਮਾਨ ਕਰ ਰਹੇ ਹਨ –

ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,
ਸੇਵਾ ਕਰਕੇ ਮਾਣ ਪਾਈਦੈ –2, 2.
ਮੇਰੇ ਪਿਆਰੇ ਬਈ ਸੇਵਾ ਕਰਕੇ ਮਾਣ ਪਾਈਦੈ –2, 2.
ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,............ –2.

ਸੰਸਾਰ ’ਚ ਸੇਵਾ ਕਰਕੇ, ਇਥੇ ਵੀ ਮਾਣ ਤੇ ਦਰਗਾਹ ਵਿਚ ਵੀ ਮਾਣ ਮਿਲਦਾ ਹੈ –

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥ ਪੰਨਾ – 26

ਨਾਮ ਜਪਨ ਨਾਲ ਸਾਰੇ ਦੁਖਾਂ ਦਾ ਖਾਤਮਾ ਹੁੰਦਾ ਹੈ। ਪ੍ਰਮੇਸ਼ਰ ਨੂੰ ਹਰ ਵਕਤ ਯਾਦ ਰੱਖਣਾ ਤੇ ਘਟ ਘਟ ਵਿਚ ਵਿਆਪਕ ਸਮਝ ਕੇ ਉਸਦੀ ਹਾਜ਼ਰੀ ਮਹਿਸੂਸ ਕਰਦੇ ਰਹਿਣਾ, ਇਹ ਨਾਮ ਦੀ ਪ੍ਰਾਪਤੀ ਹੋਇਆ ਕਰਦੀ ਹੈ। ਸੋ ਇਸਦੇ ਨਾਲ ਦੋਏ ਚੀਜ਼ਾਂ ਮਹਾਰਾਜ ਜੀ ਨੇ ਰੱਖੀਆਂ ਨੇ – ਸੇਵਾ ਵੀ ਤੇ ਸਿਮਰਨ ਵੀ। ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਜੋ ਆਦਰਸ਼, ਜੋ ਸਿਧਾਂਤ ਗੁਰੂ ਮਹਾਰਾਜ ਨੇ ਪੇਸ਼ ਕੀਤਾ ਹੈ। ਅਮਲੀ ਰੂਪ ਵਿਚ ਕਰਕੇ ਗੁਰਸਿਖਾਂ ਨੂੰ ਦਿਖਾਇਆ ਹੈ। ਸੋ ਸੇਵਾ ਦੇ ਨਾਲ ਮਾਣ ਮਿਲਦਾ ਹੈ। ਬਾਕੀ ਕੌਮਾਂ ਵੀ ਸੇਵਾ ਕਰਦੀਆਂ ਨੇ, ਪਰ ਈਸਾਈਆਂ ਦੀ ਸੇਵਾ ਸਭ ਤੋਂ ਵੱਡੀ ਹੈ। ਹੋਰ ਵੀ ਕਰਦੇ ਨੇ, ਪਰ ਐਨੀ ਨਹੀਂ ਕਰਦੇ ਜਿੰਨੀ ਉਹ ਕਰਦੇ ਹਨ। ਪਤਾ ਲੱਗ ਜਾਵੇ ਕਿ ਫਲਾਣਾ ਥਾਂ ਦੁਖਾਂ ਦਾ ਭਰਿਆ ਹੋਇਆ ਹੈ ਉਸੇ ਵੇਲੇ ਉਹ ਲੋਕ ਲੱਗ ਜਾਂਦੇ ਨੇ। ਈਥੋਪੀਆ (Ethopia) ਦੇ ਵਿਚ ਕਾਲ ਪੈ ਗਿਆ। ਮੈਂ ਅਮਰੀਕਾ ’ਚ ਸੀ। ਉਹਨਾਂ ਦਾ ਤਿੰਨ ਘੰਟੇ ਦਾ ਪ੍ਰੋਗਰਾਮ ਹੋਇਆ, 12 ਕਰੋੜ 60 ਲੱਖ ਰੁਪਈਆ ਉਦੋਂ ਹੀ ਇਕੱਠਾ ਹੋ ਗਿਆ – ਤਿੰਨ ਘੰਟੇ ਦੇ ਅੰਦਰ ਅੰਦਰ। ਬੰਗਲਾ ਦੇਸ਼ ਦੇ ਵਿਚ ਹੜ੍ਹ ਆ ਗਏ, ਤਿੰਨ ਕਰੋੜ 60 ਲੱਖ ਰੁਪਈਆ ਤਿੰਨ ਘੰਟੇ ’ਚ ਇਕੱਠਾ ਕਰਕੇ ਭੇਜ ਦਿੱਤਾ, ਸਮਾਨ ਲੈ ਕੇ ਵੰਡਣਾ ਸ਼ੁਰੂ ਕਰ ਦਿੱਤਾ। ਸੋ ਸੇਵਾ ਸਾਡੇ ਵੀ ਕਰਦੇ ਨੇ, ਦਾਨ ਵੀ ਕਰਦੇ ਨੇ ਉਹ ਉਤਸ਼ਾਹ ਨਹੀਂ। ਸਾਧ ਸੰਗਤ ਜੀ! ਬਹੁਤ ਉਤਸ਼ਾਹ ਚਾਹੀਦਾ ਹੈ ਤਾਂ ਅਸੀਂ ਉਨ੍ਹਾਂ ਕੌਮਾਂ ਦੇ ਬਰਾਬਰ ਜਾ ਸਕਦੇ ਹਾਂ। ਗੱਲਾਂ ਬਾਤਾਂ ’ਚ ਤਾਂ ਅਸੀਂ ਬਹੁਤ ਉਚੇ ਹਾਂ ਇਹ ਗੁਰੂ ਮਹਾਰਾਜ ਜੀ ਨੇ ਸਾਨੂੰ ਚਿਤਾਵਨੀ ਦਿੱਤੀ ਹੈ ਕਿ ਗੱਲਾਂ ਦੇ ਨਾਲ ਤਾਂ ਇਹ ਬਹੁਤ ਵੱਡੇ ਬਣਦੇ ਨੇ, ਇਹਨਾਂ ਦਾ ਇਤਿਹਾਸ ਵੱਡਾ ਹੈ ਇਹੋ ਜਿਹੇ ਰਾਜੇ ਹੋਏ ਨੇ ਜਿਨ੍ਹਾਂ ਨੇ ਸਰਬੰਸ ਦਾਨ ਕਰ ਦਿੱਤੇ, ਉਹਨਾਂ ਦੀਆਂ ਕਹਾਣੀਆਂ ਪੜ੍ਹ ਕੇ ਅਸੀਂ ਖੁਸ਼ ਹੁੰਦੇ ਹਾਂ, ਗੌਰਵ ਮਹਿਸੂਸ ਕਰਦੇ ਹਾਂ ਕਿ ਸਾਡੇ ਬਜ਼ੁਰਗ ਐਸੇ ਸੀ, ਉਹਨਾਂ ਦੀਆਂ ਕਹਾਣੀਆਂ ਤੇ ਉਹਨਾਂ ਦੀਆਂ ਕੁਰਬਾਨੀਆਂ ਤੇ ਜਿਉਂਦੇ ਹਾਂ, ਅਸੀਂ ਦਿਨ ਕੱਟਦੇ ਹਾਂ। ਇਕ ਵਾਰੀ ਅਮਰੀਕਾ ਦੇ ਅੰਦਰ ਜਲੂਸ ਨਿਕਲਿਆ – ਗੁਰੂ ਦਸਵੇਂ ਪਾਤਿਸ਼ਾਹ ਦੇ ਪ੍ਰਕਾਸ਼ ਉਤਸਵ ਤੇ। ਉਥੇ ਕਿਸੇ ਨੇ ਉੱਚੇ ਥਾਂ ਤੇ ਖੜ੍ਹ ਕੇ ਕਵਿਤਾ, ਪੜ੍ਹੀ, ਕੁਝ ਭਾਸ਼ਨ ਦਿੱਤੇ ਕਿ ਛੋਟੇ-ਛੋਟੇ ਬੱਚੇ ਕੰਧਾਂ ਦੇ ਵਿਚ ਚਿਣ ਦਿੱਤੇ ਗਏ ਲੇਕਿਨ ਉਹਨਾਂ ਨੇ ਧਰਮ ਨਹੀਂ ਛੱਡਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 17 ਸਾਲ ਤੇ 14 ਸਾਲ ਦੀ ਉਮਰ ਦੇ ਬੱਚੇ ਤਿੰਨ ਤਿੰਨ ਘੰਟੇ ਯੁੱਧ ਕਰਦੇ ਰਹੇ ਅਤੇ ਉਸ ਤੋਂ ਬਾਅਦ ਕਿਤੇ ਉਸਨੇ ਇਹ ਕਹਿ ਦਿਤਾ ਕਿ ਬਾਬਾ ਦੀਪ ਸਿੰਘ ਵਰਗੇ ਸਾਡੇ ਵਿਚ ਹੋਏ ਜਿਨ੍ਹਾਂ ਦਾ ਸੀਸ ਧੜ ਨਾਲੋਂ ਅੱਡ ਹੋ ਗਿਆ ਲੇਕਿਨ ਆਪ ਸੀਸ ਨੂੰ ਹੱਥ ਤੇ ਚੁੱਕ ਕੇ ਯੁੱਧ ਕਰਦੇ ਰਹੇ। ਇਕ ਅਮਰੀਕਨ ਉਸੇ ਵੇਲੇ ਖੜ੍ਹਾ ਹੋ ਗਿਆ। ਉਚੀ ਉਚੀ ਦੋਵੇਂ ਬਾਹਾਂ ਉੱਚੀਆਂ ਕਰਕੇ ਕਹਿਣ ਲੱਗਿਆ, ਓ ਲੋਕੋ! ਜੇ ਤੁਸੀਂ ਕੋਈ ਝੂਠ ਬੋਲਦੇ ਦੇਖਣਾ ਹੈ ਤਾਂ ਇਹ ਦੇਖ ਲਓ, ਇਹਨਾਂ ਨਾਲੋਂ ਦੁਨੀਆਂ ’ਚ ਕੋਈ ਝੂਠਾ ਨਹੀਂ। ਉਸ ਵੇਲੇ ਕਿਸੇ ਸਿਆਣੇ ਨੇ ਗੱਲ ਕਹੀ ਕਿ ਤੂੰ ਇਹ ਗੱਲ ਨਾ ਕਹਿ, ਏਸ ਤਰ੍ਹਾਂ ਨਹੀਂ ਹੈ ਇਹ ਬਿਲਕੁਲ ਸੱਚੀਆਂ ਗੱਲਾਂ ਨੇ। ਕਹਿੰਦਾ ਜੇ ਸੱਚੀਆਂ ਗੱਲਾਂ ਨੇ ਤਾਂ ਤੁਸੀਂ ਉਨ੍ਹਾਂ ਦੇ ਸਿੱਖ ਨਹੀਂ ਹੋ। ਤੁਸੀਂ ਗੁਲਾਮ ਹੋਏ ਬੈਠੇ ਹੋ। ਧਰਮ ਤੁਸੀਂ ਨਹੀਂ ਆਪਣਾ ਰੱਖ ਸਕਦੇ, ਇਥੇ ਆ ਕੇ ਕੇਸ ਦਾੜ੍ਹੀਆਂ ਮੁਨਾ ਦਿੰਦੇ ਹੋ, ਧਰਮ ਤੋਂ ਬੇ-ਪੱਤ ਹੋ ਜਾਂਦੇ ਹੋ ਤੇ ਗੱਲਾਂ ਤੁਸੀਂ ਉਹਨਾਂ ਦੀਆਂ ਕਰਦੇ ਹੋ ਜਿਹੜੇ ਸੀਸ ਤਲੀ ਤੇ ਧਰ ਕੇ ਲੜਦੇ ਰਹੇ, ਜਾਂ ਤੁਹਾਡੇ ’ਚ ਨੁਕਸ ਹੈ, ਤੁਸੀਂ ਤਾਂ ਨਾ ਇਹ ਗੱਲ ਕਹੋ ਕਿ ਸਾਡੇ ਬਜ਼ੁਰਗ ਸੀ। ਸੋ ਕਹਾਣੀਆਂ ਹੀ ਸਾਨੂੰ ਜੀਉਂਦਾ ਰਖਦੀਆਂ ਨੇ, ਜੀਵਨ ਨਹੀਂ ਸਾਡਾ ਅਮਲੀ ਰੂਪ ਵਿਚ। ਸੋ ਗੁਰੂ ਘਰ ਦੇ ਅੰਦਰ ਸੇਵਾ ਤੇ ਸਿਮਰਨ ਦੋ ਬਰਾਬਰ ਦੀਆਂ ਚੀਜ਼ਾਂ ਨੇ। ਸੇਵਾ ਦੇ ਅਨੇਕ ਤਰੀਕੇ ਨੇ, ਅਨੇਕ ਤਰ੍ਹਾਂ ਦੇ ਨਾਲ ਸੇਵਾ ਕੀਤੀ ਜਾਂਦੀ ਹੈ ਤੇ ਸਿਮਰਨ ਵਾਹਿਗੁਰੂ ਦੀ ਯਾਦ ਦਾ ਨਾਉਂ ਹੈ।

ਸੋ ਭਾਈ ਲਹਿਣਾ ਜੀ ਗੁਰੂ ਨਾਨਕ ਪਾਤਿਸ਼ਾਹ ਦੀ ਸੰਗਤ ’ਚ ਆ ਗਏ, ਬੜਾ ਕੁਝ ਆਪ ਨੇ, ਬੜੇ ਕੌਤਕ ਦੇਖੇ ਤੇ ਆਪ ਤਨੋਂ ਮਨੋ ਹੋ ਕੇ ਸੇਵਾ ਕਰਦੇ ਨੇ। ਗੁਰੂ ਦੀ ਜੋ ਸੇਵਾ ਹੈ ਉਹ ਸਾਰੀਆਂ ਸੇਵਾ ਤੋਂ ਵੱਡੀ ਹੋਇਆ ਕਰਦੀ ਹੈ।

ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ।
ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।
ਤੁਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ।
ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ॥
ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ।
ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥
ਭਾਈ ਗੁਰਦਾਸ ਜੀ ਦੀ ਵਾਰ 27/19

ਕਹਿੰਦੇ, ਮੁਰਦੇ ਦੇ ਸਮਾਨ ਜਿੰਨਾ ਚਿਰ ਨਹੀਂ ਹੁੰਦਾ, ਉਨੀ ਦੇਰ ਤੱਕ ਸੇਵਾ ਨਹੀਂ ਕਰ ਸਕਦਾ ਕਿਉਂਕਿ –

ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥ ਪੰਨਾ – 51

ਜਿਸ ਨੂੰ ਜ਼ਰਾ ਕੁ ਗੱਲ ਕਹੀ, ਗੁੱਸਾ ਆ ਜਾਵੇ,

ਕਹਿੰਦੇ ਉਹ ਸੇਵਕ ਨਹੀਂ ਹੋਇਆ ਕਰਦਾ, ਉਹ ਤਾਂ ਰਸਮ ਪੂਰੀ ਕਰਨ ਵਾਲਾ ਹੈ। ਆਮ ਤੁਸੀਂ ਦੇਖ ਲਓ ਅਖੰਡ ਪਾਠ ਕਰਦੇ ਨੇ, ਥੋੜ੍ਹਾ ਜਿਹਾ ਸਮਾਂ, 10 ਮਿੰਟ ਉਪਰ ਲੰਘ ਜਾਣ, ਅੱਗ ਬਗੋਲਾ ਹੋ ਜਾਂਦਾ ਹੈ। ਉਂਞ ਸੇਵਾ ਕਰਦਾ ਹੈ। ਐਂ ਤਾਂ ਸੇਵਾ ਨਹੀਂ ਹੁੰਦੀ, ਉਸ ਨੂੰ ਤਾਂ ਸ਼ੁਕਰ 'ਚ ਰਹਿਣਾ ਚਾਹੀਦਾ ਹੈ ਕਿ ਮੇਰੇ ਤੋਂ ਮਹਾਰਾਜ ਸੇਵਾ ਲੈਂਦੇ ਨੇ, ਕਿਤੇ ਸੇਵਾ ਨਾ ਮੇਰੇ ਤੋਂ ਖੋਹ ਲੈਣ। ਸੇਵਾ ਦੀ ਥਾਂ ਤੇ ਅਭਿਮਾਨ ਆ ਜਾਂਦਾ ਹੈ। ਉਹਦਾ ਕਾਰਨ ਇਹ ਹੈ ਕਿ ਬਿਰਤੀ 'ਚ ਫਰਕ ਹੈ। ਜੇ ਬਿਰਤੀ 'ਚ ਨਾ ਫਰਕ ਹੋਵੇ ਸਿਧਾਂਤ ਤੇ ਅਮਲ ਦੋ ਚੀਜ਼ਾਂ ਇਕੱਠੀਆਂ ਹੋ ਜਾਣ। ਫੇਰ ਨਤੀਜਾ ਨਿਕਲਿਆ ਕਰਦਾ ਹੈ। ਜੇ ਸਿਧਾਂਤ ਤੇ ਅਮਲ 'ਚ ਫਰਕ ਹੋਵੇ ਫੇਰ ਨਹੀਂ ਨਿਕਲਿਆ ਕਰਦਾ। ਸੇਵਾ ਦਿਖਾ ਕੇ ਕਰਨੀ ਮਹਾਰਾਜ ਕਹਿੰਦੇ ਲੇਖੇ 'ਚ ਨਹੀਂ ਪੈਂਦੀ–

ਵਿਚਿ ਹਉਮੈ ਸੇਵਾ ਥਾਇ ਨ ਪਾਏ॥ ਪੰਨਾ – 1070

ਸੇਵਾ ਥਾਂ ਨਹੀਂ ਪੈਂਦੀ ਜੇ ਅਭਿਮਾਨ ਦੇ ਪ੍ਰਭਾਵ 'ਚ ਵਿਚ ਕਰਦਾ ਹੈ। ਜੇ ਸੇਵਾ ਕਰਨੀ ਹੈ ਤਾਂ –

ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ॥
ਭਾਈ ਗੁਰਦਾਸ ਜੀ ਦੀ ਵਾਰ 27/19

ਉਹਦਾ ਚਾਹੇ ਆਦਰ ਕਰਦੈ, ਚਾਹੇ ਪ੍ਰਸੰਸਾ ਕਰਦੈ, ਨਹੀਂ ਕਰਦਾ। ਸਾਨੂੰ ਆਦਤ ਪਈ ਹੈ ਕਿ ਸੇਵਾ ਕਰਦਾ ਹੈ ਤਾਂ ਅਸੀਂ ਉਹਦੀ ਪ੍ਰਸੰਸਾ ਕਰਦੇ ਹਾਂ ਕਿ ਇਹ ਜੋੜਿਆਂ ਵਾਲੇ ਬੜੀ ਸੇਵਾ ਕਰਦੇ ਨੇ, ਦੇਖੋ ਕਿੰਨੀ ਮਿਹਨਤ ਕਰ ਰਹੇ ਹਨ। ਇਸ ਦਾ ਫਾਇਦਾ ਕੀ ਹੋਇਆ? ਉਹ ਤਾਂ ਗੁਰੂ ਨੂੰ ਖੁਸ਼ ਕਰਨ ਵਾਸਤੇ ਕਰ ਰਹੇ ਨੇ, ਪ੍ਰਸੰਸਾ ਲੈਣ ਵਾਸਤੇ ਤਾਂ ਨਹੀਂ ਕਰ ਰਹੇ। ਜੇ ਪ੍ਰਸੰਸਾ ਦੀ ਉਹਨਾਂ ਦੇ ਮਨ ਵਿਚ ਖਾਹਿਸ਼ ਹੈ ਤਾਂ ਉਹਨਾਂ ਦੀ ਸੇਵਾ ਕਿਸੇ ਥਾਂ ਨਹੀਂ ਪੈਂਦੀ। ਕੇਵਲ ਦਿਖਾਵਾ ਤੇ ਪ੍ਰਸੰਸਾ ਕਰਾਉਂਦੀ ਹੈ। ਸੋ ਜਿਹੜਾ ਮੁਰੀਦ ਮੁਰਦੇ ਵਾਂਗ ਹੋ ਕੇ ਸੇਵਾ ਕਰਦਾ ਹੈ ਉਹਦੇ 'ਚ ਕੋਈ ਵੀ ਇੱਛਾ ਨਹੀਂ ਹੁੰਦੀ, ਕੇਵਲ ਇਕ ਇੱਛਾ ਹੁੰਦੀ ਹੈ ਕਿ ਮੇਰਾ ਗੁਰੂ ਪ੍ਰਸੰਨ ਹੋ ਜਾਵੇ। ਸੇਵਾ ਦੇ ਵਿਚ ਪ੍ਰਾਪਤੀਆਂ ਨੇ ਸਾਧ ਸੰਗਤ ਜੀ! ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

ਧਾਰਨਾ – ਕਰਕੇ ਕੋਈ ਵੇਖ ਲਓ,
ਸੇਵਾ ਤੋਂ ਮਿਲਦੈ ਮੇਵਾ –2, 2.

ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ॥ ਪੰਨਾ – 116

ਇਕ ਦੋ ਚਾਰ ਚੀਜ਼ਾਂ ਨਹੀਂ, ਕਹਿੰਦੇ ਜਿੰਨੀਆਂ ਵੀ ਉਸ ਦੀ ਇੱਛਾ ਹੈ, ਉਹ ਸਾਰੀਆਂ ਮਿਲ ਜਾਂਦੀਆਂ ਹਨ।

ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ॥
ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ॥
ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ॥
ਪੰਨਾ – 116

ਪੂਰੇ ਭਾਗ ਹੋਣ ਤਾਂ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੀ ਸੇਵਾ ਜਿਸ ਨੇ ਕਰ ਲਈ, ਗੁਰੂ ਨੂੰ ਪ੍ਰਸੰਨ ਕਰ ਲਿਆ, ਉਸ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ।

ਧਰਤੀ ਬੀਉ ਬੀਜਾਇ ਸਹਸ ਫਲਾਇਆ॥
ਭਾਈ ਗੁਰਦਾਸ ਜੀ ਦੀ ਵਾਰ 14/20

ਧਰਤੀ 'ਚ ਇਕ ਦਾਣਾ ਪਾ ਦਿਓ। ਪਹਿਲਾਂ ਸੇਵਾ ਕੀਤੀ, ਪੰਜ ਸੱਤ ਵਾਰੀ ਹੱਲ ਵਾਹਿਆ, ਨਦੀਣ ਕੱਢਿਆ, ਮਿੱਟੀ ਬਰੀਕ ਕੀਤੀ, ਪਾਣੀ ਦਿੱਤਾ ਤੇ ਵੱਤਰ ਤੇ ਲਿਆ ਕੇ ਇਕ ਦਾਣਾ ਪਾ ਦਿੱਤਾ। ਕਹਿੰਦੇ ਉਹ ਇਕ ਦਾਣਾ ਜਿਹੜਾ ਹੈ ਉਹ ਸੈਂਕੜੇ ਗੁਣਾਂ ਹੋ ਕੇ ਫਲ ਗਿਆ –

ਧਰਤੀ ਬੀਉ ਬੀਜਾਇ ਸਹਸ ਫਲਾਇਆ॥
ਗੁਰਸਿਖ ਮੁਖਿ ਪਵਾਇ ਨ ਲੇਖ ਲਿਖਾਇਆ॥
ਭਾਈ ਗੁਰਦਾਸ ਜੀ ਦੀ ਵਾਰ 14/20

ਕਹਿੰਦੇ ਜੇ ਗੁਰਸਿਖ ਨੂੰ ਪ੍ਰਸ਼ਾਦਾ ਛਕਾ ਦੇਵੇ ਕੋਈ, ਉਹਦਾ ਜਿਹੜਾ ਫਲ ਮਿਲਣਾ ਹੈ ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਦਾ ਮਾਣ ਪ੍ਰਾਪਤ ਹੈ, ਕਹਿੰਦੇ ਉਹ ਲਿਖਿਆ ਨਹੀਂ ਜਾਂਦਾ ਕਿ ਕੀ ਫਲ ਹੁੰਦੈ, ਇਸ ਦਾ ਮਤਲਬ ਹੈ ਕਿ ਬਹੁਤ ਵੱਡਾ ਫਲ ਹੈ। ਆਮ ਵੀ ਫਲ ਹੁੰਦਾ ਹੈ। ਰਾਜਾ ਬਿਕਰਮਾਜੀਤ ਜੋ 2000 ਸਾਲ ਪਹਿਲਾਂ ਹਿੰਦੁਸਤਾਨ 'ਚ ਹੋਏ ਨੇ ਤੇ ਜਿਨ੍ਹਾਂ ਦੇ ਰਾਜ ਨੂੰ ਸਤਿਜੁਗ ਦਾ ਰਾਜ ਕਿਹਾ ਜਾਂਦਾ ਹੈ। ਉਹਨਾਂ ਦੇ ਵੱਡੇ ਵੱਡੇ ਸ਼ਿਲਾ ਲੇਖ ਮਿਲਦੇ ਹਨ ਤੇ ਇਕ ਲੇਖ ਮੰਦਰ 'ਚ ਲੱਗਿਆ ਹੋਇਆ ਹੈ। ਉਹਦੇ 'ਚ ਇਹ ਲਿਖਦੇ ਨੇ ਕਿ ਤਾਸ਼ਕੰਦ ਤੋਂ ਲੈ ਕੇ ਬ੍ਰਹਮਾ ਤੱਕ ਉਹਨਾਂ ਦਾ ਰਾਜ ਸੀ। ਅਫਗਾਨਿਸਤਾਨ ਵਗੈਰਾ ਸਾਰਾ ਉਹਨਾਂ ਦਾ ਰਾਜ ਸੀ ਤੇ ਇੰਤਜ਼ਾਮ ਕਿੱਡਾ ਸੀ, ਕਹਿੰਦੇ ਕੋਈ ਚੋਰ ਨਹੀਂ ਹੈ ਸਾਰੇ ਰਾਜ ਵਿਚ। ਇਸ ਕਰਕੇ ਮੈਂ ਹੁਕਮ ਕਰ ਦਿੱਤਾ ਹੈ ਕਿ ਕੋਈ ਬੰਦਾ ਆਪਣੇ ਘਰ ਨੂੰ ਤਾਲਾ ਨਾ ਲਾਵੇ, ਜੌਹਰੀਆਂ ਨੂੰ ਹੁਕਮ ਸੀ ਕਿ ਸੋਨੇ ਦੀਆਂ ਦੁਕਾਨਾਂ ਨੂੰ ਤਾਲਾ ਨਹੀਂ ਲਾਉਣਾ ਬਿਲਕੁਲ। ਤਾਲਾ ਲਾਉਣਾ ਇਹ ਦਸਦਾ ਹੈ ਕਿ ਸਰਕਾਰ ਦੇ ਉਤੇ ਬੇਵਿਸ਼ਵਾਸੀ ਹੈ। ਲੋਕਾਂ ਨੂੰ ਵਿਸ਼ਵਾਸ ਨਹੀਂ ਹੈ ਸਰਕਾਰ ਦੇ ਉਤੇ। ਕਿੱਡੀ ਵੱਡੀ ਬਾਤ ਸੀ ਉਸ ਵੇਲੇ, ਇਹ 2000 ਸਾਲ ਪਹਿਲਾਂ ਦੀ ਗੱਲ ਹੈ। ਫੇਰ ਲਿਖਦੇ ਨੇ ਕਿ ਮੇਰੇ ਰਾਜ ਦੇ ਅੰਦਰ ਕੋਈ ਕਲਾਲਖਾਨਾ ਨਹੀਂ। ਕਲਾਲਖਾਨਾ ਸ਼ਰਾਬ ਖਾਨੇ ਨੂੰ ਕਹਿੰਦੇ ਨੇ ਤੇ ਸਾਰੇ ਰਾਜ ਦੇ ਅੰਦਰ ਕੋਈ ਵੀ ਆਦਮੀ ਸ਼ਰਾਬ ਨਹੀਂ ਪੀਂਦਾ, ਤੇ ਮੇਰੇ ਰਾਜ ਦੇ ਅੰਦਰ ਵੇਸਵਾ ਨਹੀਂ ਹੈ, ਕੋਈ ਵਿਭਚਾਰੀ ਨਹੀਂ ਹੈ, ਸਾਰੇ ਕਰਮ-ਧਰਮ ਦੇ ਪੱਕੇ ਲੋਕ ਨੇ।

ਇਕ ਦਿਨ ਉਸ ਨੇ ਆਪਣਾ ਪ੍ਰਤਾਪ ਦੇਖ ਕੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਉਹ ਕਿਹੜਾ ਕਰਮ ਹੈ ਜਿਹੜਾ ਕਰਮ ਕਰਨ ਦੇ ਨਾਲ ਮੈਨੂੰ ਐਡਾ ਅਮਨ ਚੈਨ ਵਾਲਾ ਰਾਜ ਪ੍ਰਾਪਤ ਹੋਇਐ। ਰਾਜ ਤਾਂ ਪ੍ਰਾਪਤ ਹੋ ਜਾਂਦਾ ਹੈ ਪਰ ਅਮਨ ਚੈਨ ਵਾਲਾ ਰਾਜ ਕਿਸੇ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦਾ ਹੈ। ਡੇਢ ਸੌ ਸਾਲ ਦੀ ਉਮਰ ਬਿਕਰਮਾਜੀਤ

ਦੀ ਹੋਈ ਹੈ। ਉਹ ਡੇਢ ਸੌ ਸਾਲ ਦਾ ਸੀ ਜਦੋਂ ਰਾਜੇ ਸ਼ੱਲ ਨਾਲ ਉਹਦਾ ਯੁੱਧ ਹੋਇਆ। ਸੋ ਉਸ ਨੇ ਆਪਣੇ ਰਾਜ ਜੋਤਸ਼ੀਆਂ ਨੂੰ ਬੁਲਾਇਆ ਕਿ ਇਹ ਦੱਸੋ ਕਿ ਮੇਰਾ ਕਿਹੜਾ ਕਰਮ ਹੈ ਜਿਸ ਕਰਕੇ ਇਹ ਐਡਾ ਰਾਜ ਪ੍ਰਾਪਤ ਹੋਇਆ। ਬੜੇ ਹਿਸਾਬ-ਕਿਤਾਬ ਕੱਢੇ ਉਨ੍ਹਾਂ ਨੇ, ਕੱਖ ਨਹੀਂ ਸਮਝ 'ਚ ਪੈਂਦੀ। ਨਾਲ ਉਹਨੇ ਕਹਿ ਦਿਤਾ ਕਿ ਇਕ ਹਫਤੇ ਦੀ ਮੋਹਲਤ ਹੈ। ਜੇ ਤੁਸੀਂ ਨਾ ਦੱਸ ਸਕੇ, ਮੈਂ ਤੁਹਾਨੂੰ ਸਜ਼ਾ ਦੇਵਾਂਗਾ - ਸਖਤ ਸਜ਼ਾ, ਹੋ ਸਕਦਾ ਹੈ ਕਿ ਮੈਂ ਤੁਹਾਨੂੰ ਸਜਾਏ ਮੌਤ ਤੱਕ ਦੀ ਸਜ਼ਾ ਦੇਵਾਂ। ਸੋ ਇਸ ਤਰ੍ਹਾਂ ਦੀ ਜਦ ਬਾਤ ਹੋਈ, ਸਾਰੇ ਫਿਕਰ 'ਚ ਪੈ ਗਏ। ਜਦੋਂ 6 ਦਿਨ ਲੰਘੇ, ਰਾਜ ਜੋਤਸ਼ੀ ਦਾ ਚਿਹਰਾ ਉਤਰ ਗਿਆ ਤਾਂ ਲੜਕੀ ਨੇ ਪੁਛਿਆ ਕਿ ਪਿਤਾ ਜੀ ਕੀ ਕਾਰਨ ਹੈ ਤੁਸੀਂ ਐਨੇ ਗਮਗੀਨ ਕਿਉ ਰਹਿੰਦੇ ਹੋ? ਗੱਲ ਦੱਸ ਦੇਈਦੀ ਹੈ, ਜੇ ਕੋਈ ਨਾ ਦੱਸਣ ਵਾਲਾ ਹੋਵੇ ਤਾਂ ਕੰਧ ਨੂੰ ਗੱਲ ਦੱਸ ਦਿਓ; ਜੇ ਕੋਈ ਸਲਾਹ ਦੇਣ ਵਾਲਾ ਨਾ ਹੋਵੇ ਤਾਂ ਕੰਧ ਤੋਂ ਸਲਾਹ ਲੈ ਲਵੋ। ਇਸ ਦਾ ਮਤਲਬ ਹੈ, ਸਲਾਹ ਲੈ ਕੇ ਕੰਮ ਕਰੋ। ਕਿਸੇ ਆਪਣੇ ਹਮਦਰਦੀ ਨੂੰ ਭੇਦ ਖੋਲ੍ਹ ਦਿਓ, ਕੋਈ ਹੱਲ ਕਰ ਦੇਵੇਗਾ। ਕਹਿਣ ਲੱਗੀ, "ਤੁਸੀਂ ਦੱਸੋ, ਆਪਣੇ ਆਪ 'ਚ ਨਾ ਗੱਲ ਰੱਖੋ।" ਕਹਿਣ ਲੱਗੇ, "ਬੇਟਾ! ਮਹਾਰਾਜਾ ਬਿਕਰਮਾਜੀਤ ਨੇ ਪ੍ਰਸ਼ਨ ਕੀਤਾ ਤੇ ਇਹਦਾ ਉੱਤਰ ਕੋਈ ਨਹੀਂ ਲੱਭ ਸਕਿਆ ਅਜੇ ਤੱਕ।" ਕਹਿੰਦੀ, "ਲੈ ਇਹ ਤਾਂ ਤੁਸੀਂ ਮੈਨੂੰ ਪਹਿਲਾਂ ਹੀ ਦਸਦੇ, ਮੈਂ ਜਵਾਬ ਦੇਵਾਂਗੀ।" ਸੱਤਵਾਂ ਦਿਨ ਆ ਗਿਆ, ਦਰਬਾਰ ਲੱਗ ਗਿਆ, ਲੜਕੀ ਦਰਬਾਰ 'ਚ ਬੈਠ ਗਈ ਜਾ ਕੇ। ਉਸ ਦੇ ਪਿਤਾ ਨੇ ਕਿਹਾ, ਮਹਾਰਾਜ! ਇਸ ਗੱਲ ਦਾ ਜਵਾਬ ਮੇਰੀ ਲੜਕੀ ਦੇਵੇਗੀ ਕਿ ਤੁਸੀਂ ਕਿਹੜਾ ਚੰਗਾ ਕਰਮ ਕਰਿਐ, ਜਿਸ ਦੇ ਕਰਕੇ ਤੁਹਾਨੂੰ ਐਡਾ ਰਾਜ ਪ੍ਰਾਪਤ ਹੋਇਆ ਹੈ। ਲੜਕੀ ਨੂੰ ਬੁਲਾਇਆ, ਉਸ ਨੇ ਝੁਕ ਕੇ ਪ੍ਰਣਾਮ ਕੀਤੀ, ਕਹਿਣ ਲੱਗੀ, "ਮਹਾਰਾਜ! ਦੱਸ ਤਾਂ ਮੈਂ ਦਿੰਦੀ ਹਾਂ ਪਰ ਤੁਹਾਨੂੰ ਯਕੀਨ ਨਹੀਂ ਆਉਣਾ। ਇਸ ਕਰਕੇ ਯਕੀਨ ਆਉਣ ਵਾਸਤੇ ਤੁਸੀਂ ਖੇਚਲ ਕਰੋ ਕਿ ਇਥੋਂ 30 ਮੀਲ ਦੇ ਉਤੇ ਇਕ ਮਹਾਤਮਾ ਰਹਿੰਦੇ ਨੇ ਤੇ ਉਹ ਸਵਾਹ ਪੀਂਦੇ ਨੇ ਘੋਲ ਕੇ, ਉਹਨਾਂ ਦੇ ਕੋਲ ਚਲੇ ਜਾਓ, ਉਹ ਤੁਹਾਡੇ ਪ੍ਰਸ਼ਨ ਦਾ ਜਵਾਬ ਦੇਣਗੇ। ਉਸੇ ਤਰ੍ਹਾਂ ਕੀਤਾ ਗਿਆ ਉਥੇ ਜਾ ਕੇ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰੀ। ਉਸ ਤੋਂ ਬਾਅਦ ਪੁੱਛਿਆ, ਤਾਂ ਆਪ ਨੇ ਫੁਰਮਾਇਆ ਕਿ ਮੈਂ ਦੱਸ ਤਾਂ ਦਿੰਦਾ ਹਾਂ ਪਰ ਤੈਨੂੰ ਯਕੀਨ ਨਹੀਂ ਆਉਣਾ ਇਥੋਂ ਕੁਝ ਮੀਲਾਂ ਦੇ ਫਾਸਲੇ ਤੇ ਇਕ ਹੋਰ ਮਹਾਤਮਾ ਨੇ, ਉਹ ਅੰਗਿਆਰ ਖਾਂਦੇ ਨੇ, ਉਹ ਤੇਰੇ ਪ੍ਰਸ਼ਨ ਦਾ ਜਵਾਬ ਦੇਣਗੇ। ਉਥੇ ਚਲਿਆ ਗਿਆ ਤਾਂ ਉਹ ਮਹਾਤਮਾ ਕਹਿਣ ਲੱਗੇ ਕਿ ਪ੍ਰਸ਼ਨ ਦਾ ਜਵਾਬ ਤਾਂ ਅਸੀਂ ਦੇ ਸਕਦੇ ਹਾਂ, ਹੋ ਸਕਦਾ ਹੈ ਤੈਨੂੰ ਵਿਸ਼ਵਾਸ ਨਾ ਆਏ। ਤੇਰਾ ਜਵਾਬ ਇਕ ਬੱਚੇ ਨੇ ਦੇਣਾ ਹੈ, ਉਹਨੇ ਕੱਲ੍ਹ ਨੂੰ ਜਨਮ ਲੈਣੈ ਫਲਾਣੇ ਪਿੰਡ ਦੇ ਅੰਦਰ ਤੇ ਕੁਝ ਘੜੀਆਂ ਉਸਨੇ ਜਿਊਣੈ। ਤੇਰਾ ਜਵਾਬ ਦੇਣ ਵਾਸਤੇ ਆਉਂਦਾ ਹੈ ਬਾਰ-ਬਾਰ ਸੰਸਾਰ ਤੇ, ਅਤੇ ਮਰ ਜਾਂਦਾ ਹੈ ਕਿਉਂਕਿ ਤੂੰ ਉਸ ਤੋਂ ਪੁਛਣ ਨਹੀਂ ਜਾ ਰਿਹਾ। ਅਤਾ-ਪਤਾ ਲੈ ਲਿਆ, ਜਾ ਕੇ ਇੰਤਜ਼ਾਰ ਕੀਤਾ ਬੱਚਾ ਪੈਦਾ ਹੋਇਆ, ਬਿਕਰਮਾਜੀਤ ਕੋਲ ਲਿਆਂਦਾ ਤਾਂ ਇਸ ਨੇ ਸਵਾਲ ਕਰਿਆ, ਬੱਚਾ ਖਿੜ-ਖੜਾ ਕੇ ਹੱਸਿਆ, ਕਹਿਣ ਲੱਗਿਆ, "ਰਾਜਨ! ਚੰਗਾ ਹੋਇਆ ਤੂੰ ਆ ਗਿਆ।" ਤੂੰ ਮੈਂ ਤੇ ਅੰਗਿਆਰ ਖਾਣ ਵਾਲਾ ਤੇ ਸਵਾਹ ਘੋਲ ਕੇ ਪੀਣ ਵਾਲਾ ਸਾਧੂ, ਆਪਾਂ ਚਾਰੇ ਤਪ ਕਰ ਰਹੇ ਸੀ। ਕਿੰਨੇ ਜਨਮ ਲੰਘ ਗਏ ਤੇ ਆਪਣੀ ਭਗਤੀ ਤੇ ਤਪ ਤੇ ਪ੍ਰਸੰਨ ਹੋ ਕੇ ਵਿਸ਼ਨੂੰ ਭਗਵਾਨ ਨੇ ਕਸਵੱਟੀ ਲਾ ਕੇ ਪਰਖਣਾ ਚਾਹਿਆ ਕਿ ਖਰਾ ਕਿਹੜਾ ਹੈ ਤੇ ਖੋਟਾ ਕਿਹੜਾ ਹੈ? ਪਹਿਲਾਂ ਉਹ ਮਹਾਤਮਾ ਕੋਲ ਆਏ। ਦੋ ਰੋਟੀਆਂ ਆਪਾਂ ਨੂੰ ਲੜਕੀ ਲਿਆ ਕੇ ਦਿੰਦੀ ਹੁੰਦੀ ਸੀ। ਉਹ ਲੜਕੀ ਉਹ ਹੀ ਸੀ ਜੋ ਵਜ਼ੀਰ ਦੀ ਲੜਕੀ ਹੈ ਅੱਜ ਕਲ੍ਹ। ਇਹ ਆਪਾਂ ਲਈ 8 ਰੋਟੀਆਂ ਲਿਆਉਂਦੀ ਸੀ, ਆਪਾਂ ਦੋ-ਦੋ ਵੰਡ ਲੈਂਦੇ ਸੀ। ਭਗਵਾਨ ਅਤਿਥੀ ਦੇ ਰੂਪ ਵਿਚ ਆਪਣੇ ਕੋਲ ਆ ਗਏ ਤੇ ਇਹਨਾਂ ਨੇ ਪਹਿਲੇ ਮਹਾਤਮਾ ਨੂੰ ਕਿਹਾ ਕਿ ਮੈਂ ਬੜਾ ਭੁੱਖਾਂ ਹਾਂ, ਮੈਨੂੰ ਪ੍ਰਸ਼ਾਦਾ ਦਿਓ। ਉਹਨੇ ਅੱਧੀ ਰੋਟੀ ਦੇ ਦਿਤੀ, ਫੇਰ ਅੱਧੀ ਦੇ ਦਿੱਤੀ, ਫੇਰ ਅੱਧੀ ਦੇ ਦਿੱਤੀ, ਜਦੋਂ ਬਾਕੀ ਦੀ ਅੱਧੀ ਮੰਗੀ, ਉਹ ਕਹਿੰਦਾ ਕਿਉਂ ਮੈਂ ਸਵਾਹ ਘੋਲ ਕੇ ਪੀਵਾਂਗਾ? ਕਹਿੰਦੇ ਉਹਨਾਂ ਨੇ ਕਿਹਾ, 'ਤਥਾ-ਅਸਤੂ।' ਅੱਗੇ ਦੂਸਰੇ ਮਹਾਤਮਾ ਨੂੰ ਪੁਛਿਆ, ਉਸ ਨੇ ਵੀ ਇਸੇ ਤਰ੍ਹਾਂ ਕਰਿਆ ਤੇ ਉਸਨੇ ਕਿਹਾ, ਕੀ ਮੈਂ ਅੰਗਿਆਰ ਖਾਊਂ- ਪਿਛਲੀ ਅੱਧੀ ਦੇ ਕੇ? ਕਹਿੰਦੇ, 'ਤਥਾ ਅਸਤੂ'। ਮੇਰੇ ਕੋਲ ਆਏ, ਮੈਂ ਵੀ ਇਸੇ ਤਰ੍ਹਾਂ ਕੀਤਾ। ਮੈਂ ਅੱਧੀ ਰੋਟੀ ਆਪਣੇ ਵਾਸਤੇ ਰੱਖੀ, ਜਦੋਂ ਉਹ ਵੀ ਉਸਨੇ ਮੰਗੀ ਤਾਂ ਮੈਂ ਕਿਹਾ ਕਿ ਕੀ ਮੈਂ ਭੁੱਖਾ ਮਰਾਂਗਾ? ਕਹਿੰਦੇ, 'ਤਥਾ-ਅਸਤੂ।' ਤੇਰੇ ਕੋਲ ਆਏ, ਤੂੰ ਦੋਵੇਂ ਪ੍ਰਸ਼ਾਦੇ ਦੇ ਦਿਤੇ ਤੇ ਨਿਮਰਤਾ ਦੇ ਨਾਲ ਸੇਵਾ ਕਰੀ, ਬੇਨਤੀ ਕਰੀ ਕਿ ਮਹਾਰਾਜ! ਜੇ ਹੁਕਮ ਹੋਵੇ ਤਾਂ ਮੈਂ ਹੋਰ ਲੈ ਆਵਾਂ? ਉਹ ਪ੍ਰਸੰਨ ਹੋਏ ਤੇ ਉਹਨਾਂ ਨੇ ਆਪਣਾ ਰੂਪ ਦਿਖਾਇਆ ਤੇ ਉਹ ਦੋ ਪ੍ਰਸ਼ਾਦਿਆਂ ਦਾ ਬਦਲਾ ਤੈਨੂੰ ਇਹ ਐਡਾ ਵੱਡਾ ਰਾਜ ਮਿਲ ਗਿਆ ਭਾਰਤ ਵਰਸ਼ ਦਾ ਅਤਿਥੀ ਸੇਵਾ ਦੇ ਬਦਲੇ। ਜਦੋਂ ਸਾਨੂੰ ਪਤਾ ਲਗਿਆ ਕਿ ਇਹ ਤਾਂ ਵਿਸ਼ਨੂੰ ਭਗਵਾਨ ਨੇ ਤਾਂ ਅਸੀਂ ਬੇਨਤੀ ਕੀਤੀ, ਹੇ ਭਗਵਾਨ, ਅਸਾਡੀ ਕਲਿਆਣ ਕਦੋਂ ਹੋਵੇਗੀ? ਭਗਵਾਨ ਨੇ ਕਿਹਾ ਤੇ ਤੁਹਾਡਾ ਸਰਾਪ ਉਸ ਦਿਨ ਖਤਮ ਹੋਏਗਾ ਜਿਸ ਦਿਨ ਮੈਂ ਬਿਕਰਮਜੀਤ ਨੂੰ ਪ੍ਰੇਰਾਂਗਾ ਤੇ ਇਹ ਪੁਛੇਗਾ ਕਿ ਮੈਂ ਕਿਹੜਾ ਪੁੰਨ ਕੀਤਾ ਹੈ ਜਿਸ ਦੇ ਕਰਕੇ ਮੈਨੂੰ ਐਡਾ ਰਾਜ ਪ੍ਰਾਪਤ ਹੋਇਆ। ਉਸ ਵੇਲੇ ਤੇਰੇ ਕੋਲੋਂ ਪੁਛੇਗਾ - ਜਨਮ ਸਮੇਂ। ਉਸ ਦਿਨ ਫੇਰ ਤੁਹਾਡੇ ਸਾਰਿਆਂ ਦੇ ਸਰੀਰ ਛੁੱਟ ਕੇ ਬੇਕੁੰਠ ਧਾਮ 'ਚ ਜਾਓਂਗੇ। ਸੋ ਕਹਿਣ ਲੱਗੇ ਰਾਜਨ ਸਿਰਫ ਦੋ ਪ੍ਰਸ਼ਾਦੇ ਛਕਾਉਣ ਦਾ ਫਲ ਤੈਨੂੰ ਐਡਾ ਰਾਜ ਪ੍ਰਾਪਤ ਹੋਇਆ ਹੈ-

ਸੋ ਭਾਈ ਗੁਰਦਾਸ ਜੀ ਕਹਿੰਦੇ ਨੇ -

ਗੁਰਸਿਖ ਮੁਖਿ ਪਵਾਇ ਨ ਲੇਖ ਲਿਖਾਇਆ॥
ਭਾਈ ਗੁਰਦਾਸ ਜੀ ਦੀ ਵਾਰ 14/20

ਬਿਕਰਮਾਜੀਤ ਨੂੰ ਤਾਂ ਰਾਜ ਮਿਲ ਗਿਆ। ਪਰ ਜਿਹੜਾ ਗੁਰਸਿਖ ਨੂੰ ਪ੍ਰਸ਼ਾਦਾ ਛਕਾ ਦਿੰਦਾ ਹੈ - ਬ੍ਰਹਮਗਿਆਨੀ ਮਹਾਂਪੁਰਸ਼ ਨੂੰ, ਕਹਿੰਦੇ ਉਹਦਾ ਲੇਖਾ ਹੀ ਨਹੀਂ ਹੈ ਕਿੰਨਾ ਪੁੰਨ ਬਣ ਜਾਂਦਾ ਹੈ -

ਧਰਤੀ ਦੇਇ ਫਲਾਇ ਜੋਈ ਫਲ ਪਾਇਆ॥
ਭਾਈ ਗੁਰਦਾਸ ਜੀ ਦੀ ਵਾਰ 14/20

ਧਰਤੀ 'ਚ ਕੋਈ ਬੀਜ ਪਾ ਲਓ, ਉਹ ਫਲ ਲਿਆ ਹੀ ਦਿੰਦੀ ਹੈ। ਕੋਈ ਬੀਜ, ਬੀਜ ਲਓ, ਗੁਠਲੀ ਬੀਜ ਦਿਓ, ਅੰਬ ਆ ਹੀ ਜਾਵੇਗਾ। ਕਣਕ ਦਾ ਦਾਣਾ ਬੀਜ ਦਿਓ, ਕਣਕ ਆ ਹੀ ਜਾਏਗੀ।

ਗੁਰ ਸਿਖ ਮੁਖਿ ਸਮਾਇ ਸਭ ਫਲ ਲਾਇਆ।
ਬੀਜੇ ਬਾਝੁ ਨ ਖਾਇ ਨ ਧਰਤਿ ਜਮਾਇਆ।
ਭਾਈ ਗੁਰਦਾਸ ਜੀ ਦੀ ਵਾਰ 14/20

ਜਿਹੜਾ ਬੀਜਦਾ ਹੀ ਨਹੀਂ, ਉਹ ਖਾਏਗਾ ਕੀ? ਦੇਖੋ ਨਾ ਤੁਸੀਂ ਸੋਚ ਕੇ? ਮੈਂ ਤਾਂ ਕਹਿ ਰਿਹਾ ਹਾਂ ਭਾਈ ਬੀਜ ਲਓ ਜੇ ਬੀਜ ਹੁੰਦੈ ਕਿਸੇ ਤੇ। ਮਹਾਰਾਜ ਜੀ ਕਹਿੰਦੇ ਮਿਲਣਾ ਨਹੀਂ ਬੀਜੇ ਬਿਨਾ, ਪੜ੍ਹੋ ਪਿਆਰ ਨਾਲ -

ਧਾਰਨਾ - ਕਿਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ,
ਕਿੱਕਰਾਂ ਦੇ ਬੀਜ ਬੀਜ ਕੇ -2, 2.
ਮੇਰੇ ਪਿਆਰੇ, ਕਿੱਕਰਾਂ ਦੇ ਬੀਜ ਬੀਜ ਕੇ -2, 2.
ਕਿਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ ... -2.

ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ ਪੰਨਾ - 1379

ਕਿੱਕਰਾਂ ਦੇ ਬੀਜ ਬੀਜੋਗੇ ਤਾਂ ਕੰਡਿਆਂ ਵਾਲੀਆਂ ਕਿੱਕਰਾਂ ਹੀ ਜੰਮਣਗੀਆਂ। ਫੇਰ ਕਿਥੋਂ ਭਾਲਦਾ ਹੈਂ - ਦਾਖ ਬਿਜੌਰੀਆਂ? ਕਿਉਂਕਿ ਇਹ ਗੱਲ ਬੰਦੇ ਦੇ ਅਜੇ ਤੱਕ ਸਮਝ 'ਚ ਨਹੀਂ ਆਈ ਸੋ ਮਹਾਰਾਜ ਕਹਿੰਦੇ -

ਬੀਜੇ ਬਾਝੁ ਨ ਖਾਇ ਨ ਧਰਤਿ ਜਮਾਇਆ।
ਭਾਈ ਗੁਰਦਾਸ ਜੀ ਦੀ ਵਾਰ 14/20

ਜਦ ਬੀਜਣਾ ਹੀ ਨਹੀਂ ਤਾਂ ਖਾਏਂਗਾ ਕਿਥੋਂ?

ਇਕ ਵਾਰੀ ਅਕਬਰ ਨੇ ਬੀਰਬਲ ਨੂੰ ਕਿਹਾ, ਚਾਰ ਬੰਦੇ ਲਿਆ ਕੇ ਮੈਨੂੰ ਦੱਸ। ਇਕ ਤਾਂ ਉਹ ਹੋਵੇ ਜਿਹੜਾ ਤਿੰਨ ਜਨਮ ਦਾ ਕੰਗਾਲ, ਇਕ ਉਹ ਹੋਵੇ ਜਿਹੜਾ ਤਿੰਨ ਜਨਮ ਦਾ ਅਮੀਰ, ਇਕ ਉਹ ਹੋਵੇ ਜਿਹੜਾ ਹੁਣ ਸੁਖੀ ਅਗੇ ਦੁਖੀ, ਇਕ ਉਹ ਹੋਵੇ ਜਿਹੜਾ ਹੁਣ ਦੁਖੀ ਅਗੇ ਸੁਖੀ। ਹਫਤੇ ਦੀ ਮੋਹਲਤ ਲੈ ਲਈ, ਚਾਰੇ ਬੰਦੇ ਲਿਆ ਕੇ ਖੜ੍ਹੇ ਕਰ ਦਿੱਤੇ। ਕਹਿੰਦਾ ਮੈਂ ਕਿਵੇਂ ਜਾਣਾ ਕਿ ਤੂੰ ਲੈ ਆਇਆ। ਕਹਿੰਦਾ ਮਹਾਰਾਜ! ਆਹ ਇਕ ਅਮੀਰ ਆਦਮੀ ਸੇਠ ਹੈ। ਇਸ ਨੇ ਛੇਤਰ ਲਵਾਏ ਹੋਏ ਨੇ, ਲੰਗਰ ਚਲ ਰਹੇ ਨੇ, ਭੁੱਖਾ ਆ ਕੇ ਪ੍ਰਸ਼ਾਦਾ ਛਕਦਾ ਹੈ, ਲੋੜ ਵੰਦ ਨੂੰ ਕੱਪੜਾ ਮਿਲਦਾ ਹੈ, ਬੀਮਾਰ ਨੂੰ ਦਵਾਈ ਮਿਲਦੀ ਹੈ ਤੇ ਬੇਅੰਤ ਧਨੀ ਹੈ। ਪਹਿਲਾਂ ਬੀਜਿਆ ਹੋਇਆ ਹੁਣ ਖਾ ਰਿਹਾ ਹੈ, ਹੁਣ ਜਿਹੜਾ ਬੀਜ ਰਿਹਾ ਹੈ ਉਹ ਅਗਲੇ ਜਨਮ 'ਚ ਖਾਏਗਾ ਸੋ ਤਿੰਨ ਜਨਮ ਦਾ ਇਹ ਧਨੀ ਪੁਰਸ਼ ਹੈ। ਆਹ ਮਹਾਰਾਜ! ਕੰਗਾਲ ਹੈ ਗਰੀਬੀ ਦਾ ਮਾਰਿਆ ਹੋਇਆ। ਪਹਿਲਾਂ ਕੁਝ ਦਾਨ ਨਹੀਂ ਕਰ ਸਕਿਆ, ਹੁਣ ਇਸ ਨੂੰ ਮਿਲਿਆ ਕੁਝ ਨਹੀਂ ਹੈ, ਹੁਣ ਇਹ ਬੀਜ ਨਹੀਂ ਰਿਹਾ, ਅਗਾਹਾਂ ਜਾ ਕੇ ਫੇਰ ਭੁੱਖਾ ਮਰੇਗਾ। ਆਹ, ਇਕ ਵੇਸ਼ਵਾ ਹੈ, ਜਿਹੜੀ ਆਪਣੇ ਸਰੀਰ ਨੂੰ ਵੇਚਦੀ ਹੈ, ਹੁਸਨ ਨੂੰ ਵੇਚਦੀ ਹੈ, ਨੱਚਦੀ ਹੈ, ਗਾਉਂਦੀ ਹੈ ਅਤੇ ਬੇਅੰਤ ਧਨ ਕਮਾ ਰਹੀ ਹੈ ਪਰ ਨਤੀਜਾ ਇਹ ਹੈ ਕਿ ਹੁਣ ਪੈਸੇ ਦਾ ਸੁਖ ਭਾਲਦੀ ਹੈ, ਫੇਰ ਅਗਲੇ ਜਨਮ ਵਿਚ ਇਸ ਨੂੰ ਨਰਕ ਸਹਿਣੇ ਪੈਣੇ ਨੇ। ਕੁਸ਼ਟੀ ਸਰੀਰ ਮਿਲੇਗਾ, ਬੇਰੰਗ ਸਰੀਰ ਹੋਏਗਾ, ਨਕਸ਼ ਬਿਲਕੁਲ ਗੰਦੇ ਹੋਣਗੇ, ਦੁੱਖਾਂ ਦੀ ਭਰੀ ਹੋਈ, ਜਮਾਂਦਰੂ ਦੁਖਾਂ ਦਾ ਭਰਿਆ ਹੋਇਆ ਸਰੀਰ ਹੋਏਗਾ ਤੇ ਤ੍ਰਿਸਕਾਰ ਹੋਏਗਾ ਸਮਾਜ ਦੇ ਅੰਦਰ। ਸੋ ਇਹ ਦੁਖੀ ਹੋਏਗੀ ਅਗਲੇ ਜਨਮ ਵਿਚ। ਚੌਥਾ ਬੰਦਾ ਮਹਾਰਾਜ ਜੀ ਇਹ ਤਪੀ ਹੈ, ਧੂਣੀਆਂ ਤਾਪ ਰਿਹਾ ਹੈ, ਜਲ ਧਾਰੇ ਕਰ ਰਿਹਾ ਹੈ। ਤਪ ਦਾ ਫਲ ਰਾਜ ਹੋਇਆ ਕਰਦਾ ਹੈ।

ਤਪੋਂ ਰਾਜ ਰਾਜੋਂ ਨਰਕ।

ਜੇ ਰਾਜਾ ਧਰਮੀ ਨਾ ਰਹੇ, ਫੇਰ ਨਰਕਾਂ 'ਚ ਜਾਇਆ ਕਰਦਾ ਹੈ। ਸੋ ਮਹਾਰਾਜ ਇਹ ਹੁਣ ਤਪ ਕਰਦਾ ਹੈ। ਕਿਉਂਕਿ ਇੱਛਾ ਨਾਲ ਕਰ ਰਿਹਾ ਹੈ ਇਸ ਕਰਕੇ ਇਹਦਾ ਫਲ ਇਸ ਨੂੰ ਰਾਜ ਮਿਲੇਗਾ। ਸੋ ਭਾਈ ਗੁਰਦਾਸ ਜੀ ਲਿਖਦੇ ਨੇ ਕਿ -

ਬੀਜੇ ਬਾਝੁ ਨ ਖਾਇ ਨ ਧਰਤਿ ਜਮਾਇਆ॥
ਭਾਈ ਗੁਰਦਾਸ ਜੀ ਦੀ ਵਾਰ 14/20

ਧਰਤੀ ਕਿਵੇਂ ਜਮਾ ਦਏਗੀ, ਜੇ ਬੀਜਦਾ ਹੀ ਨਹੀਂ ਹੈ। ਦੁਖ ਬੀਜ ਕੇ ਹਜ਼ਾਰ ਦੁੱਖ ਮਿਲ ਜਾਂਦਾ ਹੈ। ਬੀਜ ਦਾ ਵੀ ਸਮਾਂ ਆਇਐ ਪਰ ਬੀਜ ਨਾ ਸਕਿਆ। ਸੋ ਇਸ ਤਰ੍ਹਾਂ ਦੇ ਨਾਲ -

ਗੁਰਮੁਖਿ ਚਿਤਿ ਵਸਾਇ ਇਛਿ ਪੁਜਾਇਆ॥
ਭਾਈ ਗੁਰਦਾਸ ਜੀ ਦੀ ਵਾਰ 14/20

ਚਾਹੇ ਪੈਸੇ ਦੀ ਸੇਵਾ ਕਰਦਾ ਹੈ, ਚਾਹੇ ਸਰੀਰਕ ਤੌਰ ਤੇ ਕਰਦਾ ਹੈ, ਚਾਹੇ ਵਿਦਿਆ ਪੜ੍ਹਾਉਂਦਾ ਹੈ, ਚਾਹੇ ਡਾਕਟਰੀ ਕਰਦਾ ਹੈ, ਇਹ ਸਾਰੀਆਂ ਸੇਵਾਵਾਂ ਨੇ। ਜੇ ਪੁਲਿਸ ਦਾ ਸਿਪਾਹੀ ਠੀਕ ਤਰੀਕੇ ਨਾਲ ਆਪਣੀ ਡਿਊਟੀ ਦੇਵੇ, ਬਹੁਤ ਵੱਡੀ ਸੇਵਾ ਹੈ, ਉਹਦੇ ਜਿੰਨੀ ਸੇਵਾ ਕਿਸੇ ਦੀ ਵੀ ਨਹੀਂ ਹੈ ਕਿਉਂਕਿ ਸਾਰੇ ਲੋਕ ਸੁਖ ਅਰਾਮ ਨਾਲ ਸੌਂ ਸਕਦੇ ਨੇ, ਕਿਸੇ ਨੂੰ ਕਿਸੇ ਦਾ ਡਰ ਨਹੀਂ ਰਹਿੰਦਾ ਤੇ ਉਹਦੀ ਸੇਵਾ ਦਾ ਫਲ ਬਹੁਤ ਵੱਡਾ ਹੋ ਜਾਂਦਾ ਹੈ। ਫੌਜ ਦਾ ਸਿਪਾਹੀ ਆਪਣੀ ਜਾਨ ਤਲੀ ਤੇ ਰੱਖ ਕੇ ਰੱਖਿਆ ਕਰ ਰਿਹਾ ਹੈ ਸਾਰੇ ਦੇਸ਼ ਦੀ। ਸੋ ਹਰ ਮੈਦਾਨ ਦੇ ਅੰਦਰ ਸੇਵਾ ਹੀ ਸੇਵਾ ਹੈ। ਕਹਿੰਦੇ ਸੇਵਾ ਦਾ ਫਲ ਮਿਲਦਾ ਹੈ ਕੋਈ ਵੀ ਕਰਕੇ ਦੇਖ ਲਓ। ਐਸੀਆਂ ਗੁਰੂ ਘਰ ਦੇ ਅੰਦਰ ਬੇਅੰਤ ਮਿਸਾਲਾਂ ਆਉਂਦੀਆਂ ਨੇ -

ਗੁਰਸਿਖ ਮੁਖਿ ਪਵਾਇ ਨ ਲੇਖ ਲਿਖਾਇਆ।
ਭਾਈ ਗੁਰਦਾਸ ਜੀ ਦੀ ਵਾਰ 14/20

ਗੁਰੂ ਪੰਜਵੇਂ ਪਾਤਿਸ਼ਾਹ ਮਹਾਰਾਜ ਜੀ ਦੇ ਘਰ ਬਹੁਤ ਦੇਰ ਤੱਕ ਔਲਾਦ ਨਾ ਹੋਈ। ਮਾਤਾ ਕਰਮੋ ਜੀ, ਪ੍ਰਿਥੀ ਚੰਦ ਦੇ ਘਰੋਂ ਸਨ, ਇਕ ਦਿਨ ਉਹਨਾਂ ਨੇ ਤਾਨ੍ਹਾਂ ਮਾਰਿਆ ਜਦੋਂ ਮਾਤਾ ਗੰਗਾ ਜੀ ਨੇ ਬਸਤਰ ਸੁੱਕਣੇ ਪਾਏ ਹੋਏ ਸੀ। ਗੋਲੀ ਕਹਿਣ ਲੱਗੀ ਕਿ ਦੇਖੋ ਇਹਨਾਂ ਦੇ ਘਰ 'ਚ ਕਿੰਨੇ ਬਸਤਰ ਆਉਂਦੇ ਨੇ। ਕਹਿੰਦੀ, "ਕੋਈ ਨਹੀਂ ਇਹ ਤਾਂ ਔਤਰੇ ਨੇ, ਸਭ ਕੁਝ ਸਾਡੇ ਕੋਲ ਹੀ ਆ ਜਾਣਾ ਹੈ, ਥੋੜ੍ਹੇ ਦਿਨਾਂ ਦਾ ਹੀ ਕੰਮ ਹੈ।" ਆਹ ਗੱਲ ਉਹਨਾਂ ਦੇ ਮਨ ਤੇ ਲੱਗੀ। ਮਹਾਰਾਜ ਕੋਲ ਉਹਨਾਂ ਨੇ ਬੇਨਤੀ ਕਰੀ ਕਿ ਪਾਤਸ਼ਾਹ! ਸਾਰੀ ਦੁਨੀਆਂ ਨੂੰ ਬਖਸ਼ਿਸ਼ਾਂ ਬਖਸ਼ਦੇ ਹੋ ਤੇ ਦਾਸੀ ਦੀ ਝੋਲੀ ਵਿਚ ਵੀ ਦਾਤ ਪਾ ਦਿਓ, ਪੁੱਤਰ ਦੀ। ਕਹਿਣ ਲੱਗੇ ਅਸੀਂ ਗੁਰੂ ਨਾਨਕ ਸਾਹਿਬ ਦੇ trustee ਹਾਂ, ਸ਼ਰਧਾ ਦੇ ਨਾਲ ਜਗਿਆਸੂ ਆਉਂਦੇ ਨੇ, ਉਹ ਜੋ ਮੰਗਦੇ ਹਨ ਉਹਨਾਂ ਨੂੰ ਦਿੱਤਾ ਜਾਂਦਾ ਹੈ ਪਰ ਇਹ ਆਪਣੇ ਘਰ ਲਈ ਤਾਂ ਨਹੀਂ ਨਾ ਅਸੂਲ ਵਰਤਿਆ ਜਾਂਦਾ ਕਿ ਘਰ ਹੀ ਭਰ ਲਈਏ ਆਪਣਾ। ਬਾਰ-ਬਾਰ ਬੇਨਤੀ ਕਰੀ। ਕਹਿਣ ਲੱਗੇ, "ਤੁਸੀਂ ਸੁਖਮਨੀ ਸਾਹਿਬ ਤਾਂ ਪੜ੍ਹਦੇ ਹੋ ਨਾ?"

ਕਹਿੰਦੇ, "ਹਾਂ ਮਹਾਰਾਜ।" ਕਹਿੰਦੇ, "ਸਾਧੂਆਂ ਦੀ ਜਿਥੇ ਮਹਿਮਾ ਲਿਖੀ ਹੋਈ ਹੈ ਉਥੇ ਆਪ ਨੇ ਪੜ੍ਹਿਆ ਹੋਏਗਾ -

ਚਾਰਿ ਪਦਾਰਥ ਜੇ ਕੋ ਮਾਗੈ॥
ਸਾਧ ਜਨਾ ਕੀ ਸੇਵਾ ਲਾਗੈ॥ ***ਪੰਨਾ - 266***

ਤੇ ਤੁਸੀਂ ਮਹਾਂਪੁਰਸ਼ਾਂ ਦੀ ਸੇਵਾ ਕਰੋ।" ਕਹਿਣ ਲੱਗੇ, "ਪਾਤਿਸ਼ਾਹ! ਮਹਾਂਪੁਰਸ਼ ਦੀ ਦੱਸ ਵੀ ਆਪ ਪਾਓ।" ਕਹਿੰਦੇ, "ਬਾਬਾ ਬੁੱਢਾ ਜੀ ਬ੍ਰਹਮਗਿਆਨੀ ਨੇ ਤੇ ਉਹਨਾਂ ਨੂੰ ਤੁਸੀਂ ਪ੍ਰਸੰਨ ਕਰੋ।" ਤਰੀਕਾ ਦੱਸ ਦਿਤਾ ਕਿ ਪ੍ਰਸ਼ਾਦਾ ਲੈ ਕੇ ਜਾਇਓ, ਪ੍ਰਸੰਨ ਕਰਿਓ। ਗੁਰਸਿਖ ਦੇ ਮੁਖ ਦੇ ਵਿਚ ਜੇ ਪ੍ਰਸ਼ਾਦਾ ਪੈ ਜਾਵੇ ਤੇ ਪ੍ਰਸੰਨ ਹੋ ਜਾਵੇ, ਕਹਿੰਦੇ ਐਨੀਆਂ ਦਾਤਾਂ ਦੇ ਦਿੰਦਾ ਹੈ ਜਿਹੜੀਆਂ ਲਿਖੀਆਂ ਨਹੀਂ ਜਾਂਦੀਆਂ।

ਗੁਰਸਿਖ ਮੁਖਿ ਪਵਾਇ ਨ ਲੇਖ ਲਿਖਾਇਆ।
ਭਾਈ ਗੁਰਦਾਸ ਜੀ ਦੀ ਵਾਰ 14/20

ਬੇਅੰਤ ਦਾਤਾਂ ਦੇ ਦਿੰਦਾ ਹੈ। ਸੋ ਮਾਤਾ ਜੀ, ਪਹਿਲਾਂ ਸ਼ਾਨੋ-ਸ਼ੌਕਤ ਦੇ ਨਾਲ ਗਏ। ਵਰ ਦੀ ਥਾਂ ਤੇ ਸਰਾਪ ਲੈ ਲਿਆ। ਕਹਿੰਦੇ ਗੁਰੂ ਕਿਆਂ ਨੂੰ ਕਿਧਰੋਂ ਭਾਜੜਾਂ ਪੈ ਗਈਆਂ? ਮਾਤਾ ਜੀ ਨੇ ਪੁੱਤਰ ਵਾਸਤੇ ਬੇਨਤੀ ਕਰੀ। ਬਾਬਾ ਜੀ ਕਹਿਣ ਲੱਗੇ ਮਾਤਾ ਜੀ! ਅਸੀਂ ਤਾਂ ਗਰੀਬ ਸਿੱਖ ਹਾਂ। ਅਸੀਂ ਤਾਂ ਸਾਰਾ ਕੁਝ ਗੁਰੂ ਤੋਂ ਲੈਂਦੇ ਹਾਂ, ਗੁਰੂ ਸਮਰੱਥ ਨੇ। ਸਮੁੰਦਰ ਨੂੰ ਛੱਡ ਕੇ ਤੁਸੀਂ ਨਿਕੀ ਜਿਹੀ ਛੱਪੜੀ ਕੋਲ ਕਿਉਂ ਆਏ ਹੋ? ਜਾਉ, ਉਥੋਂ ਹੀ ਮਿਲੇਗਾ ਸਭ ਕੁਝ। ਉਦਾਸ ਹੋ ਕੇ ਵਾਪਸ ਆ ਗਏ। ਮਹਾਰਾਜ ਕਹਿੰਦੇ ਕਿਵੇਂ ਗਏ ਸੀ? ਕਹਿੰਦੇ ਐਂ ਗਏ ਸੀ ਅਸੀਂ, ਰੱਥ ਲੈ ਕੇ ਗਏ ਸੀ, ਗੱਡੀਆਂ ਲੈ ਗਏ ਸੀ। ਕਹਿੰਦੇ ਸੰਤਾਂ ਕੋਲ ਇਉਂ ਜਾਈਦਾ ਹੈ? ਸੰਤਾਂ ਕੋਲ ਜਾਣਾ ਤਾਂ ਨਿਮਰਤਾ ਨਾਲ ਜਾਓ।

ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥
ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥
ਪੰਨਾ - 1370

ਸੰਤ ਨੂੰ ਮਿਲਣਾ ਹੈ ਤਾਂ ਘਰੋਂ ਸ਼ਰਧਾ ਦੇ ਨਾਲ ਚਲੋ, ਜਲੂਸ ਕੱਢ ਕੇ ਨਾ ਲੈ ਜਾਓ; ਫੇਰ ਸੰਤ ਚੁਪ ਰਹਿੰਦੇ ਨੇ। ਜਿਹੜੀ ਆਪ ਨੇ ਗੱਲ ਪੁਛਣੀ ਹੈ ਉਹ ਵੀ ਨਹੀਂ ਪੁੱਛ ਸਕਦਾ। ਤੁਸੀਂ ਨਿਮਰਤਾ ਦੇ ਨਾਲ ਜਾਣਾ ਸੀ। "ਪਾਤਿਸ਼ਾਹ! ਜੁਗਤੀ ਦੱਸੋ।" ਕਹਿੰਦੇ, "ਆਪਣੇ ਹੱਥਾਂ ਦੇ ਨਾਲ ਹੁਣ ਕਣਕ ਤੇ ਛੋਲੇ ਚੁਣ ਲਓ, ਕੋਈ ਚੀਜ਼ ਨਾ ਉਸ ਵਿਚ ਰਹਿ ਜਾਵੇ। ਅੰਮ੍ਰਿਤ ਵੇਲੇ ਉਠ ਕੇ ਜਪੁਜੀ ਸਾਹਿਬ ਦਾ ਪਾਠ ਕਰਿਓ, ਇਸ਼ਨਾਨ ਕਰਨ ਤੋਂ ਬਾਅਦ, ਨਾਲੇ ਚੱਕੀ ਦੇ ਵਿਚ ਆਟਾ ਪੀਸਿਓ ਆਪਣੇ ਹੱਥਾਂ ਦੇ ਨਾਲ, ਆਪ ਦੁੱਧ ਰਿੜਕਿਓ, ਮੱਖਣ ਕੱਢਿਓ, ਲੱਸੀ ਤੇ ਦਹੀਂ, ਪਿਆਜ ਤੇ ਮਿੱਸੇ ਪ੍ਰਸ਼ਾਦੇ ਬਹੁਤ ਸੋਹਣੇ ਘਿਓ ਨਾਲ ਚੋਪੜ ਕੇ, ਸਿਰ ਦੇ ਉਪਰ ਲੱਸੀ ਦਾ ਝੱਕਰਾ ਰੱਖ ਕੇ ਤੇ ਉਤੇ ਪ੍ਰਸ਼ਾਦੇ ਰੱਖ ਕੇ ਤੁਸੀਂ ਇਥੋਂ ਹੀ ਨੰਗੇ ਪੈਰੀਂ ਤੁਰਿਓ। ਇਕ ਕਦਮ ਦਾ ਇਕ ਅਸ਼ੂਮੇਧ ਜਗ ਦਾ ਫਲ ਤੁਹਾਨੂੰ ਪ੍ਰਾਪਤ ਹੋਏਗਾ। ਸੋ ਜਦੋਂ ਤੁਸੀਂ ਇਸ ਤਰ੍ਹਾਂ ਨਿਮਰਤਾ ਨਾਲ ਜਾਓਂਗੇ ਫੇਰ ਸਾਧੂ ਪ੍ਰਸੰਨ ਹੋ ਜਾਂਦੇ ਨੇ। ਪ੍ਰਸੰਨ ਹੋਇਆਂ ਉਹਨਾਂ ਦਾ ਜੋ ਬਚਨ ਹੁੰਦਾ ਹੈ, ਬਚਨ ਆਪਣੇ ਆਪ ਹੀ ਕਰ ਦਿੰਦੇ ਨੇ।" ਸੋ ਦੂਸਰੇ ਦਿਨ ਇਸ ਤਰ੍ਹਾਂ ਕੀਤਾ। ਆਪ ਜਾਂਦੇ ਨੇ - ਨੰਗੇ ਪੈਰੀਂ ਸ਼ਰਧਾ ਦੇ ਨਾਲ ਬੜੇ ਪਿਆਰ ਦੇ ਨਾਲ। ਪਿਆਰ ਦੀ ਬੜੀ ਖਿੱਚ ਪਈ, ਭੁੱਖ ਲੱਗ ਗਈ ਬਾਬਾ ਜੀ ਨੂੰ, ਅੰਮ੍ਰਿਤਸਰ ਸ਼ਹਿਰ ਵੱਲ ਨੂੰ ਦੇਖ ਰਹੇ ਨੇ। ਦੂਰੋਂ ਦੇਖਿਆ ਕਿ ਮਾਤਾ ਜੀ ਆ ਰਹੇ ਨੇ। ਸੇਵਾਦਾਰ ਨੇ ਦੱਸਿਆ ਕਿ ਮਾਤਾ ਜੀ ਆ ਰਹੇ ਨੇ। ਬਾਬਾ ਜੀ ਅੱਗੇ ਵਧੇ, ਆ ਕੇ ਸਿਰ ਤੋਂ ਝੱਕਰਾ ਚੁਕ ਲਿਆ। ਮਾਤਾ! ਪੁੱਤਰਾਂ ਵਾਸਤੇ ਐਨਾ ਪਿਆਰ; ਤੇ ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ, ਮਾਤਾ! ਤੁਸੀਂ ਤਾਂ ਬਹੁਤ ਵੱਡੀ ਕ੍ਰਿਪਾ ਕਰੀ। ਨਿਮਰਤਾ ਦੇ ਵਾਕ ਕਹਿੰਦੇ ਤੁਰੇ ਆਉਂਦੇ ਨੇ। ਰਾਹ 'ਚ ਬੈਠ ਗਏ, ਝੱਕਰਾ ਰੱਖ ਲਿਆ, ਪੌਣਾ ਖੋਲ੍ਹ ਕੇ ਮਾਤਾ ਜੀ ਨੇ ਪ੍ਰਸ਼ਾਦੇ ਹੱਥ ਤੇ ਰੱਖ ਦਿੱਤੇ ਤੇ ਵੱਡਾ ਸਾਰਾ ਪਿਆਜ ਦੇ ਦਿੱਤਾ। ਬਾਬਾ ਜੀ ਨੇ ਪਿਆਜ ਲਿਆ, ਲੈ ਕੇ ਗੋਡੇ ਤੇ ਰੱਖ ਕੇ ਜ਼ੋਰ ਨਾਲ ਮੁੱਕਾ ਮਾਰਿਆ। ਕਹਿੰਦੇ, ਮਾਤਾ! ਆਹ ਜਿਵੇਂ ਪਿਆਜ ਭੰਨਿਆ ਹੈ ਨਾ, ਐਂ ਵੱਡੇ ਵੱਡੇ ਆਕੀ, ਖਾਨ, ਮੁਗਲਾਂ ਦੇ ਸਿਰ ਭੰਨਣ ਵਾਲਾ ਸਾਹਿਬਜ਼ਾਦਾ ਹੋਏਗਾ। ਦੁਸ਼ਟਾਂ ਨੂੰ ਸਜ਼ਾ ਦੇਏਗਾ। ਮੀਰੀ ਤੇ ਪੀਰੀ ਦੇ ਸ਼ਸਤਰ ਪਹਿਨੇਗਾ। ਮੀਰਾਂ ਦੀ ਮੀਰੀ ਖਿੱਚ ਲਏਗਾ ਤੇ ਪੀਰਾਂ ਦੀ ਪੀਰੀ ਖਿੱਚ ਲਏਗਾ। ਐਡੇ ਪ੍ਰਤਾਪ ਵਾਲਾ ਹੋਏਗਾ, ਕੋਈ ਉਹਦੇ ਸਾਹਮਣੇ ਝਾਕ ਨਹੀਂ ਸਕੇਗਾ। ਕੋਈ ਉਹਦੇ ਉਤੇ ਹਾਵੀ ਨਹੀਂ ਹੋ ਸਕੇਗਾ। ਪੂਰਨ ਰਾਜਾ-ਜੋਗੀ ਹੋਏਗਾ, ਸੰਸਾਰ ਦਾ ਉਧਾਰ ਕਰੇਗਾ, ਬਚਨ ਦਾ ਬਲੀ ਹੋਏਗਾ। ਪ੍ਰਸ਼ਾਦਾ ਇਕ ਬੁਰਕੀ ਖਾ ਲੈਂਦੇ ਨੇ ਤੇ ਵਰ ਦਿੰਦੇ ਜਾ ਰਹੇ ਨੇ। ਮਾਤਾ ਜੀ ਬਹੁਤ ਪ੍ਰਸੰਨ ਹੋ ਕੇ ਆਏ। ਮਹਾਰਾਜ ਜੀ ਨੂੰ ਦੱਸਿਆ ਕਿ ਸੱਚੇ ਪਾਤਿਸ਼ਾਹ! ਅੱਜ ਤਾਂ ਗਿਣਤੀ-ਮਿਣਤੀ ਤੋਂ ਜ਼ਿਆਦਾ ਬਾਬਾ ਜੀ ਨੇ ਬਚਨ

ਕਰ ਦਿੱਤੇ ਹਨ।

ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥

ਪੰਨਾ – 306

ਸੰਤ ਮੁਖ ਤੋਂ ਜੋ ਗੱਲ ਕਹਿੰਦੇ ਨੇ, ਉਸੇ ਤਰ੍ਹਾਂ ਹੋਇਆ ਕਰਦੇ ਨੇ। ਜੋ ਉਸ ਨੂੰ ਬਦਲਾਉਂਦਾ ਹੈ ਕਿ ਐਂ ਕਹਿ ਦਿਓ, ਉਹ ਬਚਨ ਨਹੀਂ ਹੈ; ਬਚਨ ਉਹੀ ਹੈ ਜਿਹੜਾ ਅਚਾਨਕ ਮੂੰਹ 'ਚੋਂ ਨਿਕਲੇ। ਬਹੁਤ ਬਚਨ ਹੋਏ। ਮਹਾਰਾਜ ਕਹਿੰਦੇ, ਫੇਰ ਨਿਮਰਤਾ ਨਾਲ ਜਾਣ ਨਾਲ ਪ੍ਰਸੰਨਤਾ ਆਉਂਦੀ ਹੈ।

ਧਰਤੀ ਬੀਉ ਬੀਜਾਇ ਸਹਸ ਫਲਾਇਆ॥

ਭਾਈ ਗੁਰਦਾਸ ਜੀ ਦੀ ਵਾਰ 14/20

ਧਰਤੀ ਦੇ ਵਿਚ ਬੀਜ ਬੀਜ ਦਿਉ ਹਜ਼ਾਰ ਦਾਣਾ ਹੋ ਜਾਂਦਾ ਹੈ। ਪਰ ਗੁਰਸਿਖ ਦੇ ਮੁਖ 'ਚ ਜੇ ਦਾਣਾ ਚਲਿਆ ਜਾਵੇ, ਕਹਿੰਦੇ ਉਸ ਦਾ ਲੇਖ ਹੀ ਨਹੀਂ; ਨਾ ਹਜ਼ਾਰ, ਨਾ ਲੱਖ, ਕੁਝ ਵੀ ਨਹੀਂ ਕਹਿ ਸਕਦੇ।

ਧਰਤੀ ਦੇਇ ਫਲਾਇ ਜੋਈ ਫਲ ਪਾਇਆ।

ਭਾਈ ਗੁਰਦਾਸ ਜੀ ਦੀ ਵਾਰ 14/20

ਜਿਹੜਾ ਵੀ ਬੀਜ ਪਾ ਦਿਤਾ, ਧਰਤੀ 'ਚ ਫਲ ਜਾਣਾ ਹੈ–

ਗੁਰ ਸਿਖ ਮੁਖਿ ਸਮਾਇ ਸਭ ਫਲ ਲਾਇਆ।

ਭਾਈ ਗੁਰਦਾਸ ਜੀ ਦੀ ਵਾਰ 14/20

ਪਰ ਗੁਰਮੁਖ ਦੇ ਮੁਖ ਦੇ ਵਿਚ ਜਿਹੜੀ ਚੀਜ਼ ਸਮਾਅ ਜਾਂਦੀ ਹੈ, ਕਹਿੰਦੇ ਫਲਾਂ ਦੀ ਗਿਣਤੀ ਨਹੀਂ ਰਹਿੰਦੀ, ਸਾਰੇ ਫਲ ਮਿਲ ਜਾਂਦੇ ਹਨ।

ਬੀਜੇ ਬਾਝੁ ਨਾ ਖਾਇ ਨ ਧਰਤਿ ਜਮਾਇਆ।
ਗੁਰਮੁਖਿ ਚਿਤਿ ਵਸਾਇ ਇਛਿ ਪੁਜਾਇਆ॥

ਭਾਈ ਗੁਰਦਾਸ ਜੀ ਦੀ ਵਾਰ 14/20

ਸੋ ਇਸ ਤਰ੍ਹਾਂ ਦੀਆਂ ਗੁਰੂ ਘਰ 'ਚ ਬੇਅੰਤ ਮਿਸਾਲਾਂ ਆਉਂਦੀਆਂ ਹਨ ਸੇਵਾ ਦੀਆਂ।

ਗੁਰੂ ਪੰਜਵੇਂ ਪਾਤਿਸ਼ਾਹ ਮਹਾਰਾਜ ਜੀ ਦੇ ਪਾਸ ਇਕ ਲਾਹੌਰ ਦਾ ਵਾਸੀ ਭਾਈ ਬੁੱਧੂ, ਜੋ ਆਵਿਆਂ (ਭੱਠਿਆਂ) ਦਾ ਕੰਮ ਕਰਿਆ ਕਰਦਾ ਸੀ, ਆਪ ਮਹਾਰਾਜ ਜੀ ਦੀ ਚਰਨ ਸ਼ਰਨ ਆਏ, ਬੇਨਤੀ ਕਰੀ ਕਿ ਪਾਤਸ਼ਾਹ! ਮੈਂ ਦਸਵੰਧ ਲੈ ਕੇ ਹਾਜ਼ਰ ਹੋਇਆ ਹਾਂ। ਗੁਰਸਿਖ ਦਾ ਫਰਜ਼ ਬਣਦਾ ਹੈ ਦਸਵੰਧ ਦੇਣਾ, ਜਿਹੜਾ ਦਸਵੰਧ ਨਹੀਂ ਦਿੰਦਾ, ਮਹਾਰਾਜ ਕਹਿੰਦੇ ਉਹ ਚੋਰੀ ਦਾ ਧਨ ਖਾਂਦਾ ਹੈ, ਗੁਰੂ ਦਾ ਧਾਨ ਖਾਂਦਾ ਹੈ ਤੇ ਉਹਦੀ ਕਮਾਈ 'ਚ ਬਰਕਤ ਨਹੀਂ ਹੋਇਆ ਕਰਦੀ। ਗਰੀਬ ਹੋਵੇ, ਅਮੀਰ ਹੋਵੇ, ਦਸਵੰਧ ਗੁਰੂ ਦਾ ਦੇਣਾ ਹੀ ਪੈਂਦਾ ਹੈ। ਨਹੀਂ ਤਾਂ ਤਿੰਨ ਹੋਰ ਭਰਾ ਨੇ, ਉਹ ਖਾ ਜਾਂਦੇ ਨੇ, ਉਹ ਕਹਿੰਦੇ ਜੇ ਸਾਡੇ ਵੱਡੇ ਭਰਾ ਨੂੰ ਨਹੀਂ ਦਿੰਦਾ ਫੇਰ ਅਸੀਂ ਜਬਰਦਸਤੀ ਕਰਕੇ ਨਾਲੇ ਤਾਂ ਦੁਖੀ ਕਰਦੇ ਹਾਂ, ਨਾਲੇ ਉਦੂੰ ਵੀ ਦੱਸ ਗੁਣਾਂ ਕਢਾਉਂਦੇ ਹਾਂ। ਇਕ ਤਾਂ ਹੈ ਬੀਮਾਰੀ – ਬੀਮਾਰੀ ਲੱਗ ਜਾਣੀ; ਲਈ ਜਾ ਦਵਾਈਆਂ, ਕਿਤੋਂ ਰਾਜ਼ੀ ਨਹੀਂ ਹੁੰਦਾ। ਦੂਸਰਾ ਹੈ ਮੁਕੱਦਮਾ – ਸਰਕਾਰ ਨਾਲ ਕੋਈ ਝਗੜਾ ਛਿੜ ਜਾਣਾ। ਤੀਸਰਾ ਹੋਇਆ ਕਰਦਾ ਹੈ ਕੁਦਰਤੀ ਆਫਤ (Natural calamity) ਕੋਈ ਆਫਤ ਆ ਜਾਣੀ, ਅੱਗ ਲੱਗ ਜਾਣੀ, ਹੋਰ ਕੋਈ ਆਫਤ ਆ ਜਾਣੀ। ਉਹ ਕਹਿੰਦੇ ਫੇਰ ਅਸੀਂ ਲੈਂਦੇ ਹਾਂ ਜਿਹੜਾ ਗੁਰੂ ਦਾ ਦਾਨ ਨਹੀਂ ਦਿੰਦਾ, ਗੁਰੂ ਦਾ ਹਿੱਸਾ ਨਹੀਂ ਦਿੰਦਾ। ਸੋ ਪਾਤਿਸ਼ਾਹ! ਮੈਂ ਗਰੀਬ ਹੋ ਗਿਆ ਪਰ ਗਰੀਬੀ ਦੇ ਵਿਚ, ਗਰੀਬੀ ਦਾਵੇ 'ਚ ਹੀ ਮੈਂ ਦਸਵੰਧ ਜੋ ਵੀ ਬਣਿਆ – ਥੋੜ੍ਹਾ-ਬਹੁਤ, ਮੈਂ ਆਪ ਜੀ ਦੀ ਚਰਨ ਸ਼ਰਨ ਲੈ ਕੇ ਆਇਆ ਹਾਂ। ਆਪ ਕ੍ਰਿਪਾ ਕਰੋ, ਅੰਗੀਕਾਰ ਕਰੋ ਤੇ ਨਾਲ ਹਜ਼ੂਰ ਮੇਰੀ ਬੇਨਤੀ ਹੈ ਕਿ ਮੇਰੇ ਸਿਰ ਤੇ ਐਨਾ ਕਰਜ਼ਾ ਹੋ ਗਿਆ ਹੈ ਜਿਹੜਾ ਮੇਰੀ ਤਾਕਤ ਤੋਂ ਬਾਹਰ ਹੈ ਹੁਣ ਮੋੜਨਾ। ਕ੍ਰਿਪਾ ਕਰੋ ਮੇਰੇ ਕੰਮ ਦੇ ਵਿਚ ਬਰਕਤ ਪਾਓ। ਮਹਾਰਾਜ ਕਹਿੰਦੇ, "ਭਾਈ ਬੁੱਧੂ! ਸੁਖਮਨੀ ਸਾਹਿਬ ਪੜ੍ਹਦਾ ਹੁੰਦੈਂ?" ਕਹਿੰਦਾ, "ਹਾਂ ਮਹਾਰਾਜ।" ਵਿਚਾਰਦਾ ਵੀ ਹੁੰਦੈ?" ਕਹਿੰਦਾ, "ਵਿਚਾਰਦਾ ਵੀ ਹਾਂ ਮਹਾਰਾਜ! ਅਰਥ ਸਮਝ ਕੇ ਪੜ੍ਹਦਾ ਹਾਂ।" "ਜੇ ਵਿਚਾਰਦਾ ਹੈਂ ਤਾਂ ਫਿਰ ਤੂੰ ਇਹ ਗੱਲ ਨਹੀਂ ਸੀ ਕਹਿਣੀ ਕਿਉਂਕਿ ਅਸੀਂ ਤਾਂ ਸਪਸ਼ਟ ਤੌਰ ਤੇ ਇਹ ਫੁਰਮਾ ਦਿੱਤਾ ਹੈ –

ਧਾਰਨਾ – ਜੇ ਤੂੰ ਚਾਰ ਪਦਾਰਥ ਲੈਣੇ,
ਸੇਵਾ ਕਰ ਲੈ ਸਾਧੂਆਂ ਦੀ –2, 2.
ਮੇਰੇ ਪਿਆਰੇ, ਸੇਵਾ ਕਰ ਲੈ ਸਾਧੂਆਂ ਦੀ –2, 2.
ਜੇ ਤੈਂ ਚਾਰ ਪਦਾਰਥ ਲੈਣੇ, ... –2.

ਚਾਰਿ ਪਦਾਰਥ ਜੇ ਕੋ ਮਾਗੈ॥
ਸਾਧ ਜਨਾ ਕੀ ਸੇਵਾ ਲਾਗੈ॥ ਪੰਨਾ – 266

ਭਾਈ ਬੁੱਧੂ! ਗੁਰੂ ਦੀਆਂ ਸੰਗਤਾਂ ਤਨੋ-ਮਨੋ ਗੁਰੂ ਦਾ ਹੁਕਮ ਕਮਾਉਂਦੀਆਂ ਨੇ, ਗੁਰਸਿਖ ਅੰਮ੍ਰਿਤ ਵੇਲੇ ਜਾਗਦੈ, ਜਦ ਸੰਸਾਰ ਸੁੱਤਾ ਪਿਆ ਹੁੰਦਾ ਹੈ।"

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥

ਪੰਨਾ – 305

ਸੋ ਸਾਰੇ ਗੁਰਸਿਖ, ਜਿੰਨੇ ਤੈਨੂੰ ਨਜ਼ਰ ਆਉਂਦੇ ਨੇ, ਬੰਦਗੀ ਕਰਦੇ ਨੇ, ਗੁਰੂ ਨਾਲ ਪਿਆਰ ਕਰਦੇ ਨੇ ਭਾਈ! ਇਹ ਸਾਰੇ ਸਾਧੂ ਨੇ, ਸਿੱਖ ਕਹੋ, ਸਾਧੂ ਕਹੋ, ਸੰਤ ਕਹੋ, ਇਕ ਦਰਜਾ ਹੋਇਆ ਕਰਦਾ ਹੈ ਉਹਨਾਂ ਪੁਰਸ਼ਾਂ ਦਾ ਜਿਹੜੇ ਸਾਧਨਾ ਸੰਪੰਨ ਹੁੰਦੇ ਨੇ, ਐਵੇਂ ਗੱਲਾਂ ਨਹੀਂ ਮਾਰਦੇ। ਸਾਧਨਾ ਕਰਕੇ ਆਪਣੇ ਅਨੁਭਵ ਤੋਂ ਗੱਲ ਪਰਖ ਕੇ ਫੇਰ ਬੋਲਦੇ ਨੇ, ਨਹੀਂ

ਤਾਂ ਬੋਲਿਆ ਨਹੀਂ ਕਰਦੇ। ਸੰਗਤ ਦੇ ਅੰਦਰ ਪ੍ਰਭੂ ਦਾ ਵਾਸਾ ਹੁੰਦਾ ਹੈ, ਤੂੰ ਸੰਗਤ ਨੂੰ ਬੁਲਾ ਕੇ ਪ੍ਰਸ਼ਾਦਾ ਛਕਾ, ਫੇਰ ਸੰਗਤ ਕਰੇਗੀ ਅਰਦਾਸ ਤੇ ਤੇਰਾ ਕਾਰਜ ਸਿੱਧ ਹੋ ਜਾਏਗਾ। ਕਹਿਣ ਲੱਗਿਆ, "ਪਾਤਿਸ਼ਾਹ! ਆਪ ਵੀ ਚਰਨ ਪਾਓ।" ਮਹਾਰਾਜ ਜੀ ਕਹਿੰਦੇ, "ਸਾਡੇ ਜਾਣ ਨਾਲ ਬਹੁਤ ਵੱਡਾ ਇਕੱਠ ਹੋ ਜਾਏਗਾ।" ਕਹਿੰਦਾ, "ਸੱਚੇ ਪਾਤਿਸ਼ਾਹ! ਮੌਕਾ ਦਿਓ ਦਾਸ ਨੂੰ ਸੇਵਾ ਕਰਨ ਦਾ।" ਸੋ ਮਹਾਰਾਜ ਜੀ ਤੋਂ ਤਰੀਕ ਲੈ ਲਈ ਤੇ ਆਪ ਨੇ ਜਾ ਕੇ ਆਪਣੇ ਭਾਈਚਾਰੇ ਨੂੰ ਇਕੱਠਾ ਕਰਿਆ ਤੇ ਸਾਰਾ ਪ੍ਰੋਗਰਾਮ ਦਿੱਤਾ। ਤਿਆਰੀ ਅਰੰਭ ਕਰ ਦਿੱਤੀ। ਨੀਅਤ ਤਰੀਕ ਦੇ ਉਤੇ ਗੁਰੂ ਮਹਾਰਾਜ ਉਸ ਦੇ ਘਰ ਚਰਨ ਪਾਉਣ ਚਲੇ ਗਏ, ਤੇ ਉਸ ਨੇ ਬੜੇ ਪਿਆਰ ਦੇ ਨਾਲ ਪ੍ਰਸ਼ਾਦਾ ਤਿਆਰ ਕਰਕੇ ਪੰਗਤਾਂ ਲਾ ਲਈਆਂ ਤੇ ਪੰਗਤਾਂ ਲਾ ਕੇ ਪ੍ਰਸ਼ਾਦਾ ਛਕਾਉਣਾ ਸ਼ੁਰੂ ਕਰ ਦਿੱਤਾ। ਕੁਝ ਸਿੱਖ ਹੌਲੀ-ਹੌਲੀ ਆਏ, ਬਾਅਦ ਵਿਚ ਆਏ, ਉਹ ਬਾਹਰ ਇੰਤਜ਼ਾਰ ਕਰ ਰਹੇ ਨੇ ਕਿ ਪੰਗਤ ਖਤਮ ਹੋਵੇ ਤੇ ਫੇਰ ਅਸੀਂ ਪ੍ਰਸ਼ਾਦਾ ਛਕੀਏ। ਸੋ ਉਹਨਾਂ ਦੇ ਅੰਦਰ ਇਕ ਗੁਰਸਿਖ ਆਇਆ ਜਿਸ ਦਾ ਨਾਂ ਭਾਈ ਲੱਖੂ ਸੀ। ਭਾਈ ਲੱਖੂ ਪਹਿਲਾਂ ਧਾੜਵੀ ਹੁੰਦਾ ਸੀ ਲੇਕਿਨ ਗੁਰਸਿਖ ਦੇ ਨਾਲ ਮਿਲ ਕੇ ਉਪਦੇਸ਼ ਲਿਆ ਤੇ ਉਪਦੇਸ਼ ਲੈਣ ਦੇ ਨਾਲ ਸਾਡੇ ਵਾਂਗ ਨਹੀਂ ਕਰਿਆ ਕਿ ਉਪਦੇਸ਼ ਵੀ ਲੈਣਾ ਅਤੇ ਕਮਾਈ ਵੀ ਨਾ ਕਰਨੀ। ਇਹ ਲੋਕ ਜਿਹੜੇ ਐਸ ਤਰ੍ਹਾਂ ਦੇ Extremist (ਆਖਰੀ ਸਿਰੇ ਤੇ) ਹੁੰਦੇ ਨੇ, ਜੇ ਉਹ ਸਹੀ ਮਾਰਗ ਤੇ ਆ ਜਾਣ ਫੇਰ ਬਹੁਤ ਵੱਡੇ ਬਣ ਜਾਂਦੇ ਨੇ। ਬਾਲਮੀਕ ਜੇ ਬੰਦੇ ਮਾਰਦਾ ਸੀ ਤੇ ਜਦੋਂ ਸਹੀ ਮਾਰਗ ਤੇ ਆ ਗਿਆ ਤਾਂ ਫੇਰ ਕਿੱਡਾ ਵੱਡਾ ਮਹਾਨ ਰਿਸ਼ੀ ਹੋਇਆ। ਦੁਨੀਆਂ ਹੁਣ ਤੱਕ ਉਸ ਨੂੰ ਯਾਦ ਕਰਦੀ ਹੈ। ਸੋ ਇਸੇ ਤਰ੍ਹਾਂ ਦੇ ਨਾਲ ਜੇ ਭਾਈ ਬਿਧੀ ਚੰਦ ਡਾਕੇ ਮਾਰਦਾ ਸੀ, ਧਾੜੇ ਮਾਰਦਾ ਸੀ ਫੇਰ ਗੁਰਸਿਖ ਵੀ ਬ੍ਰਹਮਗਿਆਨੀ ਹੋਇਆ। ਵਿਚ ਵਿਚਾਲੇ ਵਾਲੇ ਜਿਹੜੇ ਬੰਦੇ ਹੁੰਦੇ ਨੇ, ਕਿਸੇ ਕੰਮ ਦੇ ਨਹੀਂ ਹੁੰਦੇ, ਨਾ ਇਧਰ ਨਾ ਉਧਰ। ਸੋ ਜਦੋਂ ਇਹ ਸੁਧਰ ਜਾਣ, ਫੇਰ ਬਹੁਤ ਵੱਡੇ ਮਨੁੱਖ ਹੁੰਦੇ ਨੇ। ਭਾਈ ਲੱਖੂ ਡਾਕੇ ਮਾਰਦਾ ਹੈ, ਉਸ ਨੂੰ ਗੁਰਸਿਖ ਦਾ ਮਿਲਾਪ ਹੋਇਆ ਤੇ ਉਸ ਨੇ ਗੁਰੂ ਪੰਜਵੇਂ ਪਾਤਿਸ਼ਾਹ ਦੇ ਪਾਸ ਲਿਆ ਕੇ ਨਾਮ ਦੀ ਦਾਤ ਲਿਤੀ। ਉਸ ਦੀ ਸੰਗਤ ਹੋਈ ਤੇ ਐਡਾ ਉਸਦਾ ਨਿਤਨੇਮ ਹੋ ਗਿਆ ਕਿ 25 ਪਾਠ ਰੋਜ਼ ਜਪੁਜੀ ਸਾਹਿਬ ਦੇ ਉਸ ਦਾ ਨਿਤਨੇਮ ਸੀ। ਅੰਮ੍ਰਿਤ ਵੇਲੇ ਬੰਦਗੀ ਕਰਦਾ ਸੀ ਤੇ ਹਰ ਵਕਤ ਗੁਰੂ ਦੇ ਧਿਆਨ 'ਚ ਰਹਿੰਦਾ ਸੀ। ਧਿਆਨ ਧਰਦਾ ਸੀ ਗੁਰੂ ਪੰਜਵੇਂ ਪਾਤਿਸ਼ਾਹ ਦਾ ਤੇ ਸੁਰਤੀ ਦੇ ਨਾਲ ਚਰਨਾਂ ਦੇ ਨਾਲ ਜੁੜਿਆ ਰਹਿੰਦਾ ਸੀ। ਸੋ ਜਦੋਂ ਉਹ ਆਇਆ ਉਹਦੇ ਮਨ ਦੇ ਅੰਦਰ ਬਹੁਤ ਪਿਆਰ ਹੈ ਤੇ ਛੇਤੀ ਤੋਂ ਛੇਤੀ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਦਰਵਾਜ਼ਾ ਖਟ-ਖਟਾਇਆ ਇਸ ਆਸ ਨਾਲ ਕਿ ਮੈਨੂੰ ਦਰਵਾਜ਼ਾ ਖੋਲ੍ਹ ਦੇਣਗੇ ਤੇ ਮੈਂ ਜਾ ਕੇ ਗੁਰੂ ਮਹਾਰਾਜ ਦੇ ਚਰਨਾਂ ਤੇ ਨਮਸ਼ਕਾਰ ਕਰਾਂਗਾ। ਭਾਈ ਬੁੱਧੂ ਆਪ ਆਇਆ, ਕਹਿਣ ਲੱਗੇ, "ਕਿਉਂ ਦਰਵਾਜ਼ਾ ਖੜਕਾਈ ਜਾਂਦਾ ਹੈਂ?" ਕਹਿੰਦਾ, "ਮੈਂ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨੇ ਨੇ ਹੁਣੇ ਹੀ।" ਕਹਿੰਦਾ, "ਰਹਿ ਨਹੀਂ ਸਕਦਾ?" ਕਹਿੰਦੇ, "ਨਾ ਮੈਂ ਨਹੀਂ ਰਹਿ ਸਕਦਾ। ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ, ਗੁਰਮੁਖਾ ਐਸ ਤਰ੍ਹਾਂ ਮੈਂ ਗੁਰੂ ਦੇ ਦਰਸ਼ਨ ਬਿਨਾਂ ਨਹੀਂ ਰਹਿੰਦਾ, ਛੇਤੀ ਕਰ ਮੈਨੂੰ ਛੇਤੀ ਦਰਸ਼ਨ ਕਰਾ, ਬੜੀ ਦੂਰੋਂ ਮੈਂ ਦੌੜ ਕੇ ਆਇਆ ਹਾਂ ਕਿ ਮਹਾਰਾਜ ਚਲੇ ਨਾ ਜਾਣ, ਸੰਗਤ ਦੇ ਉਠਣ ਤੋਂ ਪਹਿਲਾਂ ਪਹਿਲਾਂ ਮੈਂ ਦਰਸ਼ਨ ਕਰ ਲਵਾਂ ਤੇ ਨਾਲੇ ਮੈਨੂੰ ਭੁੱਖ ਬੜੀ ਲੱਗੀ ਹੋਈ ਹੈ ਤੇ ਪ੍ਰਸ਼ਾਦਾ ਵੀ ਛਕਾਅ।" ਉਹ ਕਹਿਣ ਲੱਗਿਆ, "ਕੁਝ ਕਹਿ, ਕੁਝ ਨਾ ਕਹਿ, ਅਰਦਾਸ ਹੋਣੀ ਹੈ ਉਸ ਤੋਂ ਬਾਅਦ ਮੈਂ ਦਰਵਾਜ਼ਾ ਖੋਲ੍ਹਣੈ, ਉਸ ਤੋਂ ਪਹਿਲਾਂ ਨਹੀਂ ਖੋਲ੍ਹਣਾ।" ਤਕਰਾਰ ਕਰਿਆ, ਥੋੜ੍ਹਾ ਹਉਮੈ 'ਚ ਆ ਗਿਆ। ਜਾਣਿਆ ਨਹੀਂ ਕਿ ਮੇਰੇ ਘਰ ਗੁਰਸਿਖ ਆ ਗਿਆ, ਨਿਮਰਤਾ ਨਾਲ ਮੈਂ ਬਚਨ ਕਰਾਂ। ਨਾਲ ਇਹ ਹੋਇਆ ਕਿ ਗੁਰੂ ਸਾਹਿਬ ਆਪ ਆ ਗਏ, ਹੁਣ ਮੈਨੂੰ ਕਿਸ ਦੀ ਲੋੜ ਹੈ? ਬਹੁਤੇ ਪ੍ਰੇਮੀ ਹੁੰਦੇ ਨੇ, ਸੰਤਾਂ ਦੇ ਨਾਲ ਤਾਂ ਬਹੁਤ ਨੇੜਤਾ ਰੱਖਦੇ ਹਨ ਤੇ ਨਾਲ-ਨਾਲ ਫਿਰੀ ਜਾਣਗੇ। (ਅਸੀਂ ਮਹਾਰਾਜ ਦੇ ਨਾਲ ਦੇਖੇ ਸੀ ਨਾਲ ਹੀ ਨਾਲ ਰਹਿਣਗੇ, ਜਿਧਰ ਨੂੰ ਜਾਂਦੇ ਨੇ ਉਧਰ ਹੀ ਨਾਲ। ਜੇ ਸੰਗਤ ਦਾ ਬੰਦਾ ਚਲਿਆ ਜਾਏ, ਉਸ ਨੂੰ ਪਾਣੀ ਵੀ ਨਹੀਂ ਪੁਛਦੇ, ਗੱਲ ਵੀ ਨਹੀਂ ਉਹਦੇ ਨਾਲ ਕਰਦੇ। ਐਨਾ ਹੀ ਹੁੰਦਾ ਹੈ, ਉਹ ਸੰਗਤ ਨੂੰ ਵੀ ਕੁਝ ਨਹੀਂ ਸਮਝਿਆ ਕਰਦੇ, ਆਪਣੇ ਤਾਲੁਕਾਤ ਨੂੰ ਸਮਝਦੇ ਨੇ।) ਸੰਤਾਂ ਦਾ ਇਹ ਹੁੰਦਾ ਹੈ ਕਿ ਸੰਗਤ 'ਚ, ਨੀਵਿਆਂ 'ਚ ਉਹਨਾਂ ਦਾ ਵਾਸਾ ਹੁੰਦਾ ਹੈ। ਜੇ ਕੋਈ ਦਿਲ ਦੁਖ ਜਾਵੇ ਤਾਂ ਉਹਨਾਂ ਦਾ ਵੀ ਦਿਲ ਦੁਖ ਜਾਂਦਾ ਹੈ।

ਜੇ ਤਉ ਪਿਰੀਆ ਦੀ ਸਿਕ
ਹਿਆਉ ਨ ਠਾਹੇ ਕਹੀ ਦਾ॥ ਪੰਨਾ - 1384

ਜੇ ਰੱਬ ਨੂੰ ਮਿਲਣਾ ਹੈ ਤਾਂ ਕਿਸੇ ਗਰੀਬ ਦਾ ਦਿਲ ਨਾ ਤੋੜ ਦੇਈਂ। ਫੇਰ ਨਹੀਂ ਮਿਲਿਆ ਕਰਦਾ। ਸੋ ਭਾਈ ਲੱਖੂ ਦਾ ਦਿਲ ਟੁੱਟ ਗਿਆ। ਚੁੱਪ ਕਰ ਰਹੇ ਕਿ ਅੱਛਾ ਮਹਾਰਾਜ ਤੇਰਾ ਭਾਣਾ। ਅਰਦਾਸ ਹੋ ਰਹੀ ਹੈ, ਅਰਦਾਸੀਆ ਕਹਿ ਰਿਹੈ ਕਿ ਮਹਾਰਾਜ ਤੇਰੀ ਸੰਗਤ ਨੂੰ ਪ੍ਰਸ਼ਾਦਾ ਛਕਾਇਐ ਤੇ ਇਹਦੇ ਆਵੇ ਪੱਕੇ ਹੋ ਜਾਣ, ਕਾਰੋਬਾਰ ਦੇ ਵਿਚ ਸਫਲਤਾ ਹੋ ਜਾਵੇ। ਭਾਈ ਲੱਖੂ ਨੇ ਆਵੇ ਦੀ ਗੱਲ ਸੁਣਦੀ ਸਾਰ ਉੱਚੀ ਉੱਚੀ ਤਿੰਨ ਵਾਰੀ ਕਹਿ ਦਿਤਾ ਕਿ ਪੱਕੇ ਨਹੀਂ ਹੋਣੇ, ਕੱਚੇ ਰਹਿਣਗੇ - ਕੱਚੇ ਰਹਿਣਗੇ - ਕੱਚੇ ਰਹਿਣਗੇ। ਪੂਰੇ ਜ਼ੋਰ ਨਾਲ ਕਹਿ ਦਿੱਤਾ, ਅਰਦਾਸੀਏ ਤੱਕ ਅਵਾਜ਼ ਪਹੁੰਚ ਗਈ। ਭਾਈ ਬੁੱਧੂ ਦੇ ਮਨ ਵਿਚ ਭਾਰਾ ਸ਼ੰਕਾ ਹੋ ਗਿਆ ਕਿ ਇਹ ਕੱਚੇ ਕਹਿਣ ਵਾਲਾ ਕੌਣ ਹੈ? ਸਾਰੀ ਸੰਗਤ ਕਹਿ ਰਹੀ ਹੈ ਗੁਰੂ ਮਹਾਰਾਜ ਜੀ ਦੀ ਹਜ਼ੂਰੀ 'ਚ ਕਿ ਪੱਕੇ ਹੋ ਜਾਣ ਤੇ ਇਹ ਕਹਿ ਰਿਹਾ ਹੈ ਕਿ ਕੱਚੇ ਰਹਿਣਗੇ। ਸੋ ਉਸ ਵੇਲੇ ਜਦੋਂ ਅਰਦਾਸ ਹੋ ਹਟੀ, ਦਰਵਾਜ਼ਾ ਖੋਲ੍ਹਿਆ, ਭਾਈ ਬੁੱਧੂ ਨੇ ਕਿਹਾ, "ਕੌਣ ਕਹਿੰਦਾ ਸੀ ਕੱਚੇ ਰਹਿਣਗੇ?" ਕਹਿੰਦਾ, "ਮੈਂ ਕਹਿੰਦਾ ਸੀ, ਰਹਿਣਗੇ ਵੀ ਕੱਚੇ।" ਉਹ ਕਹਿੰਦਾ, "ਪ੍ਰੇਮੀਆ! ਸੰਗਤ ਨੇ ਅਰਦਾਸ ਕਰੀ ਹੈ, ਤੇਰੇ ਕਹੇ ਤੇ ਕੱਚੇ ਕਿਵੇਂ ਰਹਿ ਜਾਣਗੇ?" ਉਹ

(ਬਾਕੀ ਪੰਨਾ 64 ਤੇ)

ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

PERENNIAL PSYCHOLOGY OF THE BHAGVAD GITA

ਮੂਲ ਲੇਖਕ - ਡਾ. ਸਵਾਮੀ ਰਾਮ ਜੀ
ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ

ਪੰਦਰਵਾਂ ਅਧਿਆਇ

ਜੀਵਨ ਦਾ ਨਿਰੰਤਰ ਰੁਖ

ਕ੍ਰਿਸ਼ਨ ਜੀ ਬਚਨ ਕਰਦੇ ਹਨ -

1. ਇਹ ਸੰਸਾਰ ਰੂਪੀ ਬ੍ਰਿਛ ਅਸਵਸਥਾ ਦੀ ਜੜ੍ਹ ਉਪਰ ਤੇ ਟਾਹਣੀਆਂ ਹੇਠਾਂ ਨੂੰ ਹਨ। ਇਸ ਦੇ ਪੱਤੇ ਵੇਦ ਦੇ ਛੰਦ ਹਨ। ਜੋ ਅਜਿਹੇ ਸੰਸਾਰ ਦੇ ਤੱਤ ਨੂੰ ਜਾਣਦਾ ਹੈ, ਉਹ ਵੇਦ ਦੇ ਤੱਤ ਨੂੰ ਜਾਨਣ ਵਾਲਾ ਹੁੰਦਾ ਹੈ।

2. ਇਸ ਦੀਆਂ ਟਾਹਣੀਆਂ ਗੁਣਾਂ ਨਾਲ ਪਲੀਆਂ ਹੋਈਆਂ ਉਪਰ ਹੇਠਾਂ ਸਾਰੇ ਫੈਲੀਆਂ ਹੋਈਆਂ ਹਨ, ਇੰਦ੍ਰੀਆਂ ਦੇ ਵਿਸ਼ੇ ਇਸ ਦੀਆਂ ਕਰੂੰਬਲਾਂ ਹਨ। ਮਨੁੱਖ ਲੋਕ ਵਿਚ ਕਰਮਾਂ ਦੇ ਬੰਧਨਾਂ ਕਰਕੇ ਇਸ ਦੀਆਂ ਜੜ੍ਹਾਂ ਹੇਠਲੇ ਪਾਸੇ ਲਮਕੀਆਂ ਹੁੰਦੀਆਂ ਹਨ।

ਗੀਤਾ ਵੇਦਾਂ ਤੇ ਉਪਨਿਸ਼ਦਾਂ ਦਾ ਸਾਰ ਹੈ। ਵਿਸ਼ਵ ਦੇ ਜਿਹੜੇ ਬ੍ਰਿਛ ਦਾ ਵਰਨਣ ਇਨ੍ਹਾਂ ਸ਼ਲੋਕਾਂ ਵਿਚ ਕੀਤਾ ਗਿਆ ਹੈ, ਉਹ ਕਠੋ ਉਪਨਿਸ਼ਦ ਵਿਚ ਦਿਤਾ ਗਿਆ ਹੈ, ਮੰਡੂਕ ਉਪਨਿਸ਼ਦ ਵਿਚ ਦਿਤਾ ਗਿਆ ਹੈ, ਅਥਰਵ ਵੇਦ ਅਤੇ ਰਿਗ ਵੇਦ ਵਿਚ ਦਿਤਾ ਗਿਆ ਹੈ। ਦ੍ਰਿਸ਼ਟਮਾਨ ਸੰਸਾਰ ਦੀ ਇਕ ਬ੍ਰਿਛ ਨਾਲ ਤੁਲਨਾ ਕੀਤੀ ਗਈ ਹੈ ਜਿਸ ਦੀਆਂ ਜੜ੍ਹਾਂ ਸਵਰਗ ਵਿਚ ਹਨ ਤੇ ਜਿਸਦੀਆਂ ਟਹਿਣੀਆਂ ਉਪਰ ਹੇਠਾਂ ਫੈਲੀਆਂ ਹੋਈਆਂ ਹਨ। ਜਿਹੜਾ ਇਹ ਜਾਣਦਾ ਹੈ ਕਿ ਵੇਦਾਂ ਦੇ ਗਿਆਨ ਵਿਚ ਬ੍ਰਿਛ ਨੂੰ ਵਿਦਵਾਨ ਮੰਨਿਆ ਗਿਆ ਹੈ ਕਿਉਂਕਿ ਬ੍ਰਿਛ ਵਿਚ ਵੇਦਾਂ ਦੇ ਸਾਰੇ ਸਲੋਕ ਪੱਤੀਆਂ ਵਿਚ ਵਿਦਮਾਨ ਹਨ, ਇਸ ਦੀ ਛਾਂ ਥੱਕੇ ਗਿਆਨੀਆਂ ਨੂੰ ਅਰਾਮ ਪਹੁੰਚਾਉਂਦੀ ਹੈ, ਇਸ ਵਿਸ਼ਵ ਰੂਪੀ ਬ੍ਰਿਛ ਉਪਰ ਤ੍ਰੈ ਗੁਣਾਂ ਦੀਆਂ ਮਨਮੋਹਕ ਗਿਆਨ ਇੰਦ੍ਰਿਆਂ ਦੀ ਬਹਾਰ ਲਗਦੀ ਹੈ। ਸੁਣਨਾ, ਰੰਗ ਦੇਖਣੇ, ਹੱਥ ਲਗਾ ਕੇ ਮਹਿਸੂਸ ਕਰਨਾ, ਆਕਾਰ, ਸੁਆਦ, ਸੁੰਘਣਾ ਇਹ ਵਖਰੀਆਂ ਜੜ੍ਹਾਂ ਹਨ ਜਿਹੜੀਆਂ ਸਾਰੇ ਫੈਲੀਆਂ ਹੋਈਆਂ ਹਨ।

ਅਸਵਸਥਾ ਬ੍ਰਿਛ ਕਦੇ ਨਾ ਨਾਸ਼ ਹੋਣ ਵਾਲਾ ਦੱਸਿਆ ਗਿਆ ਹੈ। ਭਾਵੇਂ ਇਹ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸੰਸਾਰ ਵਿਨਾਸ਼ਮਈ ਹੈ, ਸੰਸਾਰ ਇਕ ਅਵਿਨਾਸ਼ੀ ਦਾ ਪਸਾਰਾ ਹੈ ਜੋ ਸਚਾਈ ਅਟੱਲ ਹੈ, ਅਜਰ ਹੈ, ਅਮਰ ਹੈ ਤੇ ਆਪਣੀ ਸ਼ਾਨ ਦਾ ਪਸਾਰਾ ਕਰ ਰਹੀ ਹੈ। ਇਹ ਸਦਾ ਹੀ ਸਥਿਰ ਹੈ ਪਰ ਇਹ ਸੰਸਾਰ ਚਲਾਏਮਾਨ ਹੈ। ਇਸ ਸੰਸਾਰ ਵਿਚ ਸਭ ਕੁਝ ਬਦਲਦਾ ਰਹਿੰਦਾ ਹੈ ਕਿਉਂਕਿ ਇਹ ਸਭ ਕੁਝ ਤ੍ਰੈ ਗੁਣੀ ਮਾਇਆ ਦੀ ਖੇਡ ਹੈ। ਅੰਤ ਵਿਚ ਸਾਰਾ ਬ੍ਰਹਿਮੰਡ ਹੀ ਅਪਰਤੱਖ ਵਿਚ ਸਮਾਅ ਜਾਂਦਾ ਹੈ ਪਰ ਬ੍ਰਹਿਮੰਡ ਦੇ ਅਪਰਤੱਖ ਵਿਚ ਮਿਲ ਜਾਣ ਤੋਂ ਬਾਅਦ ਇਹ ਮੁੜ ਕੇ ਪ੍ਰਗਟ ਹੋ ਜਾਂਦਾ ਹੈ, ਬਿਲਕੁਲ ਉਸੇ ਤਰ੍ਹਾਂ ਹੀ ਜਿਵੇਂ ਕਿ ਪਹਿਲੇ ਸੀ। ਇਸ ਤਰ੍ਹਾਂ ਇਹ ਅਬਿਨਾਸ਼ੀ ਹੈ ਕਿਉਂਕਿ ਇਸ ਦਾ ਧੇਅ ਅਟੱਲ, ਅਜਰ ਤੇ ਅਮਰ ਹੈ।

ਵਾਸਤਵ ਵਿਚ ਦੇਖਿਆ ਜਾਵੇ ਤਾਂ ਕਿਸੇ ਵੀ ਚੀਜ਼ ਦੇ ਜ਼ਰੂਰੀ ਗੁਣ ਇਸ ਸੰਸਾਰ ਵਿਚ ਬਦਲਦੇ ਨਹੀਂ। ਹਰੇਕ ਵਸਤੂ ਦੀ ਹੋਂਦ ਇਸ ਸੰਸਾਰ ਵਿਚ ਪਰੀਵਰਤਨ ਰਹਿਤ ਹੈ, ਕਦੇ ਖਤਮ ਨਹੀਂ ਹੁੰਦੀ, ਕੇਵਲ ਆਕਾਰ ਤੇ ਨਾਮ ਜਿਹੜੇ ਅਪਨਾਏ ਜਾਂਦੇ ਹਨ ਉਹ ਹੀ ਬਦਲਦੇ ਹਨ, ਤੇ ਖਤਮ ਹੁੰਦੇ ਹਨ। ਜਿਵੇਂ ਕਿ ਅੱਜ ਦੇ ਗ੍ਰਹਿ ਸ਼ਾਸਤਰੀ ਦਸਦੇ ਹਨ ਕਿ ਆਉਣ ਵਾਲੇ ਸਮੇਂ ਵਿਚ ਸੂਰਜ ਖਤਮ ਹੋ ਜਾਵੇਗਾ, ਇਸ ਦੀ ਰੋਸ਼ਨੀ ਤੇ ਊਰਜਾ ਖਤਮ ਹੋ ਜਾਵੇਗੀ ਪਰ ਇਹ ਤਾਂ ਇਕ ਬੜਾ ਹੀ ਸੀਮਤ ਵਿਚਾਰ ਹੈ। ਸੂਰਜ ਦਾ ਪ੍ਰਕਾਸ਼ ਤਾਂ ਫੇਰ ਵੀ ਰਹੇਗਾ। ਜਦੋਂ ਤਕ ਬ੍ਰਹਿਮੰਡ ਹੈ, ਸੂਰਜ ਦਾ ਪ੍ਰਕਾਸ਼ ਹੈ; ਉਸ ਦੀ ਊਰਜਾ ਬਦਲ ਸਕਦੀ ਹੈ ਪਰ ਖਤਮ ਕਦੀ ਨਹੀਂ ਹੋ ਸਕਦੀ। ਜਦੋਂ ਬ੍ਰਹਿਮੰਡ ਵੀ ਖਤਮ ਹੁੰਦਾ ਲਗੇਗਾ ਤਾਂ ਵੀ ਸੂਰਜ ਦਾ ਪ੍ਰਕਾਸ਼ ਰਹੇਗਾ। ਇਕ ਸਰਬ ਹੋਂਦ ਅਸਹਿਤਮਾਨ ਸਚਾਈ ਹੈ ਇਕ ਜੀਵਨ ਧਾਰਾ ਹੈ, ਜੀਵਨ ਧੇਅ ਹੈ ਤੇ ਸਦਾ ਹੀ ਅਜਰ, ਅਮਰ, ਅਟੱਲ ਹੈ। ਆਤਮਾ ਤੋਂ ਬਿਨਾਂ ਸਰੀਰ ਹੋ ਹੀ ਨਹੀਂ ਸਕਦਾ, ਸਰੀਰ ਹੈ ਹੀ ਆਤਮਾ ਦੀ ਹੋਂਦ ਨਾਲ। ਜੀਵਨ ਦੇ ਬ੍ਰਿਛ ਦੀਆਂ ਜੜ੍ਹਾਂ ਪ੍ਰਕ੍ਰਿਤੀ ਦੀ ਮਿੱਟੀ ਵਿਚ ਤੇ ਆਤਮਾ ਦੀ ਸ਼ਕਤੀ ਵਿਚ ਡੂੰਘੀਆਂ ਦਬੀਆਂ ਪਈਆਂ ਹਨ। ਆਤਮਾ ਅਜਰ ਹੈ, ਅਮਰ ਹੈ, ਅਟੱਲ ਹੈ ਇਸੇ ਕਰਕੇ ਜੀਵਨ ਬ੍ਰਿਛ ਨੂੰ ਵੀ ਅਮਰ ਹੀ ਸਮਝਿਆ ਜਾਂਦਾ ਹੈ।

3. ਇਸ ਦਾ ਰੂਪ ਅੰਤ, ਆਦਿ ਅਤੇ ਜੜ੍ਹ ਸਥਾਨ ਇਥੇ ਨਹੀਂ ਜਾਣਿਆ ਜਾਂਦਾ, ਕੇਵਲ ਬੈਰਾਗ ਦੇ ਪੱਕੇ ਹਥਿਆਰ ਨਾਲ ਇਹ ਪੱਕੀ ਜੜ੍ਹ ਵਾਲਾ ਸੰਸਾਰ ਰੂਪੀ ਰੁਖ ਅਸਵਸਥ ਕੱਟਿਆ ਜਾਂਦਾ ਹੈ।

4. ਫੇਰ ਜਿਸ ਆਦਿ ਪੁਰਸ਼ ਦੇ ਵਿਚੋਂ ਇਹ ਪ੍ਰਵ੍ਰਿਤੀ ਹੋਈ ਹੈ, ਮੈਂ ਉਸ ਦੀ ਸ਼ਰਨ ਆਇਆ ਹਾਂ, ਐਸਾ ਕਹਿ ਕੇ ਉਸ ਪਦ ਨੂੰ ਖੋਜੇ ਕਿ ਜਿਸਨੂੰ ਪ੍ਰਾਪਤ ਹੋ ਕੇ ਨਹੀਂ ਮੁੜਨਾ।

ਅਵਸਥਾ ਬ੍ਰਿਛ ਨੂੰ ਸਮਝਣਾ ਕਿਸੇ ਆਮ ਮਨੁੱਖ ਦੇ ਵਸ ਦੀ ਗੱਲ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਮਨ ਤਾਂ ਰੋਜ਼ ਦੇ ਰਾਗ ਰੰਗਾਂ ਵਿਚ ਹੀ ਉਲਝੇ ਰਹਿੰਦੇ ਹਨ। ਉਹ ਜਾਣਦੇ ਹੀ ਨਹੀਂ ਕਿ ਇੰਦ੍ਰੀਆਂ ਦੇ ਪਿਛੇ ਲਗ ਕੇ ਬਿਤਾਇਆ ਜੀਵਨ ਉਨ੍ਹਾਂ ਨੂੰ ਕਿਥੇ ਲੈ ਜਾਵੇਗਾ। ਉਹ ਸੋਚਦੇ ਹਨ ਕਿ ਇਹ ਚਲਾਏਮਾਨ ਸੰਸਾਰ ਹੀ ਸਭ ਕੁਝ ਹੈ। ਇਸਨੂੰ ਰੱਜ ਕੇ ਮਾਣੋ, ਰੰਗ ਰਲੀਆਂ

ਮਨਾਓ। ਜਿਨ੍ਹਾਂ ਨੇ ਇਸ ਦਿਸਦੇ ਸੰਸਾਰ ਨੂੰ ਜਾਣ ਲਿਆ ਹੈ ਉਹ ਚੌਰਾਸੀ ਦੇ ਗੇੜ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਜਦੋਂ ਉਹ ਆਪਣੇ ਬੰਧਨਾਂ ਨੂੰ ਸਮਝ ਜਾਂਦੇ ਹਨ ਫੇਰ ਉਹ ਇਹ ਵੀ ਜਾਣ ਜਾਂਦੇ ਹਨ ਕਿ ਮੋਹ ਨੂੰ ਕਿਸ ਤਰ੍ਹਾਂ ਕੱਟਿਆ ਜਾਂਦਾ ਹੈ, ਕਿਸ ਤਰ੍ਹਾਂ ਪੱਕੀ ਤੇ ਨਿਰਮੋਹੀ ਹੋ ਕੇ ਮੋਹ ਤੋਂ ਮੁਕਤ ਹੋ ਸਕੀਦਾ ਹੈ। ਸੰਸਾਰਕ ਹੋਂਦ ਦੇ ਬ੍ਰਿਛ ਦੀਆਂ ਜੜ੍ਹਾਂ ਮਨ ਤੇ ਦਿਮਾਗ ਵਿਚ ਡੂੰਘੀਆਂ ਧਸੀਆਂ ਹੋਈਆਂ ਹਨ, ਮੋਹ ਤੋਂ ਮੁਕਤ ਹੋਣਾ ਹੀ ਇਸ ਦੀਆਂ ਜੜ੍ਹਾਂ ਕੱਟ ਸਕਦਾ ਹੈ। ਜਦੋਂ ਮੋਹ ਤੋਂ ਪਾਸੇ ਹੋਣ, ਉਸ ਤੋਂ ਉਚੇ ਉਠਣ ਦਾ ਅਭਿਆਸ ਕੀਤਾ ਜਾਂਦਾ ਹੈ, ਜਗਿਆਸੂ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ, ਉਹ ਬੰਧਨ ਜਿਹੜੇ ਸੰਸਾਰ ਦੇ ਮੋਹ ਮਾਇਆ ਦਾ ਪਸਾਰਾ ਹਨ। ਸੰਸਾਰਕ ਹੋਂਦ ਦਾ ਬ੍ਰਿਛ ਉਸ ਜਗਿਆਸੂ ਲਈ ਕੋਈ ਬੰਧਨ ਨਹੀਂ ਬਣਦਾ ਜਿਹੜਾ ਮੋਹ ਤੋਂ ਛੁਟਕਾਰਾ ਪਾ ਚੁਕਾ ਹੈ।

ਮੰਡੂਕ ਉਪਨਿਸ਼ਦ ਵਿਚ ਦੱਸਿਆ ਗਿਆ ਹੈ ਕਿ ਜੀਵਨ ਬ੍ਰਿਛ ਦੀ ਇਕੋ ਟਾਹਣੀ ਤੇ ਦੋ ਪੰਛੀ ਬੈਠੇ ਹਨ। ਇਕ ਉਸ ਦੇ ਫਲ ਮਾਣਦਾ ਹੈ ਤੇ ਦੂਸਰਾ ਦੇਖਦਾ ਹੈ। ਜਿਹੜਾ ਫਲ ਮਾਣਦਾ ਹੈ, ਉਹ ਦੁਖ ਵੀ ਪਾਉਂਦਾ ਹੈ। ਜਿਹੜਾ ਕੇਵਲ ਦੇਖਦਾ ਹੈ ਉਹ ਸੁਤੰਤਰ ਰਹਿੰਦਾ ਹੈ। ਜਦੋਂ ਮਨੁੱਖ ਆਪਣੇ ਅਚੇਤ ਵਿਚ ਪਏ ਭੰਡਾਰ ਨਾਲ ਮੋਹ ਰਖਦਾ ਹੈ ਜਿਸ ਵਿਚ ਬਹੁਤ ਕੁਝ ਚੰਗਾ ਮੰਦਾ ਪਿਆ ਹੈ, ਚੰਗੇ ਮੰਦੇ ਸੰਸਕਾਰ ਵੀ ਪਏ ਹਨ, ਤਾਂ ਉਹ ਦੁਖ ਪਾਉਂਦਾ ਹੈ। ਜਦੋਂ ਹੀ ਉਹ ਲਗਾਉ ਛੱਡ ਦਿੰਦਾ ਹੈ, ਉਸ ਦੀ ਪ੍ਰਵਾਹ ਨਹੀਂ ਕਰਦਾ, ਉਹ ਉਸ ਤੋਂ ਮੁਕਤ ਹੋ ਜਾਂਦਾ ਹੈ। ਜਗਿਆਸੂ ਇਹ ਸਥਿਰਤਾ ਮੋਹ ਤੋਂ ਮੁਕਤ ਹੋ ਕੇ ਸਦਾ ਲਈ ਪ੍ਰਾਪਤ ਕਰ ਸਕਦਾ ਹੈ।

5. ਜਿਨ੍ਹਾਂ ਨੂੰ ਮੋਹ ਮਾਣ ਨਹੀਂ ਹੈ, ਜਿਨ੍ਹਾਂ ਨੇ ਸੰਗ ਰੂਪੀ ਦੋਖ ਨੂੰ ਤਿਆਗ ਦਿਤਾ ਹੈ, ਜੋ ਸਦਾ ਆਤਮਾ ਵਿਚ ਲੀਨ ਰਹਿੰਦੇ ਹਨ, ਜਿਨ੍ਹਾਂ ਦੀਆਂ ਕਾਮਨਾਵਾਂ ਖਤਮ ਹੋ ਗਈਆਂ ਹਨ ਜੋ ਦੁਖ, ਸੁਖ ਆਦਿ ਦਵੰਦ ਵਿਚੋਂ ਟੁੱਟ ਗਏ ਹਨ, ਉਹ ਹੀ ਇਸ ਅਬਿਨਾਸ਼ੀ ਪਦ ਨੂੰ ਪ੍ਰਾਪਤ ਹੁੰਦੇ ਹਨ।

6. ਨਾ ਉਥੇ ਸੂਰਜ ਚਮਕਦਾ ਹੈ, ਨਾ ਉਥੇ ਚੰਦਰਮਾ ਹੈ, ਨਾ ਹੀ ਉਥੇ ਅਗਨੀ ਹੈ, ਉਸ ਪਦ ਨੂੰ ਪ੍ਰਾਪਤ ਕਰਕੇ ਫੇਰ ਕੋਈ ਮੋੜਾ ਨਹੀਂ ਹੈ, ਉਹ ਹੀ ਮੇਰਾ ਧਰਮ ਧਾਮ ਹੈ।

ਜਦੋਂ ਜਗਿਆਸੂ ਹਉਮੈ, ਮਾਇਆ, ਮੋਹ, ਅਹੰਕਾਰ ਤੋਂ ਮੁਕਤ ਹੋ ਜਾਂਦਾ ਹੈ, ਉਹ ਆਪਣੇ ਆਪ ਵਿਚ ਸਥਿਰ ਹੋ ਜਾਂਦਾ ਹੈ, ਸਾਰੀਆਂ ਇਛਾਵਾਂ ਤੋਂ ਮੁਕਤ ਹੋ ਜਾਂਦਾ ਹੈ, ਉਸਨੂੰ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ, ਉਸ ਨੂੰ ਗਿਆਨ ਦਾ ਅਨੁਭਵ ਹੋ ਜਾਂਦਾ ਹੈ ਜੋ ਸਦੀਵ ਹੈ। ਉਹ ਗਿਆਨ ਗੂੜ੍ਹ ਗਿਆਨ ਹੈ, ਡੂੰਘਾ ਗਿਆਨ ਹੈ, ਸੂਰਜ ਚੰਦਰਮਾ ਤੇ ਅਗਨੀ ਦੇ ਪ੍ਰਕਾਸ਼ ਦੀ ਸੀਮਾ ਹੈ ਪਰ ਗਿਆਨ ਦੇ ਸੂਰਜ ਦੀ, ਗਿਆਨ ਦੇ ਪ੍ਰਕਾਸ਼ ਦੀ ਕੋਈ ਸੀਮਾ ਨਹੀਂ ਹੈ। ਗਿਆਨ ਦਾ ਪ੍ਰਕਾਸ਼ ਸਭ ਤੋਂ ਉਤਮ ਪ੍ਰਕਾਸ਼ ਹੈ। ਕੋਈ ਹੋਰ ਪ੍ਰਕਾਸ਼ ਅਗਿਆਨ ਦੇ ਹਨ੍ਹੇਰੇ ਨੂੰ ਦੂਰ ਨਹੀਂ ਕਰ ਸਕਦਾ, ਕੇਵਲ ਗਿਆਨ ਦਾ ਪ੍ਰਕਾਸ਼ ਹੀ ਅਗਿਆਨ ਨੂੰ ਦੂਰ ਕਰ ਸਕਦਾ ਹੈ। ਹਰੇਕ ਗਿਆਨ ਦਾ ਸ੍ਰੋਤ ਆਤਮਾ ਵਿਚ ਹੈ ਨਾ ਕਿ ਸੂਰਜ, ਚੰਦ ਤੇ ਅਗਨੀ ਵਿਚ। ਸੂਰਜ ਚੰਦ ਤੇ ਅਗਨੀ ਤਾਂ ਕੇਵਲ ਇਕ ਭੋਰਾ ਜਿੰਨਾ ਪ੍ਰਕਾਸ਼ ਹੈ, ਉਹ ਜਗਿਆਸੂ ਜਿਹੜਾ ਅਗਿਆਨ ਦੇ ਹਨ੍ਹੇਰੇ ਵਿਚੋਂ ਨਿਕਲ ਚੁੱਕਾ ਹੈ, ਜਿਸ ਦਾ ਅਗਿਆਨ ਹਨ੍ਹੇਰਾ ਬਿਨਸ ਚੁੱਕਾ ਹੈ, ਜਿਸਨੂੰ ਗਿਆਨ ਦੀ ਪ੍ਰਾਪਤੀ ਹੋ ਚੁੱਕੀ ਹੈ, ਉਸਨੂੰ ਬ੍ਰਹਮ ਦੀ ਪ੍ਰਾਪਤੀ ਵੀ ਹੋ ਚੁੱਕੀ ਹੈ। ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਅਜਰ, ਅਮਰ, ਅਟੱਲ ਬ੍ਰਹਮ ਹੀ ਜਗਿਆਸੂ ਦਾ ਨਿਵਾਸ ਹੈ।

7. ਇਸ ਸੰਸਾਰ ਵਿਚ ਮੇਰਾ ਹੀ ਅੰਸ ਜੀਵ ਆਤਮਾ ਹੈ, ਜੀਵ ਬਣ ਕੇ ਪ੍ਰਕ੍ਰਿਤੀ ਵਿਚ ਸਥਿਤ ਹੋ ਕੇ ਪੰਜੇ ਇੰਦਰੀਆਂ ਤੇ ਛੇਵੇਂ ਮਨ ਨੂੰ ਆਪਣੇ ਵਲ ਖਿਚਦਾ ਹੈ।

8. ਜਦੋਂ ਜੀਵ ਆਤਮਾ ਸਰੀਰ ਦਾ ਰੂਪ ਧਾਰਨ ਕਰਦੀ ਹੈ ਤੇ ਜਦੋਂ ਉਸ ਦਾ ਸੁਆਮੀ ਦੇਹ ਤਿਆਗਦਾ ਹੈ ਉਦੋਂ ਇਨ੍ਹਾਂ ਇੰਦਰੀਆਂ ਨੂੰ ਨਾਲ ਇਸ ਤਰ੍ਹਾਂ ਹੀ ਲੈ ਜਾਂਦਾ ਹੈ ਜਿਸ ਤਰ੍ਹਾਂ ਹਵਾ ਸੁਗੰਧੀ ਨੂੰ ਨਾਲ ਲੈ ਜਾਂਦੀ ਹੈ।

9. ਇਹ ਜੀਵ ਕੰਨ, ਅੱਖਾਂ, ਸਪਰਸ਼, ਜੀਭ, ਨੱਕ ਅਤੇ ਮਨ ਇਨ੍ਹਾਂ ਸਭਨਾਂ ਦੁਆਰਾ ਹੀ ਵਿਸ਼ਿਆਂ ਨੂੰ ਭੋਗਦਾ ਹੈ।

10. ਅਗਿਆਨੀ ਇਹ ਸਭ ਨਹੀਂ ਦੇਖ ਸਕਦੇ ਕਿ ਕਿਸ ਤਰ੍ਹਾਂ ਉਹ ਗੁਣਾਂ ਨਾਲ ਯੁਕਤ ਹੋ ਕੇ ਉਨ੍ਹਾਂ ਵਿਚ ਹੀ ਬਹਿ ਜਾਂਦਾ ਹੈ, ਗਿਆਨੀ ਇਹ ਸਭ ਕੁਝ ਦੇਖ ਸਕਦਾ ਹੈ।

11. ਯੋਗੀ ਜੋ ਅਜੇ ਯਤਨ ਕਰ ਰਹੇ ਹਨ ਉਹ ਆਤਮਾ ਵਿਚ ਸਥਿਤ ਹੋ ਕੇ ਵੀ ਇਸਨੂੰ ਦੇਖਦੇ ਹਨ ਪਰ ਅਗਿਆਨੀ ਵਿਵੇਕ ਤੋਂ ਰਹਿਤ ਅਤੇ ਅਸ਼ੁਧ ਅੰਤਸ਼ਕਰਣ ਵਾਲੇ ਯਤਨ ਕਰਦੇ ਹੋਏ ਵੀ ਇਸਨੂੰ ਨਹੀਂ ਦੇਖ ਸਕਦੇ।

ਮਨੁੱਖ ਦੀ ਆਤਮਾ, ਪ੍ਰਮਾਤਮਾ ਦਾ ਇਕ ਹਿੱਸਾ ਹੈ। ਪ੍ਰਮਾਤਮਾ ਦਾ ਨਿਵਾਸ ਹੀ ਵੱਖ ਵੱਖ ਸਰੀਰਾਂ ਵਿਚ ਹੈ। ਜਿਵੇਂ ਹਵਾ ਫੁੱਲਾਂ ਦੀ ਸੁਗੰਧ ਲੈ ਕੇ ਕਿਤੇ ਦੀ ਕਿਤੇ ਪਹੁੰਚਾ ਦਿੰਦੀ ਹੈ, ਇਸੇ ਤਰ੍ਹਾਂ ਜਦੋਂ ਮਨੁੱਖ ਸਰੀਰ ਛਡਦਾ ਹੈ ਉਹ ਆਪਣੇ ਸੰਸਕਾਰ ਵੀ ਨਾਲ ਹੀ ਲੈ ਜਾਂਦਾ ਹੈ। ਉਹ ਸੰਸਕਾਰ ਹੀ ਉਸਨੂੰ ਅਗਲਾ ਜਾਮਾ ਲੈਣ ਲਈ ਪ੍ਰੇਰਤ ਕਰਦੇ ਹਨ ਤੇ ਉਹ ਚੌਰਾਸੀ ਦੇ ਗੇੜ ਵਿਚ ਬੰਨ੍ਹਿਆ ਜਾਂਦਾ ਹੈ। ਮਨੁੱਖ ਤਾਂ ਮੌਜ ਮਾਣਦਾ ਹੈ, ਸਰੀਰ ਤਾਂ ਕਪੜੇ ਦੀ ਭਾਂਤੀ ਹੈ, ਕਪੜੇ ਜਦੋਂ ਪੁਰਾਣੇ ਹੋ ਜਾਂਦੇ ਹਨ ਉਨ੍ਹਾਂ ਨੂੰ ਬਦਲਣ ਦੀ ਲੋੜ ਪੈਂਦੀ ਹੈ। ਅਗਿਆਨੀ ਇਸ ਗੱਲ ਨੂੰ ਨਹੀਂ ਜਾਣਦੇ। ਜਗਿਆਸੂ ਜਿਹੜੇ ਅਨੁਸ਼ਾਸ਼ਨ ਦੇ ਮਾਰਗ ਤੇ ਚਲਦੇ ਹਨ ਪੂਰੀ ਤਨ ਦੇਹੀ ਨਾਲ ਆਪਣੇ ਉਤੇ ਕਾਬੂ ਰਖਦੇ ਹਨ ਤੇ ਮਨ ਨੂੰ ਇਕਾਗਰ ਕਰਦੇ ਹਨ। ਜਿਹੜੇ ਆਪਣੀਆਂ ਇਛਾਵਾਂ ਤੇ ਕਾਬੂ ਪਾ ਚੁੱਕੇ ਹਨ, ਉਹ ਛੇਤੀ ਹੀ ਸਤਿ ਪ੍ਰਾਪਤ ਕਰ ਲੈਂਦੇ ਹਨ।

ਜੀਵ ਪ੍ਰਮਾਤਮਾ ਦਾ ਛੋਟਾ ਜਿਹਾ ਭਾਗ ਹੈ। ਸੁਰਾਹੀ ਦੇ ਅੰਦਰ ਦੀ ਖਾਲੀ ਥਾਂ, ਕਮਰੇ ਦੇ ਅੰਦਰ ਖਾਲੀ ਥਾਂ, ਬਾਹਰ ਦੀ ਸਾਰੀ ਜਗ੍ਹਾ ਸਭ ਇਕ ਹੀ ਹੈ। ਅਸੀਂ ਆਪਣੀ ਕਲਪਨਾ ਨਾਲ ਜਿਥੇ ਚਾਹੀਏ, ਹੱਦਾਂ ਲਗਾ ਸਕਦੇ ਹਾਂ ਪਰ ਜਗ੍ਹਾ ਤਾਂ ਇਕ ਮਨੁੱਖ ਦੀ ਹੋਂਦ ਹੀ ਹੈ। ਕਦੇ ਕੋਈ ਸ਼ਕਤੀ ਨਹੀਂ ਸੀ,

ਨਾ ਹੀ ਕਦੇ ਹੋਵੇਗੀ ਜਿਹੜੀ ਮਨੁੱਖ ਨੂੰ, ਪੁਲਾੜ ਨੂੰ ਵੰਡ ਸਕੇ। ਇਸੇ ਤਰ੍ਹਾਂ ਕੋਈ ਇਹੋ ਜਿਹੀ ਸ਼ਕਤੀ ਨਹੀਂ ਜਿਹੜੀ ਆਤਮਾ ਦੇ ਟੁਕੜੇ ਕਰ ਸਕੇ ਤੇ ਵੰਡ ਸਕੇ ਤੇ ਕਿਸੇ ਇਕ ਟੁਕੜੇ ਦਾ ਮਨੁੱਖ ਬਣਾ ਸਕੇ। ਜਦੋਂ ਅਸੀਂ ਕਿਸੇ ਮਨੁੱਖ ਨੂੰ ਦੇਖਦੇ ਹਾਂ, ਉਸ ਦੇ ਆਕਾਰ ਨੂੰ ਦੇਖਦੇ ਹਾਂ, ਉਸ ਦੇ ਨਾਪ ਨੂੰ ਦੇਖਦੇ ਹਾਂ, ਉਹ ਪੂਰਨ ਤੋਂ, ਆਪਣੇ ਵਜੂਦ ਤੋਂ, ਇਕ ਹਿੱਸਾ ਪੂਰੀ ਚੀਜ਼ ਦਾ ਹੀ ਹਿੱਸਾ ਲਗਦਾ ਹੈ, ਅਸੀਂ ਉਸ ਨੂੰ ਇਕ ਜੀਵ ਕਹਿੰਦੇ ਹਾਂ। ਇਹ ਇਕ ਵਖਰੀ ਹੋਂਦ ਉਸ ਦੀ ਹਉਮੈ ਕਰਕੇ ਹੈ, ਹਉਮੈ ਦੇ ਪਾਏ ਹੋਏ ਪੜਦੇ ਕਰਕੇ ਹੈ, ਉਹ ਮੰਨਣ ਨੂੰ ਤਿਆਰ ਹੀ ਨਹੀਂ ਕਿ ਉਹ ਪ੍ਰਮਾਤਮਾ ਦਾ ਹੀ ਭਾਗ ਹੈ, ਉਸ ਨਾਲ ਇਹ ਪ੍ਰਤੀਤ ਹੋਣ ਲਗ ਪੈਂਦਾ ਹੈ ਕਿ ਜੀਵ ਆਤਮਾ, ਪ੍ਰਮਾਤਮਾ ਦਾ ਇਕ ਛੋਟਾ ਜਿਹਾ ਹਿੱਸਾ ਹੈ। ਵਾਸਤਵ ਵਿਚ ਇਸ ਤਰ੍ਹਾਂ ਨਹੀਂ। ਜਦੋਂ ਯੋਗੀ ਸਾਰੀਆਂ ਹੱਦਾਂ ਪਾਰ ਕਰ ਲੈਂਦਾ ਹੈ ਇਸ ਦਿਸਦੇ ਸਰੀਰ ਤੋਂ ਸੂਖਮ, ਸੂਖਮ ਤੋਂ ਅਤਿ ਸੂਖਮ ਵਿਚ ਚਲਾ ਜਾਂਦਾ ਹੈ। ਉਹ ਇਸ ਸਚਾਈ ਨੂੰ ਜਾਣ ਲੈਂਦਾ ਹੈ ਕਿ ਕੇਵਲ ਇਕ ਹੀ ਸਚਾਈ ਹੈ ਇਕ ਹੀ ਸਤਿ ਹੈ, ਉਹ ਹੈ ਸਭ ਵਿਚ ਵਸ ਰਹੀ ਆਤਮਾ।

12. ਸੂਰਜ ਵਿਚ ਜੋ ਤੇਜ ਸਾਰੇ ਜਗਤ ਨੂੰ ਪ੍ਰਕਾਸ਼ਤ ਕਰਦਾ ਹੈ ਅਤੇ ਜੋ ਚੰਦਰਮਾ ਤੇ ਅਗਨੀ ਵਿਚ ਹੈ ਉਹ ਸਭ ਮੇਰਾ ਹੀ ਤੇਜ ਹੈ।

13. ਮੈਂ ਹੀ ਪ੍ਰਿਥਵੀ ਵਿਚ ਪ੍ਰਵੇਸ਼ ਕਰਕੇ ਆਪਣੇ ਪ੍ਰਭਾਵ ਨਾਲ ਸਭ ਜੀਵਾਂ ਨੂੰ ਧਾਰਨ ਕਰਦਾ ਹਾਂ ਅਤੇ ਸੋਮ ਰੂਪੀ ਰਸ ਹੋ ਕੇ ਸਭ ਔਸ਼ਧੀਆਂ ਨੂੰ ਸਫਲ ਕਰਦਾ ਹਾਂ।

14. ਮੈਂ ਹੀ ਵੈਸ਼੍ਵਾਨਲ ਹੋ ਕੇ ਜੀਵਾਂ ਦੀ ਦੇਹ ਵਿਚ ਪ੍ਰਵੇਸ਼ ਕਰਦਾ ਹੋਇਆ ਪ੍ਰਾਣ ਅਪਾਨ ਵਾਯੂ ਨਾਲ ਮਿਲ ਕੇ ਚਾਰੋਂ ਪ੍ਰਕਾਰ ਦੇ ਅੰਨ ਨੂੰ ਪੁਚਾਉਂਦਾ ਹਾਂ।

15. ਮੈਂ ਸਭ ਦੇ ਹਿਰਦੇ ਵਿਚ (ਅੰਤਰਜਾਮੀ ਹੋ ਕੇ) ਸਥਿਤ ਹਾਂ, ਮੈਂ ਤੋਂ ਹੀ ਸਿਮ੍ਰਿਤੀ ਗਿਆਨ ਅਤੇ ਇਨ੍ਹਾਂ ਦਾ ਨਾ ਹੋਣਾ ਭੀ ਹੈ ਜੋ ਸਾਰੇ ਵੇਦਾਂ ਵਿਚ ਜਾਨਣ ਯੋਗ ਵਸਤੂ ਹੈ ਉਹ ਮੈਂ ਹਾਂ। ਵੇਦਾਂਤ ਦਾ ਕਰਤਾ ਅਤੇ ਵੇਦ ਨੂੰ ਜਾਨਣ ਵਾਲਾ ਮੈਂ ਹਾਂ।

ਦਗ-ਦਗ ਕਰਦਾ ਸੂਰਜ ਮੈਂ ਹਾਂ, ਚੰਦਰਮਾ ਦੀ ਠੰਡੀ ਚਾਨਣੀ ਮੈਂ ਹਾਂ, ਅੱਗ ਦੀਆਂ ਜਲਦੀਆਂ ਲਪਟਾਂ ਮੈਂ ਹਾਂ, ਮੈਂ ਹੀ ਸਰਵੋਤਮ ਹਾਂ। ਇਨ੍ਹਾਂ ਸ਼ਕਤੀਆਂ ਰਾਹੀਂ ਜੋ ਵੀ ਪ੍ਰਗਟ ਹੁੰਦਾ ਹੈ ਉਹ ਉਸ ਇਕ ਸਰਵੋਤਮ ਪ੍ਰਮਾਤਮਾ ਦਾ ਹੀ ਪ੍ਰਗਟਾਵਾ ਹੈ, ਉਸ ਨਾਲ ਹੀ ਪੌਦੇ ਵਧਦੇ ਹਨ, ਸਾਰੀ ਹਰਿਆਵਲ ਫੁੱਲ, ਬੂਟੇ, ਸਾਰੇ ਪਸ਼ੂ, ਪੰਛੀ ਪ੍ਰਾਣ ਪ੍ਰਾਪਤ ਕਰਦੇ ਹਨ। ਮਨੁੱਖ ਦੇ ਸਰੀਰ ਵਿਚ ਵਸਦੇ ਪ੍ਰਾਣ ਉਸ ਪ੍ਰਮਾਤਮਾ ਦੀ ਹੀ ਦੇਣ ਹੈ। ਸਾਰੀ ਬੁੱਧੀ ਸਾਰੇ ਗਿਆਨ ਦਾ ਸ੍ਰੋਤ ਇਕ ਹੀ ਹੈ, ਮਨੁੱਖੀ ਦਿਮਾਗ ਵਿਚ ਗਿਆਨ ਦੀ ਸ਼ਕਤੀ ਜਿਸ ਨਾਲ ਮਨੁੱਖ ਦੀ ਯਾਦਾਸ਼ਤ ਹੈ ਉਹ ਵੀ ਪ੍ਰਮਾਤਮਾ ਦੀ ਦੇਣ ਹੈ। ਉਸ ਸ਼ਕਤੀ ਤੋਂ ਹੀ ਵੇਦ ਤੇ ਵੇਦਾਂਤ ਦਾ ਜਨਮ ਹੋਇਆ, ਵੇਦ ਵੇਦਾਂਤ ਦੇ ਸਾਰੇ ਵਾਦ ਵਿਵਾਦ ਸਾਰੇ ਗੁਣ ਇਸ ਸ਼ਕਤੀ ਤੋਂ ਹੀ ਉਪਜੇ ਹਨ। ਇਕੋ ਪ੍ਰਮਾਤਮਾ ਦਾ ਹੀ ਪਸਾਰਾ ਸਭ ਜਗ੍ਹਾ ਹੈ, ਉਸ ਦਾ ਹੀ ਵਾਸਾ ਸਾਰੇ ਜੀਵਾਂ ਵਿਚ ਹੈ। ਉਸ ਦੀ ਸ਼ਕਤੀ ਹੀ ਸਾਰੇ ਜੀਵਾਂ ਨੂੰ ਪ੍ਰੇਰਨਾ ਦਿੰਦੀ ਹੈ ਤਾਂ ਜੋ ਉਹ ਆਪਣੇ ਕੰਮ ਕਰ ਸਕਣ।

ਜਗਿਆਸੂ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਸਾਰੇ ਇਕ ਹੀ ਸਤਿ ਪਸਰਿਆ ਹੋਇਆ ਹੈ, ਅੰਦਰ ਬਾਹਰ ਇਕ ਹੀ ਹੈ। ਇਹ ਗਿਆਨ ਹੋ ਜਾਣ ਨਾਲ ਕਿ ਸਭ ਜਗ੍ਹਾ ਇਕ ਦਾ ਹੀ ਪਸਾਰਾ ਹੈ, ਉਹ ਹੀ ਪ੍ਰਕਾਸ਼ ਦਾ ਸ੍ਰੋਤ ਹੈ, ਸੂਰਜ, ਚੰਦ ਦਾ ਸ੍ਰੋਤ ਉਹ ਹੀ ਹੈ, ਤਾਰਿਆਂ ਦਾ ਸ੍ਰੋਤ ਵੀ ਉਹ ਹੀ ਹੈ, ਗਿਆਨ ਦਾ ਸ੍ਰੋਤ ਉਹ ਆਪ ਹੀ ਹੈ, ਇਸ ਗਿਆਨ ਸਦਕਾ ਹੀ ਮਨੁੱਖ ਇਹ ਪਛਾਣ ਸਕਦਾ ਹੈ ਕਿ ਉਸ ਦੇ ਜੀਵਨ ਦਾ ਲਕਸ਼ ਕੀ ਹੈ, ਆਦੇਸ਼ ਕੀ ਹੈ। ਪ੍ਰਮਾਤਮਾ ਪ੍ਰਾਪਤੀ ਹੀ ਆਦੇਸ਼ ਹੈ, ਪ੍ਰਮਾਤਮਾ ਹੀ ਸਭ ਦੇ ਅੰਦਰ ਨਿਵਾਸ ਰਖਦਾ ਹੈ।

16. ਇਸ ਲੋਕ ਵਿਚ ਦੋ ਪ੍ਰਕਾਰ ਦੇ ਮਨੁੱਖ ਹਨ - ਇਕ ਨਾਸ਼ ਹੋਣ ਵਾਲੇ, ਦੂਸਰੇ ਅਵਿਨਾਸ਼ੀ। ਜੀਵ ਸਾਰੇ ਹੀ ਨਾਸ਼ਵਾਨ ਹਨ ਤੇ ਅਬਿਨਾਸ਼ੀ ਨੂੰ ਕੂਟਸਥ ਆਖਦੇ ਹਨ।

17. ਇਨ੍ਹਾਂ ਤੋਂ ਪਰੇ ਹੋਰ ਪੁਰਸ਼ ਹੈ ਜਿਸਨੂੰ ਪਰਮਾਤਮਾ ਕਹਿੰਦੇ ਹਨ ਜੋ ਸਭ ਵਿਚ ਵਿਆਪਕ ਹੈ, ਤਿੰਨਾਂ ਲੋਕਾਂ ਦਾ ਆਸਰਾ ਹੈ, ਅਬਿਨਾਸ਼ੀ ਹੈ।

18. ਮੈਂ ਨਾਸ਼ਵੰਤਾ ਤੋਂ ਪਰ੍ਹੇ ਤੇ ਅਬਿਨਾਸ਼ੀ ਤੋਂ ਭੀ ਉਤਮ ਹਾਂ ਇਸ ਲੋਕ ਵਿਚ ਤੇ ਵੇਦ ਵਿਚ ਮੈਨੂੰ ਪੁਰਸ਼ੋਤਮ ਕਿਹਾ ਹੈ।

ਇਨ੍ਹਾਂ ਸ਼ਲੋਕਾਂ ਵਿਚ ਦੋ ਵੱਖ ਵੱਖ ਸ਼ਬਦ ਵਰਤੇ ਗਏ ਹਨ, ਨਾਸ਼ਵਾਨ ਤੇ ਅਬਿਨਾਸ਼ੀ। ਇਸ ਸੰਸਾਰ ਵਿਚ ਅਸੀਂ ਦੋ ਸਚਾਈਆਂ ਦੇਖਦੇ ਹਾਂ। ਇਕ ਪੂਰੀ ਤਰ੍ਹਾਂ ਸਥਾਈ ਹੈ, ਸੱਚ ਹੈ, ਸਦੈਵ ਹੈ, ਦੂਸਰੀ ਚਲਾਏਮਾਨ ਹੈ, ਨਾਸ਼ਵਾਨ ਹੈ। ਇਕ ਸਦਾ ਬਦਲਦੀ ਰਹਿੰਦੀ ਹੈ, ਜੰਮਦੀ ਰਹਿੰਦੀ ਹੈ, ਮਰਦੀ ਰਹਿੰਦੀ ਹੈ, ਦੂਸਰੀ ਸਦੈਵੀ ਹੈ, ਸਥਾਈ ਹੈ ਉਸ ਵਿਚ ਕੋਈ ਬਦਲਾਵ ਹੈ ਹੀ ਨਹੀਂ। ਮਨੁੱਖੀ ਜੀਵਨ ਦੇ ਤਿੰਨ ਹਿੱਸੇ ਹਨ - ਇਕ ਸਰੀਰ ਹੈ, ਸ੍ਵਾਸ ਹਨ, ਇੰਦ੍ਰੀਆਂ ਹਨ, ਸੁਚੇਤ ਮਨ ਹੈ, ਦੂਸਰਾ ਅਚੇਤ ਮਨ ਹੈ ਤੇ ਜੀਵ ਆਤਮਾ ਹੈ ਤੇ ਤੀਸਰਾ ਇਕ ਅਟੱਲ ਸਚਾਈ ਹੈ ਜੋ ਉਤਮ ਸਤਿ ਹੈ, ਅੰਤਮ ਸਤਿ ਹੈ। ਪਹਿਲਾ ਭਾਗ ਨਾਸ਼ਵਾਨ ਹੈ, ਦੂਸਰਾ ਭਾਗ ਕੁਝ ਨਾਸ਼ਵਾਨ ਹੈ ਕੁਝ ਅਬਿਨਾਸ਼ੀ। ਤੀਸਰਾ ਭਾਗ ਪੂਰੀ ਤਰ੍ਹਾਂ ਅਬਿਨਾਸ਼ੀ ਹੈ। ਪਹਿਲੇ ਤੇ ਦੂਸਰੇ ਦੀ ਹੋਂਦ ਤੀਸਰੇ ਕਰਕੇ ਹੀ ਹੈ, ਤੀਸਰੇ ਦੀ ਸ਼ਕਤੀ ਕਰਕੇ ਹੀ ਹੈ, ਪ੍ਰਮਾਤਮਾ, ਅੰਤਮ ਸਤਿ ਹੀ ਜੀਵਨ ਸ੍ਰੋਤ ਹੈ, ਪ੍ਰਕਾਸ਼ ਦਾ ਸ੍ਰੋਤ ਹੈ, ਉਹ ਹੀ ਸਾਰੇ ਸੰਸਾਰ ਨੂੰ ਚਲਾਉਂਦਾ ਹੈ ਤੇ ਜੀਵਨ ਦਿੰਦਾ ਹੈ। ਉਹ ਪ੍ਰਮਾਤਮਾ ਹੀ ਸਭ ਤੋਂ ਉਤਮ ਹੈ ਤੇ ਉਚਾ ਹੈ। ਮਹਾਂਪੁਰਖ ਤੇ ਵੇਦ ਉਸਨੂੰ ਪ੍ਰਮਾਤਮਾ, ਪ੍ਰਭੂ, ਈਸ਼ਵਰ ਕਹਿੰਦੇ ਹਨ।

ਜਗਿਆਸੂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਰੀਰ, ਇੰਦ੍ਰੀਆਂ, ਸ੍ਵਾਸ ਤੇ ਚੇਤਨ ਮਨ ਇਕ ਭਾਗ ਹੈ ਤੇ ਪੂਰਾ ਜੀਵਨ ਹੈ। ਇਹ ਭਾਗ ਸਦਾ ਹੀ ਬਦਲਦਾ ਰਹਿੰਦਾ ਹੈ, ਜਨਮ ਤੋਂ ਮਰਨ ਤਕ ਬਦਲਦਾ ਰਹਿੰਦਾ ਹੈ। ਦੂਸਰਾ ਭਾਗ ਅਚੇਤ

ਮਨ ਹੈ, ਇਸ ਵਿਚ ਸਾਰੇ ਸੰਸਕਾਰ, ਯਾਦਾਂ ਜਮ੍ਹਾਂ ਹੁੰਦੀਆਂ ਹਨ। ਇਹ ਜੀਵ ਨਾਲ ਜੁੜਿਆ ਰਹਿੰਦਾ ਹੈ ਜਿਵੇਂ ਉਸ ਦਾ ਵਾਹਨ ਹੋਵੇ। ਜਦੋਂ ਪਹਿਲਾ ਭਾਗ ਦੂਸਰੇ ਨਾਲੋਂ ਮਰਨ ਉਪਰਾਂਤ ਵਖਰਾ ਹੋ ਜਾਂਦਾ ਹੈ, ਅਚੇਤ ਮਨ ਤੋਂ ਜੀਵ ਆਤਮਾ ਉਸ ਤਰ੍ਹਾਂ ਹੀ ਰਹਿੰਦੀ ਹੈ। ਜਦੋਂ ਜੀਵ ਆਤਮਾ ਵਾਹਨ ਨਾਲੋਂ ਵਖਰੀ ਹੁੰਦੀ ਹੈ ਤੇ ਸਤਿ ਨੂੰ ਪ੍ਰਾਪਤ ਹੁੰਦੀ ਹੈ ਉਦੋਂ ਹੀ ਜਨਮ ਮਰਨ ਦੇ ਗੇੜ ਤੋਂ ਛੁੱਟੀ ਮਿਲਦੀ ਹੈ ਤੇ ਜੀਵ ਮੁਕਤ ਹੁੰਦਾ ਹੈ। ਜਦੋਂ ਸਤਿ ਦੀ ਪ੍ਰਾਪਤੀ ਹੁੰਦੀ ਹੈ ਆਤਮਾ ਦਾ ਪ੍ਰਮਾਤਮਾ ਨਾਲ ਮੇਲ ਹੋ ਜਾਂਦਾ ਹੈ। ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ, ਸਮਝ ਲੈਣਾ ਚਾਹੀਦਾ ਹੈ ਕਿ ਪ੍ਰਮਾਤਮਾ ਦਾ ਨਿਵਾਸ, ਪ੍ਰਭੂ ਦਾ ਨਿਵਾਸ ਅੰਦਰ ਅਤਿ ਸੂਖਮ ਸਰੀਰ ਵਿਚ ਹੀ ਹੈ, ਬਾਹਰ ਦਾ ਸਰੀਰ ਤਾਂ ਕੇਵਲ ਬਾਹਰੀ ਚਾਦਰ ਹੈ। ਜਿਹੜਾ ਪੈਂਡਾ ਸਾਨੂੰ ਪੂਰਾ ਕਰਨਾ ਚਾਹੀਦਾ ਹੈ ਉਹ ਬਾਹਰੀ ਸੰਸਾਰ ਦਾ ਪੈਂਡਾ ਨਹੀਂ, ਉਹ ਤਾਂ ਅੰਦਰ ਦਾ ਪੈਂਡਾ ਹੈ, ਉਹ ਪੈਂਡਾ ਜਿਹੜਾ ਬਾਹਰੀ ਸਰੀਰ ਤੋਂ ਸੂਖਮ ਵਿਚ ਲੈ ਜਾਂਦਾ ਹੈ ਤੇ ਅੰਤ ਵਿਚ ਅਤਿ ਸੂਖਮ ਵਿਚ ਲੈ ਜਾਂਦਾ ਹੈ, ਪ੍ਰਭੂ ਨਾਲ ਮੇਲ ਦਿੰਦਾ ਹੈ।

19. ਹੇ ਭਾਰਤ! ਜੋ ਮੋਹ ਤੋਂ ਛੁਟ ਕੇ ਮੈਨੂੰ ਐਸਾ ਪੁਰਸ਼ੋਤਮ ਜਾਣਦਾ ਹੈ ਉਹ ਸਰਵ ਗਿਆਤਾ ਸਤਿ ਭਾਵ ਨਾਲ ਮੈਨੂੰ ਧਿਆਉਂਦਾ ਹੈ।

20. ਹੇ ਨਿਸ਼ ਪਾਪ ਭਾਰਤ! ਇਹ ਅਤਿ ਗੁਪਤ ਉਪਦੇਸ਼ ਮੈਂ ਸੁਣਾਇਆ ਹੈ ਇਸਨੂੰ ਜਾਣ ਕੇ ਮਨੁੱਖ ਗਿਆਨੀ ਹੋ ਜਾਂਦਾ ਹੈ ਅਤੇ ਉਸ ਦਾ ਸਾਰਾ ਕਰਤਵਯ ਪੂਰਾ ਹੋ ਜਾਂਦਾ ਹੈ।

ਜਦੋਂ ਤਕ ਮਨੁੱਖ ਬਾਹਰੀ ਸੰਸਾਰ ਵਿਚ ਭਰਮਿਆ ਪਿਆ ਹੈ, ਬਾਹਰੀ ਖੇਲ੍ਹ ਤਮਾਸ਼ਿਆਂ ਵਿਚ, ਭਾਂਤ ਭਾਂਤ ਦੀਆਂ ਮਨ ਮੋਹਕ ਵਸਤੂਆਂ ਵਿਚ ਰੁਝਿਆ ਹੋਇਆ ਹੈ ਉਦੋਂ ਤਕ ਉਹ ਵਾਹਿਗੁਰੂ ਦੀ ਮਿਹਰ, ਉਸ ਦੀ ਸ਼ਾਨ ਬਾਨ ਉਸ ਦੇ ਤੇਜ ਪ੍ਰਤਾਪ ਤੋਂ, ਉਸ ਦੇ ਕ੍ਰਿਪਾਲੂ, ਦਿਆਲੂ ਉਸ ਦੀ ਸੁਹਿਰਦਤਾ ਤੋਂ ਬਿਲਕੁਲ ਅਣਜਾਣ ਹੈ। ਜਦੋਂ ਜਗਿਆਸੂ ਨੂੰ ਅੰਤਰ ਬਾਹਰ ਦੋਨਾਂ ਦਾ ਗਿਆਨ ਹੋ ਜਾਂਦਾ ਹੈ, ਇਕ ਵਾਰੀ ਉਹ ਉਸ ਵਾਹਿਗੁਰੂ ਨੂੰ ਜਾਣ ਲੈਂਦਾ ਹੈ ਫੇਰ ਉਹ ਉਸ ਪ੍ਰਭੂ ਦੀ ਪੂਰੀ ਸ਼ਰਧਾ ਨਾਲ ਤੇ ਭਰੋਸੇ ਨਾਲ ਸੇਵਾ ਕਰਦਾ ਹੈ। ਅਰਜਨ ਅਤੇ ਹੋਰ ਜਗਿਆਸੂਆਂ ਨੂੰ ਆਤਮ ਸਿੱਧੀ ਦਾ ਗੁਪਤ ਗਿਆਨ ਬਖਸ਼ਿਆ ਗਿਆ ਹੈ। ਇਹ ਗੁੱਝੇ ਜੰਦਰਿਆਂ ਦੀ ਚਾਬੀ ਹੈ। ਕਿਵੇਂ ਅੰਦਰ ਦੀ ਖੋਜ ਕਰਨੀ ਹੈ, ਆਪਾ ਚੀਨਣਾ ਹੈ, ਜਿਹੜਾ ਆਤਮ ਚੀਨ ਕੇ ਉਸ ਇਕ ਨੂੰ ਅੰਦਰ ਪ੍ਰਾਪਤ ਕਰ ਲਵੇਗਾ, ਆਪਣੀ ਡਿਊਟੀ ਪੂਰੀ ਤਰ੍ਹਾਂ ਕਰਦਾ ਰਹੇਗਾ, ਉਹ ਜੀਵਨ ਆਦੇਸ਼, ਜੀਵਨ ਦੇ ਲਕਸ਼ ਨੂੰ, ਉਸ ਪ੍ਰਭੂ ਨੂੰ ਪ੍ਰਾਪਤ ਹੋ ਜਾਵੇਗਾ।

ਇਹ ਪੰਦਰਵੇਂ ਅਧਿਆਇ ਦਾ ਅੰਤ ਹੈ ਜਿਸ ਵਿਚ ਆਤਮ ਸਿੱਧੀ ਦੇ ਗੁਪਤ ਗਿਆਨ ਦਾ ਵਰਨਣ ਕੀਤਾ ਹੈ।

LLLLLL

(ਪੰਨਾ 18 ਦੀ ਬਾਕੀ)

ਉਠਿਆ, ਦੁਹਾਈ ਦਿਤੀ ਕਿ ਮੇਰੀ ਬਾਹੁੜੀ ਕਰੋ, ਜੋ ਤਨਖਾਹ ਲਾਉਣੀ ਹੈ, ਸੰਗਤ ਲਾ ਦੇਵੇ, ਪਰ ਮੈਨੂੰ ਬਖਸ਼ ਲਵੇ। ਸਾਰੀ ਸੰਗਤ ਨੇ ਸਰਬ ਸੰਮਤੀ ਨਾਲ ਹੁਕਮ ਦਿਤਾ ਕਿ ਸਰਵਣ ਸਿੰਘ ਮੂੰਹ ਕਾਲਾ ਕਰਕੇ ਛਿੱਤਰਾਂ ਦੀ ਮਾਲਾ ਗਲ ਵਿਚ ਪਾ ਕੇ ਗਧੇ ਤੇ ਚੜ੍ਹੇ। ਪੰਜਾਂ ਪਿੰਡਾ ਵਿਚ ਏਵੇਂ ਫਿਰੇ ਤੇ ਪੁਕਾਰ ਪੁਕਾਰ ਕੇ ਦਸਦਾ ਫਿਰੇ ਕਿ ਆਹ ਅਵੱਗਿਆ ਮੇਰੇ ਪਾਸੋਂ ਹੋਈ, ਜਿਸ ਕਾਰਨ ਇਹ ਤਨਖਾਹ ਸੰਗਤ ਵਲੋਂ ਲਾਈ ਗਈ। ਤਦ ਬਖਸ਼ਿਆ ਜਾ ਸਕਦਾ ਹੈ, ਐਵੇਂ ਨਹੀਂ। ਉਸ ਨੇ ਇਹ ਤਨਖਾਹ ਖੁਸ਼ੀ ਖੁਸ਼ੀ ਕਬੂਲ ਕੀਤੀ। ਉਸ ਦੇ ਪੂਰਬਲੇ ਚੰਗੇ ਅੰਕੁਰ ਜਾਗ ਆਏ, ਉਸ ਨੇ ਸੰਗਤ ਦਾ ਹੁਕਮ ਮੰਨ ਕੇ ਤਨਖਾਹ ਪੂਰੀ ਇਸ ਤਰ੍ਹਾਂ ਕੀਤੀ –

ਫਲੇਵਾਲ ਜਾ ਕੇ ਘੁਮਾਰਾਂ ਤੋਂ ਗਧਾ ਲਿਆ ਤੇ ਤਵੇ ਦੀ ਕਾਲਖ ਨਾਲ ਤੇਲ ਰਲਾ ਕੇ ਮੂੰਹ ਕਾਲਾ ਕੀਤਾ, ਗਲ ਵਿਚ ਛਿਤਰਾਂ ਦੀ ਮਾਲਾ ਪਾਈ ਤੇ ਗਧੇ ਤੇ ਸਵਾਰ ਹੋ ਗਿਆ। ਇਸ ਤਰ੍ਹਾਂ ਉਹ ਫਲੇਵਾਲ, ਗੁਜਰਵਾਲ, ਨਾਰੰਗਵਾਲ, ਲੋਹਗੜ੍ਹ ਅਤੇ ਮਹਿਮਾ ਸਿੰਘ ਵਾਲਾ, ਪੰਜਾਂ ਪਿੰਡਾਂ ਵਿਚ ਗਧੇ ਤੇ ਚੜ੍ਹਿਆ ਚੜ੍ਹਾਇਆ ਫਿਰਿਆ। ਉਹ ਕੁਲ ਦੀ ਕਾਣ-ਕਣੌਂਡ ਛਡ ਕੇ ਆਪਣੀ ਅਵੱਗਿਆ ਆਪਣੇ ਮੂੰਹੋਂ ਥਾਂ ਥਾਂ ਖੜਾ ਹੋ ਕੇ ਦਸਦਾ ਰਿਹਾ। ਜਦ ਨਾਰੰਗਵਾਲ ਆਇਆ ਤਾਂ ਸਾਡੇ ਗ੍ਰਿਹ ਵਿਖੇ ਜਥੇ ਦਾ ਇਕੱਠ ਸੀ ਤੇ ਦੀਵਾਨ ਸਜਿਆ ਹੋਇਆ ਸੀ। ਸਾਡੀ ਮਾਤਾ ਨੇ ਹੰਝੂਆਂ ਨਾਲ ਪੁਲਕ੍ਰਿਤ ਹੋ ਕੇ ਤੇ ਗਲਵਕੜੀ ਪਾ ਕੇ ਉਸ ਨੂੰ ਗਧੇ ਤੋਂ ਉਤਾਰਿਆ ਤੇ ਭਰੇ ਦੀਵਾਨ ਵਿਚ ਸੰਗਤ ਦੇ ਆਣ ਪੇਸ਼ ਕੀਤਾ। ਸਾਰੀ ਸੰਗਤ ਦੇਖ ਕੇ ਦ੍ਰਵੀ-ਭੂਤ ਹੋ ਗਈ। ਦਾਸ ਨੂੰ ਹੁਕਮ ਹੋਇਆ ਕਿ ਇਸ ਦੀ ਕਾਲਖ ਲਾਹ ਕੇ ਮੁੜ ਸੰਗਤ ਵਿਚ ਬਿਠਾਵੋ। ਮਸਾਂ ਇਕ ਘੰਟੇ ਵਿਚ ਕਾਲਖ ਲੱਥੀ, ਪਰਮ ਨਿਰਮਲ ਚੇਹਰਾ ਹੋ ਗਿਆ। ਚੇਹਰੇ ਤੇ ਉਹ ਰੱਬੀ ਜਲਾਲ ਆਇਆ, ਜਿਸ ਦਾ ਜਮਾਲ ਕਿਸੇ ਤੋਂ ਝਲਿਆ ਨਾ ਜਾਵੇ। ਕਮਾਲ ਦੀ ਗਰੀਬੀ ਅਜ ਭਾਈ ਸਰਵਣ ਸਿੰਘ ਜੀ ਦੇ ਰਗੋ ਰੇਸ਼ੇ ਵਿਚ ਛਾ ਗਈ, ਸਿੱਖੀ ਸਿਦਕ ਦੇ ਜਾਹੋ ਜਲਾਲ ਵਾਲੇ ਕਮਾਲ ਵਿਚ ਸਾਵਧਾਨ ਹੋਇਆ।

ਬਿਬੇਕ ਸਰਬ ਲੋਹ ਦੀ ਰਹਿਤ ਰਹਿਣੀ ਵਿਚ ਸਾਵਧਾਨ ਹੁੰਦਾ ਹੋਇਆ, ਰਹਿੰਦੀ ਆਯੂ ਬਤੀਤ ਕਰਨ ਲਗਾ। ਅਗੇ ਨਾਲੋਂ ਭੀ ਦਸ ਗੁਣੀ ਕਾਰ ਸੁਕ੍ਰਿਤ ਕਰਣੀ ਗੁਰੂ ਘਰ ਦੀ ਕਮਾਵਣ ਲੱਗਾ। ਅਗੇ ਨਾਲੋਂ ਭੀ ਸੌ ਗੁਣਾ ਵਧੇਰੇ ਸਤਿਕਾਰ ਭਾਈ ਸਰਵਣ ਸਿੰਘ ਜੀ ਦਾ ਸੰਗਤ ਵਿਚ ਹੋਣ ਲਗਾ, ਪਰੰਤੂ ਅਤਿ ਦਰਜੇ ਦੀ ਨਿਮ੍ਰਤਾ ਵਿਚ ਲੀਨ ਹੋ ਕੇ ਅਜਰ ਨੂੰ ਜਰਨ ਵਾਲੀ ਅਤੇ ਉਚ ਆਤਮ-ਅਵਸਥਾ ਨੂੰ ਪ੍ਰਾਪਤ ਹੁੰਦੇ ਹੋਏ ਹਰਿ-ਰੰਗ-ਰੰਗੀ-ਜੀਵਨੀ ਬਤੀਤ ਕਰਨ ਲਗਾ। ਇਤਨੇ ਨੂੰ ਹੁਕਮ ਅੰਦਰ ਜੇਲ੍ਹ-ਯਾਤਰਾ ਭੁਗਤਣ ਲਈ ਅਸੀਂ ਉਮਰ-ਕੈਦ ਹੋ ਕੇ ਜੇਲ੍ਹਾਂ ਵਿਚ ਚਲੇ ਗਏ, ਸਾਡੇ ਪਿਛੋਂ ਹੀ ਸਾਡੇ ਪਰਮ ਪਿਆਰੇ ਵੀਰ ਭਾਈ ਸਰਵਣ ਸਿੰਘ ਗੁਰਪੁਰੀ ਪਧਾਰ ਗਏ। ਕੁਛ ਪਤਾ ਨਹੀਂ ਕਿਵੇਂ ਪਧਾਰੇ ਤੇ ਕਿਵੇਂ ਚੜ੍ਹਾਈਆਂ ਹੋਈਆਂ। ਵੰਨਗੀ ਮਾਤਰ ਪ੍ਰੇਮ-ਯਾਦ ਵਿਚ ਇਤਨੀ ਕੁ ਪ੍ਰੇਮ-ਵਾਰਤਾ ਭਾਈ ਸਰਵਣ ਸਿੰਘ ਜੀ ਦੀ ਅੰਕਤ ਕੀਤੀ ਗਈ ਹੈ।

LLLLLL

ਮਹਾਂਪੁਰਖਾਂ ਦੇ ਸੰਗ ਮੇਰੀ ਯੂ.ਪੀ. ਯਾਤਰਾ

ਇੰਜ: ਜਸਵੰਤ ਸਿੰਘ 'ਸਿਆਣ'

ਪਿਛਲੇ ਤਕਰੀਬਨ 20 ਸਾਲਾਂ ਤੋਂ ਮਹਾਂਪੁਰਖਾਂ ਦੀ ਸੰਗਤ ਵਿਚ ਵਿਚਰਦਿਆਂ, ਅਕਸਰ ਸੁਣੀਦਾ ਹੈ ਕਿ ਯੂ.ਪੀ. ਵਿਚ ਆਪ ਜੀ ਨੇ ਇਕ ਸਫਲ ਕਿਸਾਨ ਹੁੰਦਿਆਂ, "ਆਪਿ ਜਪੈ ਅਵਰਹ ਨਾਮੁ ਜਪਾਵੈ" ਦੇ ਮਹਾਂਵਾਕ ਅਨੁਸਾਰ ਕਿਸ ਤਰ੍ਹਾਂ ਕਰੜੀ ਘਾਲ ਕਮਾਈ ਕਰਦੇ ਹੋਏ, ਸੰਸਾਰ ਦੇ ਅਨੇਕਾਂ ਭੁੱਲੇ ਭਟਕੇ ਪ੍ਰਾਣੀਆਂ ਨੂੰ ਸਿੱਧੇ ਰਸਤੇ ਪਾਇਆ ਹੈ। ਇਸ ਮਹਾਨ ਪਰਉਪਕਾਰ ਦਾ ਝਲਕਾਰਾ ਭਾਵੇਂ ਰਤਵਾੜਾ ਸਾਹਿਬ ਦੇ ਸਾਲਾਨਾ ਸਮਾਗਮਾਂ ਵਿਚ ਜ਼ਰੂਰ ਪੈਂਦਾ ਸੀ, ਜਦੋਂ ਦੇਖੀਦਾ ਸੀ ਕਿ ਕਿਵੇਂ ਯੂ.ਪੀ. ਦੀਆਂ ਸੰਗਤਾਂ ਮਹਾਂਪੁਰਸ਼ਾਂ ਦੇ ਪਿਆਰ ਵਿਚ ਇਸ ਅਸਥਾਨ ਤੇ ਪਹੁੰਚ ਕੇ ਦਿਨ ਰਾਤ ਸੇਵਾ ਵਿਚ ਜੁੱਟ ਜਾਂਦੀਆਂ ਹਨ। ਨਾ ਇਨ੍ਹਾਂ ਦੇ ਨੇੜੇ ਕੋਈ ਥਕਾਵਟ, ਨਾ ਇਨ੍ਹਾਂ ਨੂੰ ਪਿਛੇ ਘਰ ਪਰਿਵਾਰ ਦਾ ਕੋਈ ਫਿਕਰ। ਕਿਸੇ ਅਦੁੱਤੀ ਪਿਆਰ ਦੇ ਰਸ ਵਿਚ ਰੰਗੇ ਇਹ ਪ੍ਰੇਮੀ, ਦਿਨ ਰਾਤ ਸੇਵਾ ਕਰਦੇ ਕਿਸੇ ਅਗੰਮੀ ਰਸ ਨੂੰ ਪ੍ਰਾਪਤ ਕਰਦੇ ਪ੍ਰਤੀਤ ਹੁੰਦੇ ਹਨ। ਇਸ ਤਰ੍ਹਾਂ ਇਨ੍ਹਾਂ ਦੀ ਸ਼ਰਧਾ ਭਾਵਨਾ ਨੂੰ ਦੇਖ ਕੇ, ਯੂ.ਪੀ. ਵਿਚ ਮਹਾਂਪੁਰਖਾਂ ਦੇ ਕੀਤੇ ਪਰਉਪਕਾਰਾਂ ਦਾ ਸਿੱਧਾ ਸਬੂਤ ਮਿਲਦਾ ਹੈ। ਕਈ ਵਾਰੀ ਦਿਲ ਵਿਚ ਇਹ ਤਰੰਗ ਉਠਦੀ ਸੀ ਕਿ ਉਸ ਪਾਵਨ ਧਰਤੀ ਦੇ ਦਰਸ਼ਨ ਕੀਤੇ ਜਾਣ ਜਿਸ ਅਸਥਾਨ ਤੇ ਪੂਰੇ 12 ਵਰ੍ਹੇ, ਆਪ ਜੀ ਨੇ ਰਹਿ ਕੇ, ਇਹ ਪਰਉਪਕਾਰ ਦਾ ਦਰਿਆ ਵਹਾਇਆ ਸੀ। ਉਸ ਧਰਤੀ ਤੇ ਜਾ ਕੇ ਸੀਸ ਝੁਕਾਉਣ ਨੂੰ ਹਰ ਪ੍ਰੇਮੀ ਦਾ ਦਿਲ ਕਰਦਾ ਹੈ ਜਿਥੇ ਕਿਸੇ ਰੱਬ ਦੇ ਪਿਆਰੇ ਨੇ ਬੈਠ ਕੇ ਕਰੜੀ ਘਾਲਨਾ ਘਾਲੀ ਹੁੰਦੀ ਹੈ।

ਇਕ ਵਾਰੀ ਸ਼ਿਵ ਜੀ ਮਹਾਰਾਜ, ਪਾਰਬਤੀ ਸਮੇਤ ਇਕ ਅਸਥਾਨ ਤੋਂ ਲੰਘਦੇ ਜਾ ਰਹੇ ਸਨ। ਅਚਾਨਕ ਆਪ ਇਕ ਥਾਂ ਰੁਕ ਕੇ, ਬਾਰ ਬਾਰ ਬੰਦਨਾ ਕਰਨ ਲੱਗੇ। ਪਾਰਬਤੀ ਕਹਿਣ ਲੱਗੀ, ਮਹਾਰਾਜ! ਨਾ ਇਸ ਅਸਥਾਨ ਤੇ ਕੋਈ ਮੰਦਰ, ਨਾ ਕੋਈ ਮੱਠ, ਨਾ ਕੋਈ ਮਸਜਿਦ। ਆਪ ਝੁਕ ਝੁਕ ਕੇ ਸਲਾਮਾਂ ਕਿਉਂ ਕਰ ਰਹੇ ਹੋ? ਸ਼ਿਵ ਜੀ ਮਹਾਰਾਜ ਕਹਿਣ ਲੱਗੇ, ਪਾਰਬਤੀ! ਇਸ ਅਸਥਾਨ ਤੇ ਕਦੀ ਕਿਸੇ ਰੱਬ ਦੇ ਪਿਆਰੇ ਨੇ ਲੰਮਾ ਸਮਾਂ ਬੈਠ ਕੇ ਰੱਬ ਦੀ ਯਾਦ ਵਿਚ ਬਿਤਾਇਆ ਸੀ। ਇਹ ਧਰਤੀ ਅੱਜ ਵੀ ਨਾਮ ਰੰਗ ਦੀਆਂ ਮਹਿਕਾਂ ਖਿਲਾਰ ਰਹੀ ਹੈ ਤੇ ਰੱਬੀ ਪਿਆਰ ਵਾਲਿਆਂ ਦੇ ਹਿਰਦਿਆਂ ਨੂੰ ਖਿੱਚ ਪਾਉਂਦੀ ਹੈ। ਇਸ ਲਈ ਬਾਰ ਬਾਰ ਇਸ ਧਰਤੀ ਨੂੰ ਨਮਸਕਾਰ ਕਰਨ ਨੂੰ ਜੀਅ ਕਰਦੈ। ਸਮਾਂ ਪਾ ਕੇ ਇਹੋ ਜਿਹੀ ਧਰਤੀ ਬੈਕੁੰਠ ਦਾ ਰੂਪ ਧਾਰਨ ਕਰ ਲਿਆ ਕਰਦੀ ਹੈ ਜਿਸ ਬਾਰੇ ਬਾਣੀ ਵਿਚ ਵੀ ਫੁਰਮਾਨ ਹੈ –

ਬੈਕੁੰਠ ਨਗਰੁ ਜਹਾ ਸੰਤ ਵਾਸਾ॥
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ॥

ਪੰਨਾ – 742

ਪਵਿੱਤਰ ਹੋ ਜਾਂਦਾ ਹੈ ਉਹ ਥਾਂ ਜਿਥੇ ਰੱਬ ਦੇ ਪਿਆਰੇ ਸੰਤ ਜਨ, ਆਪਣੇ ਮਾਲਕ ਦੀ ਸਿਫਤ ਸਲਾਹ ਵਿਚ ਜੁੜ ਕੇ ਬੈਠਦੇ ਹਨ।

ਅਠਸਠਿ ਤੀਰਥ ਜਹ ਸਾਧ ਪਗ ਧਰਹਿ॥
ਤਹ ਬੈਕੁੰਠੁ ਜਹ ਨਾਮੁ ਉਚਰਹਿ॥ ਪੰਨਾ – 890

ਸੋ ਇਕ ਦਿਨ ਅਚਾਨਕ ਮਹਾਂਪੁਰਖਾਂ ਦੇ ਦਰਸ਼ਨਾਂ ਲਈ ਰਤਵਾੜਾ ਸਾਹਿਬ ਪੁੱਜਾ ਤਾਂ ਓਥੇ ਆਪ ਜੀ ਵਲੋਂ ਯੂ.ਪੀ. ਨੂੰ ਜਾਣ ਵਾਸਤੇ ਪ੍ਰੋਗਰਾਮ ਬਣਾਇਆ ਜਾ ਰਿਹਾ ਸੀ। ਮੇਰੇ ਅੰਦਰਲੇ ਨੇ ਬਿਨਾਂ ਸੋਚੇ ਸਮਝੇ ਮਹਾਂਪੁਰਖਾਂ ਦੇ ਚਰਨਾਂ ਵਿਚ ਬੇਨਤੀ ਕਰ ਦਿਤੀ ਕਿ ਆਪ ਜੀ ਦੀ ਇਜਾਜ਼ਤ ਹੋਵੇ ਤਾਂ ਦਾਸ ਵੀ ਆਪ ਜੀ ਦੇ ਨਾਲ ਯੂ.ਪੀ. ਦੀ ਫੇਰੀ ਸਮੇਂ ਸੰਗਤ ਕਰਨੀ ਚਾਹੁੰਦਾ ਹੈ। ਮੇਰੀ ਭਾਵਨਾ ਨੂੰ ਸਮਝਦੇ ਹੋਏ ਮਹਾਂਪੁਰਖਾਂ ਨੇ ਮੈਨੂੰ ਨਾਲ ਚੱਲਣ ਦੀ ਇਜਾਜ਼ਤ ਦੇ ਦਿਤੀ ਤੇ ਮੈਂ ਮਨ ਹੀ ਮਨ ਵਿਚ ਬਹੁਤ ਖੁਸ਼ ਸੀ। ਕਿਉਂਕਿ ਮੇਰੀ ਅੱਜ ਚਿਰੋਕਣੀ ਇੱਛਾ ਪੂਰੀ ਹੋਣ ਲੱਗੀ ਸੀ।

ਪ੍ਰੋਗਰਾਮ ਮੁਤਾਬਿਕ, ਅਸੀਂ ਮਿਤੀ 5.3.2001 ਨੂੰ ਦੋ ਜੀਪਾਂ ਵਿਚ ਸਵਾਰ ਤਕਰੀਬਨ 11-12 ਦੇ ਪ੍ਰੇਮੀ ਮਹਾਂਪੁਰਖਾਂ ਦੀ ਕੋਠੀ ਤੋਂ ਸ਼ਾਮ ਦੋ ਵਜੇ ਦਿੱਲੀ ਵਲ ਨੂੰ ਰਵਾਨਾ ਹੋਏ। ਸਾਰਿਆਂ ਦੇ ਅੰਦਰ ਖੁਸ਼ੀ ਨਾਲ ਭਰੇ ਪਏ ਸਨ ਕਿ ਅਸੀਂ ਕੁਝ ਦਿਨ ਤਾਂ ਘਰ ਦੇ ਝਮੇਲਿਆਂ ਤੋਂ ਦੂਰ ਹੋ ਕੇ ਮਹਾਂਪੁਰਖਾਂ ਦੀ ਸੰਗਤ ਦਾ ਅਨੰਦ ਲੈ ਸਕਾਂਗੇ। ਤਕਰੀਬਨ 4 ਘੰਟੇ ਵਿਚ ਸਫਰ ਤਹਿ ਕਰਕੇ ਅਸੀਂ 6 ਵਜੇ ਦਿੱਲੀ ਵਿਖੇ ਇੰਡੀਅਨ ਇੰਟਰਨੈਸ਼ਨਲ ਸੈਂਟਰ ਪਹੁੰਚ ਗਏ, ਜਿਥੇ ਸ੍ਰੀ ਯਸ਼ਪਾਲ ਮਲਹੋਤਰਾ ਜੀ ਨੇ ਰਿਹਾਇਸ਼ ਦਾ ਬੜਾ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਬੜੇ ਸੁੱਖ ਅਨੰਦ ਨਾਲ ਓਥੇ ਰਾਤ ਕੱਟ ਕੇ ਅਗਲੀ ਸਵੇਰ ਠੀਕ ਪੰਜ ਵਜੇ, ਪਹੁ ਫੁਟਾਲੇ ਦੇ ਨਾਲ ਯੂ.ਪੀ. ਲਈ ਰਵਾਨਾ ਹੋ ਗਏ।

ਤੇਜ ਰਫਤਾਰ ਚਲਦੀਆਂ ਗੱਡੀਆਂ ਵਿਚ ਮਨ ਦੀ ਉਡਾਰੀ ਰੁਕੀ ਹੋਈ ਸੀ। ਕਦੀ ਕਦੀ ਮਨ ਨਾਮ ਸਿਮਰਨ ਵਿਚ ਲਗ ਜਾਂਦਾ, ਕਦੀ ਸੜਕ ਦੇ ਦੋਨੋਂ ਪਾਸੇ ਕੁਦਰਤੀ ਨਜ਼ਾਰੇ ਤੱਕ ਕੇ ਉਸ ਮਾਲਕ ਦੀ ਰਚਨਾ ਤੋਂ ਬਲਿਹਾਰ ਜਾਣ ਨੂੰ ਕਰਦਾ ਤੇ ਕਦੀ ਕਦੀ ਮਹਾਂਪੁਰਖਾਂ ਦੇ ਪਿਆਰ ਦੀਆਂ ਬਾਤਾਂ ਯਾਦ ਕਰਕੇ ਕਿਸੇ ਅਨੰਦਮਈ ਰਸ ਵਿਚ ਭਿੱਜ ਜਾਂਦਾ। ਇਸ ਤਰ੍ਹਾਂ ਤਕਰੀਬਨ 214 ਕਿਲੋਮੀਟਰ ਦਾ ਸਫਰ ਅਸੀਂ ਤਕਰੀਬਨ ਸਾਢੇ ਸੱਤ ਘੰਟਿਆਂ ਵਿਚ ਤਹਿ ਕਰਦੇ ਹੋਏ ਜਦੋਂ ਪੌਣੇ ਅੱਠ ਵਜੇ ਬਿਲਾਸਪੁਰ ਤੋਂ ਤਿੰਨ ਕਿਲੋਮੀਟਰ ਦੀ ਦੂਰੀ ਤੇ ਪਹੁੰਚੇ ਤਾਂ ਓਥੇ ਭਾਅ ਜੀ (ਭਾਈ ਲਖਬੀਰ ਸਿੰਘ ਜੀ) ਕੁਝ ਹੋਰ ਪ੍ਰੇਮੀਆਂ ਨੂੰ ਨਾਲ ਲੈ ਕੇ ਮਹਾਂਪੁਰਖਾਂ ਦੀ ਉਡੀਕ ਵਿਚ ਖੜ੍ਹੇ ਸਨ। ਮਹਾਂਪੁਰਖਾਂ ਦੇ ਦਰਸ਼ਨ ਕਰਕੇ ਸਭ ਦੇ ਚਿਹਰੇ ਤੇ ਖੁਸ਼ੀ ਦੀ ਲਹਿਰ ਦੌੜ ਗਈ ਤੇ ਉਹ ਵੀ ਸਾਡੇ ਨਾਲ ਹੀ ਆਪਣੀ ਗੱਡੀ ਵਿਚ ਰਵਾਨਾ ਹੋ ਗਏ। ਥੋੜ੍ਹੀ ਹੀ ਦੂਰ ਰੁਦਰਪੁਰ ਵਿਖੇ ਭਾਈ ਗੁਰਦੀਪ ਸਿੰਘ ਜੀ ਖੁਬੀਆ ਨੰਗਲ ਵਾਲਿਆਂ ਦੀ ਕੋਠੀ ਵਿਚ ਉਤਾਰਾ ਕੀਤਾ ਗਿਆ। ਓਥੇ ਵੇਖਿਆ ਕਿ ਬਹੁਤ

ਸੰਗਤਾਂ ਬੜੀ ਦੂਰ ਦੂਰ ਤੋਂ ਸਵੇਰੇ ਤੋਂ ਹੀ ਮਹਾਂਪੁਰਖਾਂ ਦੇ ਦਰਸ਼ਨਾਂ ਲਈ ਪਹੁੰਚੀਆਂ ਹੋਈਆਂ ਸਨ। ਦਰਸ਼ਨ ਕਰਕੇ ਸਾਰੇ ਗਦ ਗਦ ਹੋ ਰਹੇ ਸਨ ਕਿਉਂਕਿ ਕਾਫੀ ਸਮੇਂ ਤੋਂ ਪਿਛੋਂ ਆਪ ਜੀ ਦਾ ਯੂ.ਪੀ. ਜਾਣਾ ਬਣਿਆ ਸੀ।

ਇਸ ਅਸਥਾਨ ਦਾ ਵਾਤਾਵਰਣ ਬੜਾ ਸੁੰਦਰ, ਸਾਫ ਤੇ ਇਕਾਂਤ ਵਾਲਾ ਹੈ। ਸਭ ਨੇ ਬੜੇ ਪਿਆਰ ਨਾਲ ਗੁਰੂ ਕਾ ਲੰਗਰ ਛਕਿਆ। ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਮਿਲਣ ਤੋਂ ਬਾਅਦ ਕੁਝ ਸਮਾਂ ਆਰਾਮ ਕੀਤਾ।

ਤਕਰੀਬਨ 10 ਵਜੇ ਅਸੀਂ ਓਥੋਂ ਬਾਈ ਜੀ (ਭਾਈ ਭਾਨ ਸਿੰਘ) ਦੇ ਘਰ ਨੂੰ, ਬਿਲਾਸਪੁਰ ਵਿਖੇ ਚੱਲ ਪਏ। ਬਹੁਤ ਸਾਰੀਆਂ ਹੋਰ ਸੰਗਤਾਂ ਵੀ ਅਸਾਡੇ ਨਾਲ ਆਪਣੀਆਂ ਆਪਣੀਆਂ ਅਸਵਾਰੀਆਂ ਲੈ ਕੇ ਚੱਲ ਪਈਆਂ। ਬਾਈ ਜੀ ਬੜੇ ਲੰਮੇ ਸਮੇਂ ਤੋਂ ਮਹਾਂਪੁਰਖਾਂ ਦੀ ਸੰਗਤ ਵਿਚ ਰਹਿੰਦੇ ਹਨ ਤੇ ਪਿਛਲੇ 15 ਸਾਲਾਂ ਤੋਂ ਆਪ ਰਤਵਾੜਾ ਸਾਹਿਬ ਵਿਖੇ ਹੀ ਰਹਿ ਕੇ ਸੇਵਾ ਤੇ ਸਿਮਰਨ ਦੇ ਲਾਹੇ ਪ੍ਰਾਪਤ ਕਰ ਰਹੇ ਹਨ। ਕੁਝ ਦਿਨ ਪਹਿਲਾਂ ਬਾਈ ਜੀ ਦੇ ਜਵਾਈ ਅਤੇ ਲੜਕਾ ਦੋਵੇਂ ਜੀਅ ਰੱਬ ਨੂੰ ਪਿਆਰੇ ਹੋ ਗਏ ਸਨ। ਉਨ੍ਹਾਂ ਵਾਸਤੇ ਇਹ ਬੜਾ ਭਾਰੀ ਸਦਮਾ ਸੀ। ਸੋ ਮਹਾਂਪੁਰਖਾਂ ਤੋਂ ਕਿਸੇ ਦਾ ਦੁੱਖ ਵੀ ਤਾਂ ਨਹੀਂ ਦੇਖਿਆ ਜਾਂਦਾ। ਸੋ ਆਪ ਜੀ ਬਾਈ ਜੀ ਦੇ ਪਰਿਵਾਰ ਨੂੰ ਦਿਲਾਸਾ ਦੇਣ ਤੇ ਦੁਖ ਵੰਡਾਉਣ ਲਈ ਉਨ੍ਹਾਂ ਦੇ ਘਰ ਪਹੁੰਚੇ। ਆਪ ਜੀ ਨੇ ਆਪਣੇ ਅਮੋਲਕ ਬਚਨਾਂ ਦੁਆਰਾ ਸਾਰੇ ਪਰਿਵਾਰ ਨੂੰ ਭਾਣਾ ਮੰਨਣ ਤੇ ਵਾਹਿਗੁਰੂ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿਤੀ। ਆਪ ਜੀ ਦੇ ਬਚਨਾਂ ਨਾਲ ਉਨ੍ਹਾਂ ਦੇ ਡਿੱਗੇ ਹੋਏ ਹੌਂਸਲਿਆਂ ਨੂੰ ਬਹੁਤ ਧਰਵਾਸ ਮਿਲਿਆ।

ਇਕ ਘੰਟਾ ਓਥੇ ਰੁਕਣ ਤੋਂ ਬਾਅਦ ਅਸੀਂ ਨਵਰੀਆ ਫਾਰਮ ਲਈ ਚੱਲ ਪਏ ਜਿਥੇ ਮਹਾਂਪੁਰਖਾਂ ਦੇ ਭੈਣ ਜੀ ਕੁਝ ਦਿਨ ਪਹਿਲਾਂ ਇਸ ਫਾਨੀ ਦੁਨੀਆਂ 'ਚੋਂ ਕੂਚ ਕਰ ਗਏ ਸਨ। ਉਥੇ ਵੀ ਬੜਾ ਸੋਗ ਦਾ ਮਾਹੌਲ ਬਣਿਆ ਹੋਇਆ ਸੀ। ਆਪ ਜੀ ਦੇ ਉਥੇ ਪਹੁੰਚਣ ਨਾਲ ਪਰਿਵਾਰ ਵਾਲਿਆਂ ਨੂੰ ਬੜਾ ਧਰਵਾਸ ਮਿਲਿਆ। ਮਹਾਂਪੁਰਖਾਂ ਦੇ ਦੋ ਭਾਣਜੇ ਤੇ ਇਕ ਭਾਣਜੀ ਜੋ ਕੈਨੇਡਾ ਵਿਚ ਰਹਿੰਦੇ ਹਨ ਕਾਫੀ ਦੇਰ ਬਾਅਦ ਆਪ ਜੀ ਨੂੰ ਮਿਲੇ ਸਨ, ਆਪ ਜੀ ਦੇ ਮਿੱਠੇ ਅਤੇ ਪਿਆਰੇ ਬਚਨਾਂ ਨੂੰ ਸੁਣ ਕੇ ਸਾਰਾ ਪਰਿਵਾਰ ਅੰਦਰਲੇ ਦੁਖ ਨੂੰ ਘਟਦਾ ਮਹਿਸੂਸ ਕਰ ਰਿਹਾ ਸੀ। ਉਥੇ ਹੀ ਮਹਾਂਪੁਰਖਾਂ ਦੇ ਪੁਰਾਣੇ ਸਹਿਯੋਗੀ ਗਿਆਨੀ ਹਰਿੰਦਰ ਸਿੰਘ ਜੀ ਪਹੁੰਚ ਗਏ ਸਨ ਜਿਨ੍ਹਾਂ ਨੇ ਆਪ ਜੀ ਦੇ ਨਾਲ ਤਰਾਈ ਦੇ ਇਲਾਕੇ ਵਿਚ ਗੁਰਮਤਿ ਪ੍ਰਚਾਰ ਕਰਨ ਸਮੇਂ ਬਹੁਤ ਸਹਿਯੋਗ ਦਿਤਾ ਸੀ। ਗਿਆਨੀ ਜੀ ਉਘੇ ਸਮਾਜ ਸੇਵਕ, ਉਚੇ ਆਦਰਸ਼ਾਂ ਵਾਲੇ ਤੇ ਗੁਰਮਤਿ ਦੇ ਧਾਰਨੀ ਗੁਰਮੁਖ ਸੱਜਨ ਹਨ ਤੇ ਯੂ.ਪੀ. ਪਾਰਲੀਮੈਂਟ ਦੇ ਮੈਂਬਰ ਵੀ ਰਹਿ ਚੁੱਕੇ ਹਨ। ਦੋਹਾਂ ਦੀ ਪ੍ਰਸਪਰ ਮਿਲਣੀ ਵੇਖ ਕੇ ਪ੍ਰਤੀਤ ਦਿੰਦਾ ਸੀ ਕਿ ਮਹਾਂਪੁਰਸ਼ਾਂ ਦੇ ਨਾਲ ਇਨ੍ਹਾਂ ਦੀ ਦਿਲੀ ਸਾਂਝ ਹੈ। ਉਥੇ ਹੀ ਮੌਜੂਦ ਮਹਾਂਪੁਰਸ਼ਾਂ ਦੇ ਛੋਟੇ ਭੈਣ ਜੀ, ਜਿਨ੍ਹਾਂ ਨੂੰ ਸਾਰੇ ਸਤਿਕਾਰ ਨਾਲ ਪਾਲ ਭੂਆ ਜੀ ਕਹਿ ਕੇ ਬੁਲਾਂਦੇ ਹਨ, ਨੇ ਬੇਨਤੀ ਕੀਤੀ ਕਿ ਆਪ ਮੇਰੇ ਗ੍ਰਹਿ ਵਿਖੇ ਵੀ ਚਰਨ ਪਾਉ। ਓਥੇ ਵੀ ਸਾਰਾ ਪਰਿਵਾਰ ਸਵੇਰ ਤੋਂ ਆਪ ਜੀ ਦੀ ਉਡੀਕ ਵਿਚ ਸੀ। ਮਹਾਂਪੁਰਸ਼ਾਂ ਨੇ ਉਸ ਦੇ ਪਿਆਰ ਦੀ ਖਿੱਚ ਨੂੰ ਵੇਖ ਕੇ, ਓਥੋਂ ਥੋੜ੍ਹੀ ਹੀ ਦੂਰ ਕੋਤਲਖੇੜਾ ਸਥਾਨ ਤੇ ਉਨ੍ਹਾਂ ਦੇ ਫਾਰਮ ਹਾਊਸ ਤੇ ਜਾਣਾ ਮੰਨ ਲਿਆ। ਓਥੇ ਪਹੁੰਚ ਕੇ ਆਪ ਜੀ ਨੇ ਸਾਰੇ ਪ੍ਰੇਮੀਆਂ ਨੂੰ ਪਿਆਰ ਭਰੇ ਬਚਨਾਂ ਨਾਲ ਨਿਹਾਲ ਕੀਤਾ।

ਓਥੋਂ ਵਾਪਸੀ ਤੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਸਾਨੂੰ ਉਸ ਅਸਥਾਨ ਦੇ ਦਰਸ਼ਨ ਜ਼ਰੂਰ ਕਰਾਓ ਜਿਸ ਥਾਂ ਤੇ ਆਪ ਜੀ ਨੇ 12 ਵਰ੍ਹੇ ਨਿਵਾਸ ਰੱਖ ਕੇ ਆਪਣੀ ਨਿਜੀ ਕ੍ਰਿਤ ਦੇ ਨਾਲ ਨਾਲ ਬੇਅੰਤ ਪ੍ਰਾਣੀਆਂ ਨੂੰ ਗੁਰੂ ਨਾਲ ਜੋੜਿਆ ਹੈ। ਸੋ ਥੋੜ੍ਹੇ ਹੀ ਮਿੰਟਾਂ ਵਿਚ ਅਸੀਂ ਅਨਵਰੀਆ ਪਿੰਡ ਦੇ ਕੋਲ ਇਸ ਅਸਥਾਨ ਤੇ ਪਹੁੰਚ ਗਏ। ਇਕ ਲਾਲ ਰੰਗ ਦਾ ਮਕਾਨ, ਜਿਸ ਵਿਚ ਹੁਣ ਕੁਝ ਕਾਮੇ ਹੀ ਰਹਿੰਦੇ ਹਨ, ਦੇਖ ਕੇ ਮਹਿਸੂਸ ਹੁੰਦਾ ਸੀ ਕਿ ਇਹ ਅਸਥਾਨ ਕਿਸੇ ਵੇਲੇ ਬੜਾ ਸੁੰਦਰ ਹੋਵੇਗਾ। ਉਸ ਦੇ ਸਾਮ੍ਹਣੇ ਹੀ ਇਕ ਵੱਡਾ ਸਾਰਾ ਪਿਲਕਣ ਦਾ ਦਰਖਤ ਅਜੇ ਵੀ ਮੌਜੂਦ ਹੈ। ਮਹਾਂਪੁਰਖਾਂ ਨੇ ਦੱਸਿਆ ਕਿ ਇਸ ਮਕਾਨ ਵਿਚ ਅਸੀਂ ਨਿਵਾਸ ਰੱਖਿਆ ਕਰਦੇ ਸੀ ਤੇ ਇਸ ਪਿਲਕਣ ਥੱਲੇ ਨਾਮ ਜਪਣ ਵਾਲੇ ਪ੍ਰੇਮੀ ਘੰਟਿਆਂ ਬੱਧੀ ਸਮਾਧੀਆਂ ਲਾ ਕੇ ਬੈਠਿਆ ਕਰਦੇ ਸੀ। ਅੱਜ ਮੇਰੀ ਚਿਰਾਂ ਦੀ ਆਸਾ ਪੂਰੀ ਹੋ ਰਹੀ ਸੀ ਤੇ ਮੈਂ ਤੁਰੰਤ ਹੀ ਆਪਣਾ ਮਸਤਕ ਉਸ ਮਕਾਨ ਦੀ ਦਹਿਲੀਜ਼ ਤੇ ਝੁਕਾ ਕੇ ਪ੍ਰਣਾਮ ਕੀਤਾ। ਮੇਰੇ ਦਿਲ ਵਿਚ ਪਿਆਰ ਅਤੇ ਬੈਰਾਗ ਦੀਆਂ ਤਰੰਗਾਂ ਚਲ ਰਹੀਆਂ ਸਨ। ਅੱਜ ਵੀ ਉਹ ਅਸਥਾਨ ਪਿਆਰ ਕਰਨ ਵਾਲਿਆਂ ਦੇ ਮਨਾਂ ਨੂੰ ਟੁੰਬਦਾ ਹੈ। ਮੈਨੂੰ ਮਹਿਸੂਸ ਹੋਇਆ ਕਿ ਇਹ ਸਮੁੱਚੀ ਧਰਤੀ ਹੀ ਮਹਾਂਪੁਰਖਾਂ ਦੇ ਪਰਉਪਕਾਰਾਂ ਦੀ ਦਾਸਤਾਂ ਸੁਣਾ ਰਹੀ ਹੈ। ਭਾਵੇਂ ਉਸ ਅਸਥਾਨ ਨੂੰ ਛੱਡਣ ਨੂੰ ਦਿਲ ਨਹੀਂ ਸੀ ਕਰਦਾ ਪਰ ਸਮੇਂ ਦੀ ਪਾਬੰਦੀ, ਮਹਾਂਪੁਰਖਾਂ ਦੇ ਹੁਕਮ ਅਨੁਸਾਰ ਸਾਰੇ ਪ੍ਰੇਮੀ ਖ਼ੂਬੀਆ ਨੰਗਲ ਵਾਸਤੇ ਰਵਾਨਾ ਹੋ ਗਏ ਜਿਥੇ ਕਿ ਆਪ ਜੀ ਨੇ ਆਪਣੇ ਕਰ ਕਮਲਾਂ ਨਾਲ ਗੁਰਦੁਆਰਾ ਸਾਹਿਬ ਅਤੇ ਹਸਪਤਾਲ ਦਾ ਸ਼ਿਲਾ ਨਿਆਸ ਕਰਨਾ ਸੀ। ਉਥੇ ਪਹੁੰਚ ਕੇ ਵੇਖਿਆ ਕਿ ਹਜ਼ਾਰਾਂ ਦੀ ਤਦਾਦ ਵਿਚ ਸੰਗਤਾਂ ਸਵੇਰ ਤੋਂ ਹੀ ਬੜੀ ਤੀਬਰਤਾ ਨਾਲ ਆਪ ਜੀ ਦੀ ਉਡੀਕ ਵਿਚ ਸਨ। ਸ਼ਰਧਾਲੂ ਬਹੁਤ ਦੂਰ ਦੂਰ ਤੋਂ ਪਹੁੰਚੇ ਹੋਏ ਸਨ। ਮਹਾਂਪੁਰਖਾਂ ਦੇ ਉਥੇ ਪਹੁੰਚਣ ਤੇ ਸਭ ਸੰਗਤਾਂ ਦੇ ਚਿਹਰੇ ਕਮਲ ਫੁੱਲ ਵਾਂਗੂੰ ਖਿੜ ਗਏ। ਬਹੁਤ ਸਾਰੇ ਪ੍ਰੇਮੀ ਪਿਆਰ ਵਿਚ ਮਸਤਾਨੇ ਹੋਏ ਹੋਏ ਸਨ ਤੇ ਚਾਅ ਨਾਲ ਉਨ੍ਹਾਂ ਦੀ ਧਰਤੀ ਤੇ ਅੱਡੀ ਨਹੀਂ ਜੀ ਲਗਦੀ ਕਿਉਂਕਿ ਬਹੁਤ ਸਮਾਂ ਲੰਘਣ ਤੋਂ ਬਾਅਦ ਆਪ ਜੀ ਦਾ ਓਥੇ ਜਾਣਾ ਬਣਿਆ ਸੀ। ਇਹ ਅਸਥਾਨ ਭਾਈ ਗੁਰਦੀਪ ਸਿੰਘ ਜੀ ਨੇ ਪ੍ਰਚਾਰ ਲਈ ਬਹੁਤ ਹੀ ਸੁੰਦਰ ਸਾਫ ਸੁਥਰਾ ਅਤੇ ਵਧੀਆ ਬਣਾਇਆ ਹੋਇਆ ਹੈ। ਦੀਵਾਨ ਸਜਾਉਣ ਲਈ ਵੱਡਾ ਸ਼ੈਡ, ਲੜੀਵਾਰ ਅਖੰਡਪਾਠਾਂ ਲਈ ਸੁੰਦਰ ਕਮਰੇ, ਇਕ ਪਾਸੇ ਗੁਰੂ ਕਾ ਲੰਗਰ ਤੇ ਰਿਹਾਇਸ਼ੀ ਕਮਰੇ

ਬੜੀ ਸੁਚੱਜੀ ਯੋਜਨਾ ਨਾਲ ਬਣਾਏ ਗਏ ਹਨ। ਆਲੇ ਦੁਆਲੇ ਹਰੀਆਂ ਭਰੀਆਂ ਫਸਲਾਂ, ਠੰਢੀ ਠੰਢੀ ਹਵਾ, ਸਾਫ ਸੁਥਰਾ ਵਾਤਾਵਰਣ, ਬਿਨਾਂ ਕਿਸੇ ਸ਼ੋਰ ਸ਼ਰਾਬੇ ਤੋਂ, ਮਨਾਂ ਨੂੰ ਖਿੱਚ ਪਾਉਂਦਾ ਹੈ। ਥੋੜ੍ਹੀ ਦੇਰ ਵਿਚ ਹੀ ਦੀਵਾਨ ਦੀ ਕਾਰਵਾਈ ਆਰੰਭ ਹੋ ਗਈ। ਅਰਦਾਸ, ਹੁਕਮਨਾਮੇ ਪਿਛੋਂ ਮਹਾਂਪੁਰਸ਼ਾਂ ਨੇ ਅਨੁਭਵੀ ਬਚਨਾਂ ਦੀ ਛਹਿਬਰ ਲਾ ਦਿਤੀ। ਹਰ ਕੋਈ ਆਪ ਜੀ ਦੇ ਬਚਨ ਸੁਣਨ ਲਈ ਉਤਾਵਲਾ ਸੀ। ਆਪ ਜੀ ਵਲੋਂ ਦੱਸਿਆ ਗਿਆ ਕਿ ਮਨੁੱਖ ਜਦੋਂ ਪ੍ਰਭੂ ਦੇ 'ਨਾਮ' ਨਾਲੋਂ ਟੁੱਟ ਕੇ ਰਸਾਂ ਕਸਾਂ ਵਿਚ ਪੈ ਜਾਂਦਾ ਹੈ ਤਾਂ ਸਰੀਰਕ ਰੋਗ ਆਉਣ ਲਗਦੇ ਹਨ –

ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ – 1256

ਤਨ ਅਤੇ ਮਨ ਦੇ ਰੋਗਾਂ ਦੀ ਨਵਿਰਤੀ ਲਈ 'ਨਾਮ' ਰੂਪੀ ਔਸ਼ਧੀ ਲੈਣੀ ਪੈਂਦੀ ਹੈ ਜੋ ਕਿ ਸਮਰੱਥ ਗੁਰੂ ਤੋਂ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬ ਨੇ ਆਪਣੇ ਸਿੱਖ ਨੂੰ ਦਾਨੀ ਅਤੇ ਭਗਤ ਬਣਾਇਆ ਹੈ। ਉਸ ਦਾ ਆਪਣਾ ਜੀਵਨ ਵੀ ਖੁਸ਼ਹਾਲ ਹੋਵੇ ਤੇ ਆਪਣਾ ਨਿਰਬਾਹ ਕਰਦਾ ਹੋਇਆ ਗਰੀਬਾਂ, ਲੋੜਵੰਦਾਂ ਲਈ ਵੀ ਕੁਝ ਕਰ ਸਕੇ। ਸੋ ਇਸ ਖੁਸ਼ਹਾਲੀ ਦੇ ਜੀਵਨ ਲਈ ਬੱਚਿਆਂ ਨੂੰ ਆਧੁਨਿਕ ਟੈਕਨਾਲੌਜੀ ਦੀ ਵਿਦਿਆ, ਭਾਵ ਕੰਪਿਊਟਰ ਦੇ ਨਾਲ ਸਬੰਧਿਤ ਪੜ੍ਹਾਈ ਕਰਾਉਣੀ ਚਾਹੀਦੀ ਹੈ। ਇਸ ਸਬੰਧ ਵਿਚ ਆਪ ਜੀ ਵਲੋਂ ਦੱਸਿਆ ਗਿਆ ਕਿ ਰਤਵਾੜਾ ਸਾਹਿਬ ਵਿਖੇ ਇਨਫਰਮੇਸ਼ਨ ਟੈਕਨਾਲੌਜੀ ਦਾ ਕਾਲਜ ਖੋਲ੍ਹਿਆ ਗਿਆ ਹੈ ਤੇ +2 ਤੱਕ ਆਧੁਨਿਕ ਸਹੂਲਤਾਂ ਵਾਲਾ ਇਕ ਆਦਰਸ਼ਕ ਸਕੂਲ ਵੀ ਇਸ ਸਾਲ ਖੋਲ੍ਹਿਆ ਜਾ ਰਿਹਾ ਹੈ ਜਿਸ ਦਾ ਨਾਂ 'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ' ਰੱਖਿਆ ਗਿਆ ਹੈ।

ਅਨੁਭਵੀ ਬਚਨਾਂ ਤੋਂ ਬਾਅਦ ਆਪ ਜੀ ਨੇ ਉਥੇ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਤੇ ਨਾਲ ਹੀ ਇਲਾਕੇ ਦੀਆਂ ਸੰਗਤਾਂ ਵਾਸਤੇ ਇਕ ਹਸਪਤਾਲ ਦਾ ਸ਼ਿਲਾ ਨਿਆਸ ਵੀ ਕੀਤਾ।

ਜਿਸ ਦਾ ਨਾਂ ਪ੍ਰਬੰਧਕਾਂ ਵਲੋਂ ਸੰਤ ਵਰਿਆਮ ਸਿੰਘ ਜੀ ਹਾਸਪੀਟਲ, ਖੁਬੀਆ ਨੰਗਲ ਰੱਖਿਆ ਗਿਆ ਹੈ। ਹੁਣ ਤਕਰੀਬਨ ਸ਼ਾਮੀ 4 ਵਜੇ ਦਾ ਸਮਾਂ ਹੋ ਚੁੱਕਾ ਸੀ ਤੇ ਸਾਰੇ ਪ੍ਰੇਮੀਆਂ ਦੀ ਇੱਛਾ ਸੀ ਕਿ ਕਿੰਨਾ ਚੰਗਾ ਹੋਵੇ ਕਿ ਮਹਾਂਪੁਰਖ ਕ੍ਰਿਪਾ ਕਰਕੇ ਸਾਨੂੰ ਇਸ ਇਲਾਕੇ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਇਤਿਹਾਸ ਨਾਲ ਸਬੰਧਿਤ ਗੁਰਦੁਆਰਾ ਨਾਨਕ ਮਤਾ ਸਾਹਿਬ ਦੇ ਦਰਸ਼ਨ ਕਰਵਾ ਦੇਣ। ਸੋ ਆਪ ਜੀ ਨੇ ਸਭ ਦੇ ਦਿਲ ਦੀ ਭਾਵਨਾ ਦੇਖਦੇ ਹੋਏ ਤੁਰੰਤ ਹੀ ਉਧਰ ਨੂੰ ਚੱਲਣ ਦਾ ਹੁਕਮ ਦੇ ਦਿਤਾ। ਸਾਰੇ ਪ੍ਰੇਮੀ ਬੜੇ ਖੁਸ਼ ਹੋਏ ਤੇ ਉਥੋਂ ਹੋਰ ਕਈ ਪ੍ਰੇਮੀ ਸਾਡੇ ਨਾਲ ਗੁਰਦੁਆਰਾ ਨਾਨਕ ਮਤਾ ਸਾਹਿਬ ਵਲ ਨੂੰ ਚੱਲ ਪਏ। ਭਾਵੇਂ ਰਸਤੇ ਵਿਚ ਸੜਕ ਦੀ ਹਾਲਤ ਬਹੁਤ ਮੰਦੀ ਸੀ, ਫਿਰ ਵੀ ਅਸੀਂ ਸਾਢੇ ਪੰਜ ਵਜੇ ਉਸ ਪਵਿੱਤਰ ਅਸਥਾਨ ਤੇ ਪਹੁੰਚ ਗਏ। ਇਹ ਅਸਥਾਨ ਬੜਾ ਹੀ ਸੁੰਦਰ, ਸ਼ਹਿਰ ਤੋਂ ਬਾਹਰ ਬਣਿਆ ਹੋਇਆ ਹੈ ਜਿਥੇ ਗੁਰੂ ਨਾਨਕ ਸਾਹਿਬ ਮਹਾਰਾਜ ਨਾਲ ਸਿੱਧਾਂ ਦੀ ਗੋਸ਼ਟ ਹੋਈ ਸੀ। ਗੁਰੂ ਜੀ ਜਦੋਂ ਸਿੱਧਾਂ ਨੂੰ ਸਿੱਧੇ ਰਾਹੇ ਪਾਉਣ ਵਾਸਤੇ ਓਥੇ ਪਹੁੰਚੇ ਤਾਂ ਉਹ ਆਪ ਨੂੰ ਕਹਿਣ ਲੱਗੇ ਕਿ ਤੁਸੀਂ ਇਥੋਂ ਚਲੇ ਜਾਓ, ਇਹ ਧਰਤੀ ਸਾਡੀ ਹੈ। ਗੁਰੂ ਜੀ ਕਹਿਣ ਲੱਗੇ, ਸਿੱਧ ਜੀ! ਧਰਤੀ ਤਾਂ ਸਾਰੀ ਅਕਾਲਪੁਰਖ ਦੀ ਹੈ। ਤਦ ਸਿੱਧ ਕਹਿਣ ਲੱਗੇ ਕਿ ਧਰਤੀ ਨੂੰ ਹੀ ਪੁੱਛ ਲਓ, ਕਿਸ ਦੀ ਹੈ? ਉਨ੍ਹਾਂ ਨੇ ਬੜੀ ਚਲਾਕੀ ਨਾਲ ਟੋਆ ਪੁੱਟ ਕੇ ਇਕ ਸਿੱਧ ਨੂੰ ਥੱਲੇ ਬਿਠਾ ਕੇ ਉਪਰ ਘਾਹ ਫੂਸ ਪਾ ਦਿਤਾ ਅਤੇ ਥੋੜ੍ਹੀ ਜਿਹੀ ਥਾਂ ਹਵਾ ਜਾਣ ਵਾਸਤੇ ਰੱਖ ਲਈ। ਜਦੋਂ ਪੁਛਿਆ ਕਿ ਧਰਤੀਏ! ਤੂੰ ਦਸ ਕਿਸ ਦੀ ਹੈਂ? ਤਾਂ ਧਰਤੀ ਥੱਲੇ ਬੈਠਾ ਸਿੱਧ ਬੋਲ ਪਿਆ – ਗੋਰਖ ਮਤਾ, ਗੋਰਖ ਮਤਾ, ਗੋਰਖ ਮਤਾ, ਭਾਵ ਕਿ ਧਰਤੀ ਗੋਰਖਨਾਥ ਦੀ ਹੈ। ਸੋ ਜਾਣੀ ਜਾਣ ਸਤਿਗੁਰੂ ਜੀ ਨੇ ਹਵਾ ਵਾਲੀ ਮੋਰੀ ਤੇ ਆਪਣਾ ਚਰਨ ਰੱਖ ਦਿਤਾ। ਉਨ੍ਹਾਂ ਦੇ ਕਪਟ ਦਾ ਪਰਦਾ ਫਾਸ਼ ਕਰਨ ਲਈ ਥੱਲੇ ਬੈਠਾ ਬੰਦਾ ਬਾਹਰ ਕੱਢਿਆ ਤੇ ਕਹਿਣ ਲੱਗੇ ਕਿ ਹੁਣ ਪੁਛੋ? ਜਦੋਂ ਫਿਰ ਪੁਛਿਆ ਗਿਆ ਤਾਂ ਕਹਿੰਦੇ ਨੇ, ਧਰਤੀ ਬੱਦਲ ਵਾਂਗੂੰ ਗਰਜ ਕੇ ਆਖਣ ਲੱਗੀ – ਨਾਨਕ ਮਤਾ, ਨਾਨਕ ਮਤਾ, ਨਾਨਕ ਮਤਾ। ਇਸ ਤਰ੍ਹਾਂ ਆਪ ਜੀ ਨੇ ਸਿੱਧਾਂ ਦਾ ਹੰਕਾਰ ਤੋੜਿਆ। ਫਿਰ ਗੁੱਸੇ ਵਿਚ ਆ ਕੇ ਉਨ੍ਹਾਂ ਨੇ ਆਪਣੀ ਸ਼ਕਤੀ ਨਾਲ ਉਸ ਪਿੱਪਲ ਨੂੰ ਜੜ੍ਹੋਂ ਉਖਾੜਨ ਦਾ ਯਤਨ ਕੀਤਾ ਜਿਸ ਥੱਲੇ ਗੁਰੂ ਜੀ ਡੇਰਾ ਲਾਈ ਬੈਠੇ ਸਨ। ਗੁਰੂ ਜੀ ਨੇ ਆਪਣੀ ਦ੍ਰਿਸ਼ਟੀ ਕੀਤੀ। ਬੋਹੜ ਅਜੇ ਆਪਣੀ ਜੜ੍ਹ ਤੋਂ ਕੁਝ ਫੁੱਟ ਉਪਰ ਉਠਿਆ ਹੀ ਸੀ ਕਿ ਰੋਕ ਦਿਤਾ ਗਿਆ। ਜਿਥੇ ਸਤਿਗੁਰੂ ਜੀ ਬੈਠੇ ਸਨ ਉਥੇ ਪਾਣੀ ਨਹੀਂ ਸੀ। ਸਤਿਗੁਰੂ ਜੀ ਨੇ ਮਰਦਾਨੇ ਨੂੰ ਕਿਹਾ, ਮਰਦਾਨਿਆਂ! ਇਥੋਂ ਥੋੜ੍ਹੀ ਦੂਰ ਇਕ ਨਦੀ ਚਲਦੀ ਹੈ। ਤੂੰ ਇਥੋਂ ਇਹ ਸਾਡੀ ਫੌੜ੍ਹੀ ਲੈ ਜਾ ਕੇ ਨਦੀ ਵਿਚ ਸੁੱਟ ਦੇ ਤੇ ਆਖ ਦੇਵੀਂ ਕਿ ਤੈਨੂੰ ਮੇਰੇ ਗੁਰੂ ਨੇ ਬੁਲਾਇਆ ਹੈ। ਤਰਕ ਨਾ ਕਰੀ, ਭਰੋਸੇ ਵਿਚ ਰਹੀਂ ਤੇ ਪਿਛੇ ਮੁੜ ਕੇ ਨਾ ਦੇਖੀਂ, ਨਦੀ ਤੇਰੇ ਪਿਛੇ ਪਿਛੇ ਆ ਜਾਵੇਗੀ। ਮਰਦਾਨੇ ਨੇ ਅਜੇਹਾ ਹੀ ਕੀਤਾ। ਮੁੜਦੇ ਸਮੇਂ ਇਹ ਕੌਤਕ ਦੇਖ ਕੇ ਸਿੱਧ ਹੈਰਾਨ ਹੋਏ ਤੇ ਮਰਦਾਨੇ ਨੂੰ ਗੁਰੂ ਜੀ ਦੇ ਬਚਨਾਂ ਤੋਂ ਮੁਨਕਰ ਹੋਣ ਲਈ ਭਰਮਾਉਣ ਲੱਗੇ ਕਿ ਭਲਾ ਇਵੇਂ ਵੀ ਕਿਤੇ ਨਦੀ ਨਾਲ ਆ ਸਕਦੀ ਹੈ? ਮਰਦਾਨੇ ਨੇ ਪਿਛੇ ਮੁੜ ਕੇ ਵੇਖ ਲਿਆ। ਕਹਿੰਦੇ ਨੇ ਨਦੀ ਸੱਚੀ-ਮੁਚੀ ਪਿਛੇ ਆ ਰਹੀ ਸੀ ਤੇ ਉਥੇ ਹੀ ਰੁਕ ਗਈ। ਹੁਣ ਓਥੇ ਬਹੁਤ ਵੱਡਾ ਪਾਣੀ ਦਾ ਡੈਮ ਬਣਿਆ ਹੋਇਆ ਹੈ ਜਿਸਨੂੰ 'ਨਾਨਕ ਸਾਗਰ' ਆਖਿਆ ਜਾਂਦਾ ਹੈ।

ਅਸੀਂ ਸਾਰਿਆਂ ਨੇ ਉਸ ਅਸਥਾਨ ਦੇ ਦਰਸ਼ਨ ਕੀਤੇ ਤੇ ਮਹਾਂਪੁਰਖ ਆਪ ਹੀ ਕ੍ਰਿਪਾ ਕਰਕੇ ਸਾਨੂੰ ਇਸ ਦਾ ਇਤਿਹਾਸ ਵੀ ਦੱਸੀ ਜਾਂਦੇ ਸੀ। ਗੁਰਦੁਆਰਾ ਸਾਹਿਬ ਤੋਂ ਵਾਪਸ ਮੁੜਨ ਤੋਂ ਪਹਿਲਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮਹਾਂਪੁਰਖਾਂ ਨੂੰ ਸਿਰੋਪਾ ਭੇਟ ਕੀਤਾ ਗਿਆ। ਆਪ ਜੀ ਇਸ ਅਸਥਾਨ ਤੇ ਬੜਾ ਲੰਮਾ ਸਮਾਂ ਹਰ ਮਹੀਨੇ ਦੀਵਾਨ ਸਜਾ

ਕੇ ਸੰਗਤਾਂ ਨੂੰ ਗੁਰਮਤਿ ਨਾਲ ਜੋੜਿਆ ਕਰਦੇ ਸੀ। ਗੁਰਦੁਆਰਾ ਸਾਹਿਬ ਵਿਚ ਸਥਾਪਤ ਸਕੂਲ ਦੇ ਬੱਚੇ ਬੱਚੀਆਂ ਵੀ ਲਾਈਨਾਂ ਬਣਾ ਕੇ ਆਪ ਜੀ ਤੋਂ ਅਸ਼ੀਰਵਾਦ ਲੈਣ ਲਈ ਪਹੁੰਚੇ। ਸੋ ਗੁਰੂ ਸਾਹਿਬ ਦੇ ਇਸ ਪਵਿੱਤਰ ਅਸਥਾਨ ਦੇ ਦਰਸ਼ਨਾਂ ਨਾਲ ਅਸੀਂ ਸਰਸ਼ਾਰ ਹੋ ਕੇ ਵਾਪਸ ਸਾਢੇ ਛੇ ਵਜੇ ਭਾਈ ਗੁਰਪਾਲ ਸਿੰਘ ਵਲੋਂ ਗੁਰਮਤਿ ਪ੍ਰਚਾਰ ਲਈ ਬਣਾਏ ਅਸਥਾਨ ਸੁਾਲਾਪੁਰ ਲਈ ਰਵਾਨਾ ਹੋਏ। ਭਾਵੇਂ ਹਨ੍ਹੇਰਾ ਹੋ ਚੁੱਕਾ ਸੀ ਪਰ ਉਥੇ ਵੀ ਬਹੁਤ ਸੰਗਤਾਂ ਕਾਫੀ ਸਮੇਂ ਤੋਂ ਆਪ ਜੀ ਨੂੰ ਮਿਲਣ ਵਾਸਤੇ ਇਕੱਤਰ ਹੋਈਆਂ ਸਨ। ਆਪ ਜੀ ਸਭ ਨੂੰ ਬੜੇ ਪਿਆਰ ਨਾਲ ਮਿਲੇ। ਸਭ ਦੇ ਘਰ ਪਰਿਵਾਰ ਦੀ ਸੁੱਖ ਸਾਂਦ ਪੁੱਛੀ ਤੇ ਕੁਝ ਸਮਾਂ ਓਥੇ ਠਹਿਰਨ ਤੋਂ ਬਾਅਦ ਰਾਤ ਦੇ ਆਰਾਮ ਲਈ ਖੂਬੀਆ ਨੰਗਲ ਲਈ ਚੱਲ ਗਏ। ਭਾਈ ਗੁਰਦੀਪ ਸਿੰਘ ਹੋਰਾਂ ਨੇ, ਰਿਹਾਇਸ਼ ਦਾ ਬੜਾ ਚੰਗਾ ਪ੍ਰਬੰਧ ਕੀਤਾ ਹੋਇਆ ਸੀ। ਭਾਵੇਂ ਅਸੀਂ ਕੁਝ ਥਕਾਵਟ ਮਹਿਸੂਸ ਕਰਦੇ ਸਾਂ ਪਰ ਹੈਰਾਨੀ ਦੀ ਗੱਲ ਹੈ ਕਿ ਮਹਾਂਪੁਰਖਾਂ ਦੇ ਚਿਹਰੇ ਤੇ ਕਿਸੇ ਵੀ ਕਿਸਮ ਦੀ ਕੋਈ ਥਕਾਵਟ ਦਾ ਚਿੰਨ੍ਹ ਨਹੀਂ ਸੀ ਨਜ਼ਰ ਆ ਰਿਹਾ ਬਲਕਿ ਆਪ ਤਾਂ ਕਮਲ ਦੇ ਫੁੱਲ ਵਾਂਗੂੰ ਖਿੜੇ ਖਿੜੇ ਪ੍ਰਸੰਨ ਚਿੱਤ ਨਜ਼ਰ ਆਉਂਦੇ ਸੀ। ਸ਼ਾਇਦ ਆਪ ਜੀ ਕਾਫੀ ਚਿਰ ਮਗਰੋਂ ਆਪਣੇ ਪਿਆਰਿਆਂ ਨੂੰ ਮਿਲ ਕੇ ਖੁਸ਼ੀ ਨਾਲ ਨੱਕੋ ਨੱਕ ਭਰੇ ਹੋਏ ਸਨ।

ਅਗਲੇ ਦਿਨ ਸਵੇਰੇ ਹੀ 9 ਵਜੇ ਆਪ ਜੀ ਵਲੋਂ ਇਥੇ ਹੀ 'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ' ਨਾਂ ਦੇ ਸਕੂਲ ਦਾ ਨੀਂਹ ਪੱਥਰ ਰੱਖਿਆ ਗਿਆ। ਆਪ ਜੀ ਨੇ ਆਪਣੇ ਬਚਨਾਂ ਵਿਚ ਦੱਸਿਆ ਕਿ ਅੱਜ ਦੇ ਯੁੱਗ ਵਿਚ ਬੱਚਿਆਂ ਨੂੰ ਐਸੀ ਵਿਦਿਆ ਦੇਣੀ ਚਾਹੀਦੀ ਹੈ ਜਿਸ ਨਾਲ ਉਹ ਚੰਗਾ ਰੁਜ਼ਗਾਰ ਪ੍ਰਾਪਤ ਕਰ ਸਕਣ। ਅੱਜ ਦਾ ਯੁੱਗ ਕੰਮਪਿਊਟਰ ਦਾ ਯੁੱਗ ਹੈ। ਸੋ ਇਸ ਵਿਸ਼ੇ ਨਾਲ ਸਬੰਧਤ ਵਿਦਿਆ ਹਾਸਲ ਕਰਨ ਵਾਲੇ ਬੱਚਿਆਂ ਦਾ ਭਵਿੱਖ ਖੁਸ਼ਹਾਲ ਨਜ਼ਰ ਆਉਂਦਾ ਹੈ। ਦੱਖਣ ਦੇ ਲੋਕ ਸਾਡੇ ਨਾਲੋਂ ਇਸ ਵਿਸ਼ੇ ਵਿਚ ਕਿਤੇ ਜ਼ਿਆਦਾ ਅੱਗੇ ਨਿਕਲ ਗਏ ਹਨ ਅਤੇ ਅਸੀਂ ਬਹੁਤ ਪੱਛੜ ਗਏ ਹਾਂ। ਆਪ ਜੀ ਨੇ ਇਸ ਸਕੂਲ ਦੇ ਸੰਚਾਲਕ ਭਾਈ ਗੁਰਦੀਪ ਸਿੰਘ ਹੋਰਾਂ ਨੂੰ ਕਿਹਾ ਕਿ ਸਕੂਲ ਲਈ ਚੰਗੇ ਟ੍ਰੇਂਡ ਅਧਿਆਪਕ ਰੱਖੋ ਤੇ CBSE ਪੈਟਰਨ ਤੇ ਇਸ ਦਾ ਸਿਲੇਬਸ ਰੱਖ ਕੇ, ਸਵੈ ਰੋਜ਼ਗਾਰ ਸਬੰਧੀ ਵਿਦਿਆ ਪੜ੍ਹਾਉਣ ਦਾ ਪ੍ਰਬੰਧ ਕਰੋ ਤਾ ਕਿ ਇਹ ਸਕੂਲ ਇਕ ਆਦਰਸ਼ਕ ਸਕੂਲ ਬਣ ਸਕੇ। ਸੋ ਬੜੀ ਹੈਰਾਨੀ ਹੋਈ ਜਦੋਂ ਭਾਈ ਸਾਹਿਬ ਵਲੋਂ ਆਪ ਜੀ ਲਈ ਸਰੋਪੇ ਤੇ 50 ਹਜ਼ਾਰ ਰੁਪਿਆ ਰੱਖ ਕੇ ਭੇਟ ਕੀਤਾ ਗਿਆ ਤਾਂ ਆਪ ਜੀ ਨੇ ਇਹ ਆਪਣੇ ਮਸਤਕ ਤੇ ਲਗਾ ਕੇ ਉਨ੍ਹਾਂ ਨੂੰ ਹੀ ਵਾਪਸ ਮੋੜ ਦਿਤਾ ਤੇ ਕਿਹਾ ਕਿ ਮੇਰੇ ਵਲੋਂ ਇਹੀ ਮਾਇਆ ਬੱਚਿਆਂ ਦੀ ਪੜ੍ਹਾਈ ਵਾਸਤੇ ਸਕੂਲ ਵਿਚ ਹੀ ਲਾ ਦਿਓ। ਆਪ ਜੀ ਦੀ ਫਰਾਖ ਦਿਲੀ ਤੋਂ ਸਭ ਪ੍ਰੇਮੀ ਬਹੁਤ ਪ੍ਰਭਾਵਿਤ ਹੋਏ। ਸੱਚਮੁੱਚ ਅੱਜ ਵੀ ਆਪ ਜੀ ਦੇ ਦਿਲ ਵਿਚ ਉਨ੍ਹਾਂ ਦੀ ਖੁਸ਼ਹਾਲੀ ਤੇ ਚੜ੍ਹਦੀ ਕਲਾ ਅਤੇ ਉਜਲ ਭਵਿੱਖ ਲਈ ਕਿਤਨੀ ਤੜਪ ਹੈ।

ਇਥੋਂ ਚੱਲ ਕੇ ਅਸੀਂ ਬਿਲਾਸਪੁਰ ਵਿਖੇ ਗਏ ਜਿਥੇ ਭਾਈ ਸਾਹਿਬ (ਭਾਈ ਲਖਬੀਰ ਸਿੰਘ) ਦੇ ਪਰਿਵਾਰ ਦੀ ਰਿਹਾਇਸ਼ ਹੈ। ਸਾਰੇ ਪਰਿਵਾਰ ਨੇ ਮਹਾਂਪੁਰਸ਼ਾਂ ਨੂੰ ਫੁੱਲਾਂ ਦੇ ਹਾਰ ਭੇਟ ਕਰਕੇ ਨਿਘਾ ਸਵਾਗਤ ਕੀਤਾ ਅਤੇ ਠੀਕ ਸਾਢੇ ਨੌਂ ਵਜੇ ਅਸੀਂ ਮਹਾਂਪੁਰਸ਼ਾਂ ਦੇ ਅਤਿ ਸਨੇਹੀ ਸਵਰਗਵਾਸੀ ਪਦਮ ਸ੍ਰੀ ਕਰਨਲ ਲਾਲ ਸਿੰਘ ਜੀ ਦੇ ਫਾਰਮ ਹਾਊਸ ਵਿਚ ਪਹੁੰਚੇ। ਕਰਨਲ ਸਾਹਿਬ ਦਾ ਨੌਜਵਾਨ ਪੋਤਰਾ ਕੁਝ ਦਿਨ ਪਹਿਲਾਂ ਰੱਬ ਨੂੰ ਪਿਆਰਾ ਹੋ ਗਿਆ ਸੀ। ਸੋ ਦੁਖੀ ਪਰਿਵਾਰ ਨਾਲ ਆਪ ਜੀ ਉਨ੍ਹਾਂ ਦੇ ਦੁੱਖ ਵਿਚ ਸ਼ਰੀਕ ਹੋਣ ਲਈ ਉਥੇ ਪਹੁੰਚੇ ਸਨ। ਓਥੇ ਪਹੁੰਚਦੇ ਸਾਰ ਹੀ ਕਰਨਲ ਸਾਹਿਬ ਦੇ ਲੜਕੇ ਅਤੇ ਉਸ ਦੀ ਧਰਮ ਪਤਨੀ ਤੇ ਹੋਰ ਪਰਿਵਾਰ ਦੇ ਮੈਂਬਰਾਂ ਸਮੇਤ ਬੜੇ ਹੀ ਸਨੇਹ ਨਾਲ ਆਪ ਜੀ ਨੂੰ ਮਿਲੇ, ਮਿਲਦੇ ਸਾਰ ਉਨ੍ਹਾਂ ਦਾ ਮਨ ਬੈਰਾਗ ਨਾਲ ਭਰ ਆਇਆ, ਨੇਤਰਾਂ ਵਿਚੋਂ ਹੰਝੂ ਰੋਕਿਆਂ ਨਹੀਂ ਸਨ ਰੁਕਦੇ। ਇਕ ਪਲ ਲਈ ਸਾਰਾ ਵਾਤਾਵਰਣ ਗਮਗੀਨ ਹੋ ਗਿਆ ਸੀ। ਮਹਾਂਪੁਰਖਾਂ ਨੇ ਆਪਣੇ ਪਿਆਰ ਭਰੇ ਬਚਨਾਂ ਨਾਲ ਉਨ੍ਹਾਂ ਨੂੰ ਧਰਵਾਸ ਦਿਤਾ, ਉਨ੍ਹਾਂ ਦੇ ਪਿਤਾ ਕਰਨਲ ਲਾਲ ਸਿੰਘ ਜੀ ਅਤੇ ਆਪ ਜੀ ਦਾ ਦਿਲੀ ਰਿਸ਼ਤਾ ਸੀ। ਕੁਝ ਪਲ ਲਈ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ। ਸਾਡੇ ਨਾਲ ਹੀ ਸੰਗ ਕਰ ਰਹੇ ਗਿਆਨੀ ਹਰਿੰਦਰ ਸਿੰਘ ਜੀ ਨੇ ਦੱਸਿਆ ਕਿ ਕਰਨਲ ਸਾਹਿਬ ਬਹੁਤ ਹੀ ਚੜ੍ਹਦੀ ਕਲਾ ਵਾਲੇ ਗੁਰਸਿੱਖ ਸਨ ਜੋ ਕਿ ਮਹਾਂਪੁਰਖਾਂ ਦੇ ਨਾਲ ਗੁਰਮਤਿ ਪ੍ਰਚਾਰ ਲਈ ਮੋਢੇ ਨਾਲ ਮੋਢਾ ਲਾ ਕੇ ਸਹਿਯੋਗ ਕਰਿਆ ਕਰਦੇ ਸਨ। ਉਨ੍ਹਾਂ ਦੇ ਦੋ ਲੜਕੇ, ਵੱਡੇ ਮੇਜਰ ਜਨਰਲ ਹਰਿੰਦਰ ਸਿੰਘ ਅਤੇ ਛੋਟੇ ਵਿੰਗ ਕਮਾਂਡਰ ਰਮਿੰਦਰ ਸਿੰਘ ਹਨ, ਜਿਨ੍ਹਾਂ ਦਾ ਨੌਜਵਾਨ ਲੜਕਾ, ਸੱਚਖੰਡ ਪਿਆਨਾ ਕਰ ਗਿਆ ਸੀ। ਕਰਨਲ ਸਾਹਿਬ ਬਾਰੇ ਅਕਸਰ ਆਪ ਜੀ ਕਈ ਵਾਰੀ ਆਪਣੇ ਦੀਵਾਨਾਂ ਵਿਚ ਵੀ ਦੱਸਿਆ ਕਰਦੇ ਸਨ ਕਿ ਉਨ੍ਹਾਂ ਦੇ ਜਾਣ ਨਾਲ ਆਪ ਜੀ ਨੂੰ ਨਿਜੀ ਤੌਰ ਤੇ ਕਿਤਨਾ ਘਾਟਾ ਪਿਆ ਸੀ। ਇਸ ਪਿਛੋਂ ਗਿਆਨੀ ਹਰਿੰਦਰ ਸਿੰਘ ਜੀ ਨੇ ਆਪ ਜੀ ਨੂੰ ਆਪਣੇ ਗ੍ਰਿਹਿ ਵਿਖੇ ਚਰਨ ਪਾਉਣ ਲਈ ਬੇਨਤੀ ਕੀਤੀ। ਸਭ ਸੰਗਤਾਂ ਦੀ ਚਾਹ ਪਾਣੀ ਆਦਿ ਨਾਲ ਸੇਵਾ ਕੀਤੀ ਗਈ।

ਓਥੋਂ ਪੌਣੇ ਗਿਆਰਾਂ ਵਜੇ ਅਸੀਂ ਭਾਈ ਗੁਰਪਾਲ ਸਿੰਘ ਵਲੋਂ ਸਥਾਪਨ ਕੀਤੇ ਗੁਰਮਤਿ ਪ੍ਰਚਾਰ ਕੇਂਦਰ, ਸੁਾਲਾਪੁਰ ਵਲ ਚਲ ਪਏ ਜਿਥੇ ਕਿ ਮਹਾਂਪੁਰਸ਼ਾਂ ਵਲੋਂ ਸਕੂਲ ਦਾ ਨੀਂਹ ਪੱਥਰ ਰੱਖਣਾ ਸੀ। ਰਸਤੇ ਵਿਚ ਜਾਂਦਿਆਂ ਸੜਕ ਦੇ ਇਕ ਪਾਸੇ ਜੰਗਲ ਹੀ ਜੰਗਲ ਸਨ ਜੋ ਇਸ ਗੱਲ ਦਾ ਸਭ ਦਾ ਪ੍ਰਤੀਕ ਸਨ ਕਿ ਇਥੇ ਪੰਜਾਬੀਆਂ ਨੇ ਕਿਵੇਂ ਸੱਪਾਂ ਦੀਆਂ ਸਿਰੀਆਂ ਫੇਹ ਕੇ, ਖਤਰਨਾਕ ਜੰਗਲੀ ਜਾਨਵਰਾਂ ਨਾਲ ਜੂਝਦਿਆਂ ਦਿਨ ਰਾਤ ਇਕ ਕਰਕੇ ਇਸ ਧਰਤੀ ਨੂੰ ਆਬਾਦ ਕੀਤਾ ਹੈ। ਇਨ੍ਹਾਂ ਲੋਕਾਂ ਦੇ ਜਿੰਨੇ ਵੱਡੇ ਵੱਡੇ ਫਾਰਮ, ਓਨੇ ਹੀ ਵੱਡੇ ਵੱਡੇ ਦਿਲ, ਨਾ ਕਿਸੇ ਦੇ ਅੰਦਰ ਕੋਈ ਤਰਕਬਾਜ਼ੀ, ਨਾ ਕੋਈ ਗਿਲਾ ਸ਼ਿਕਵਾ, ਗੰਗਾ ਵਾਂਗੂੰ ਸਾਫ ਦਿਲਾਂ ਦੇ ਮਾਲਕ ਇਹ ਲੋਕ, ਮਹਾਂਪੁਰਸ਼ਾਂ ਦੇ ਪਿਆਰ ਵਿਚ ਨੱਕੋ ਨੱਕ ਭਰੇ ਪਏ ਹਨ। ਸੁਾਲਾਪੁਰ ਪਹੁੰਚਦਿਆਂ ਹੀ ਓਥੇ ਮੌਜੂਦ ਸਭ ਸੰਗਤਾਂ ਦੇ ਦਿਲਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ, ਸਾਰਿਆਂ ਨੇ ਮਹਾਂਪੁਰਸ਼ਾਂ

(ਬਾਕੀ ਪੰਨਾ 63 ਤੇ)

ਅਭੇਦ ਪੁਰਸ਼ ਭਾਈ ਨੰਦ ਲਾਲ ਜੀ

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।

ਸ਼ਾਨ ....।

ਸਤਿਨਾਮ ਸ੍ਰੀ ਵਾਹਿਗੁਰੂ
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥
ਪੰਨਾ - 256

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਪੰਨਾ - 289

ਸਗਲ ਦੁਆਰ ਕਉ ਛਾਡਿ ਕੈ ਗਇਓ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥
(ਦਸਮ 254)

ਧਾਰਨਾ - *ਜਾ ਤੂੰ ਤਾਂ ਮੈਂ ਮਾਣ ਕੀਤਾ ਹੈ,*
ਤੁਧ ਵਿਣ ਕੇਹਾ ਮੇਰਾ ਮਾਣੋ ਜੀ -4, 2.
ਤੁਧ ਵਿਣ ਕੇਹਾ ਮੇਰਾ ਮਾਣੋ ਜੀ -2, 2.
ਜਾ ਤੂੰ ਤਾਂ ਮੈਂ ਮਾਣ ਕੀਆ ਹੈ, ... -2.

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥
ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥
ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ॥
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ॥
ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ॥
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥
ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥
ਪੰਨਾ - 557

ਧਾਰਨਾ - ਸੁਪਨੇ ਆਇਆ ਭੀ ਗਿਆ,
ਮੈ ਜਲ ਭਰਿਆ ਰੋਇ -2, 2.
ਮੈ ਜਲ ਭਰਿਆ ਰੋਇ -4, 2.
ਸੁਪਨੇ ਆਇਆ ਭੀ ਗਿਆ, ... -2.

ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥
ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥
ਪੰਨਾ - 558

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਧਾਰਨਾ - ਜਾਵਾਂ ਬਲਿਹਾਰ ਜੀ ਮੈਂ ਆਪਣੇ ਗੁਰਾਂ ਤੋਂ -2, 2.
ਆਪਣੇ ਗੁਰਾਂ ਤੋਂ ਜੀ, ਮੈਂ ਆਪਣੇ ਗੁਰਾਂ ਤੋਂ -2. 2,
ਜਾਵਾਂ ਬਲਿਹਾਰ ਜੀ ਮੈਂ,............... -2.

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥
ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥
ਪੰਨਾ - 462

ਸਾਧ ਸੰਗਤ ਜੀ! ਗੱਜ ਕੇ ਬੋਲਣਾ - ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਜੀ ਦੀ ਅਪਾਰ ਕਿਰਪਾ ਦੇ ਸਦਕੇ ਬੇਅੰਤ ਕੰਮਾਂ ਦੇ ਵਿਚ ਰੁਝੇ ਹੋਣ ਦੇ ਬਾਵਜੂਦ ਵੀ ਕਾਫੀ ਗਿਣਤੀ ਵਿਚ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਬਲਿਹਾਰ ਜਾਂਦੇ ਹਾਂ ਆਪਣੇ ਗੁਰੂ ਤੋਂ, ਮਹਾਰਾਜ ਜੀ ਕਹਿੰਦੇ ਹਨ, ਸੈਂਕੜੇ

ਵਾਰੀ, ਕਿਉਂਕਿ ਗੁਰੂ ਨੇ ਅੰਦਰ ਚਾਨਣ ਕਰ ਦਿੱਤਾ, ਪ੍ਰਕਾਸ਼ ਕਰ ਦਿਤਾ, ਪਹਿਲਾਂ ਹਨ੍ਹੇਰਾ ਪਿਆ ਸੀ। ਗੁਰੂ ਤੋਂ ਬਗੈਰ ਅੰਧ ਗੁਬਾਰ ਹੈ। ਗੁਰੂ ਨਾ ਹੋਵੇ ਤਾਂ ਆਹੀ ਜੀਵਨ ਸੋਹਣੇ ਕੱਪੜੇ ਪਾਏ ਹੋਏ, ਕੋਠੀਆਂ ਵਿਚ ਰਹਿੰਦਾ ਹੋਇਆ, ਬੜੀ ਭਾਰੀ ਇੱਜ਼ਤ ਪ੍ਰਾਪਤ ਕਰ ਕੇ, ਅਹੁਦੇ ਵੱਡੇ-ਵੱਡੇ ਹਾਸਲ ਕਰਕੇ, ਹੋਰ ਵੀ ਦੁਨੀਆਂ ਦੀਆਂ ਜੋ ਪ੍ਰਾਪਤੀਆਂ ਨੇ, ਉਹ ਸਾਰੀਆਂ ਉਸ ਨੂੰ ਪ੍ਰਾਪਤ ਹੋਣ, ਪਰ ਜੇ ਉਸਦਾ ਗੁਰੂ ਨਾ ਹੋਵੇ ਤਾਂ ਕਹਿੰਦੇ ਉਸ ਆਦਮੀ ਦਾ ਤਾਂ ਨਾਉਂ ਲੈਣਾ ਹੀ ਬੁਰਾ ਹੋਇਆ ਕਰਦਾ ਹੈ। ਤ੍ਰਿਗੁਣ ਮਾਇਆ ਹੈ - ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ। ਆਹ ਜਿਹੜਾ ਕੁਝ ਦਿਸਦਾ ਹੈ ਅੱਖਾਂ ਦੇ ਨਾਲ, ਕੰਨਾਂ ਦੇ ਨਾਲ ਸੁਣਦਾ ਹੈ ਇਹ ਅਸਲੀਅਤ ਨਹੀਂ ਹੈ ਸਾਧ ਸੰਗਤ ਜੀ! ਗੁਰੂ ਮਹਾਰਾਜ ਡੰਕੇ ਦੀ ਚੋਟ ਨਾਲ ਕਹਿੰਦੇ ਨੇ ਕਿ ਇਹ ਅਸਲੀਅਤ ਨਹੀਂ ਹੈ ਭਾਈ! ਅਸਲੀਅਤ ਨਹੀਂ, ਇਹ ਤਾਂ ਬਦਲਦੀ ਦੁਨੀਆਂ ਹੈ। ਹੁਣ ਕੋਈ ਬੰਦਾ ਹੈ, ਦੋ ਘੜੀ ਨੂੰ ਹੈ ਨਹੀਂ। ਅਸਲੀਅਤ ਹੁੰਦੀ ਤਾਂ ਬੰਦਾ ਜਾਂਦਾ ਹੀ ਨਾ। ਅੱਜ ਮਕਾਨ ਦਿਸਦੇ ਨੇ, ਸਮਾਂ ਆਉਂਦਾ ਹੈ ਤਾਂ ਉਥੇ ਥੇਹ ਪਏ ਹੁੰਦੇ ਨੇ, ਜੇ ਅਸਲੀਅਤ ਹੋਵੇ ਤਾਂ ਓਵੇਂ-ਜਿਵੇਂ ਹੀ ਰਹਿਣ। ਇਹ ਇਕ ਨਕਲ ਹੋ ਰਹੀ ਹੈ। ਭਵਜਲ ਹੈ ਲਹਿਰਾਂ ਮਾਰ ਰਿਹੈ, ਉਛਾਲੇ ਮਾਰ ਰਿਹੈ ਤੇ ਇਹ ਜੀਵ ਇਸ ਦੇ ਵਿਚ ਆ ਕੇ ਭੁੱਲ ਗਿਆ। ਹੁਣ ਭੁੱਲੇ ਨੂੰ ਕੋਈ ਰਾਹ ਨਹੀਂ ਲੱਭਦਾ - ਨਾ ਕੋਠੀਆਂ ਰਾਹ ਦਿੰਦੀਆਂ ਨੇ, ਨਾ ਪੈਸਾ ਰਾਹ ਦਿੰਦਾ ਹੈ, ਨਾ ਟਰੱਕ ਰਾਹ ਦਿੰਦੇ ਨੇ, ਨਾ ਬਸਾਂ ਰਾਹ ਦਿੰਦੀਆਂ ਨੇ, ਨਾ ਕੋਈ ਹੋਰ ਕਿਤਾਬਾਂ ਰਾਹ ਦਿੰਦੀਆਂ ਨੇ, ਨਾ ਸਰੀਰ ਦੀ ਸੁੰਦਰਤਾ ਰਾਹ ਦਿੰਦੀ ਹੈ, ਰਾਹ ਲੱਭਦਾ ਹੀ ਨਹੀਂ, ਇਹ ਗੋਤੇ ਖਾਂਦਾ ਹੈ। ਚਿੰਤਾ ਦੇ ਨਾਲ ਡੁੱਬਿਆ ਪਿਆ ਹੈ। ਕੇਵਲ ਸੰਸਾਰ ਦੇ ਅੰਦਰ ਇਕ ਗੁਰੂ ਹੈ ਜਿਸ ਦਾ ਦਰਜਾ ਵਾਹਿਗੁਰੂ ਦੇ ਬਰਾਬਰ ਹੋਇਆ ਕਰਦਾ ਹੈ, ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ -

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥
ਪੰਨਾ - 442

ਜੇ ਤਾਂ ਗੁਰੂ ਮਿਲ ਜਾਏ ਸੰਸਾਰ ਦੇ ਅੰਦਰ ਫੇਰ ਤਾਂ ਸਭ ਕੁਝ ਖੱਟ ਗਿਆ, ਜੇ ਗੁਰੂ ਨਹੀਂ ਮਿਲਿਆ ਤਾਂ ਫੇਰ ਇਸ ਦਾ ਹਾਲ ਬੁਰਾ ਹੈ। ਕੇਵਲ ਗੁਰੂ ਵਿਚ ਹੀ ਇਹ ਸ਼ਕਤੀ ਹੈ ਕਿ ਆਪਣੀ ਮਾਇਆ ਵਿਚੋਂ ਆਪ ਤਾਰ ਲੈਂਦਾ ਹੈ। ਵਾਹਿਗੁਰੂ ਨਿਰਗੁਣ ਹੈ ਤੇ ਗੁਰੂ ਵਾਹਿਗੁਰੂ ਦਾ ਸਰਗੁਣ ਸਰੂਪ ਹੈ। ਇਸ ਤਰ੍ਹਾਂ ਨਾਲ ਮਹਾਰਾਜ ਜੀ ਫੁਰਮਾਨ ਕਰਦੇ ਨੇ -

ਧਾਰਨਾ - ਡੁੱਬਦਾ ਲਏ ਤਰਾਏ ਜੀ,
ਗੁਰ ਪ੍ਰਮੇਸ਼ਰ ਏਕ ਹੈ ਪਿਆਰਾ -2, 2.
ਗੁਰ ਪ੍ਰਮੇਸ਼ਰ ਏਕ ਹੈ, ਗੁਰੂ ਪ੍ਰਮੇਸ਼ਰ ਏਕ ਹੈ -2, 2.
ਡੁੱਬਦਾ ਲਏ ਤਰਾਏ ਜੀ,.............. -2.

ਗੁਰੂ ਦੇ ਗੁਣ - ਗੁਰੂ ਦਾਤਾਂ, ਦਿੰਦਾ ਹੀ ਦਿੰਦਾ ਹੈ, ਗੁਰੂ ਕਿਸੇ ਤੋਂ ਕੁਝ ਨਹੀਂ ਲੈਂਦਾ। ਸਮਰੱਥ ਗੁਰੂ ਸਾਰੀਆਂ ਸ਼ਕਤੀਆਂ ਦਾ ਮਾਲਕ ਹੈ। ਫੇਰ ਰਹਿੰਦਾ ਕਿੱਥੇ ਹੈ? ਮਹਾਰਾਜ ਜੀ ਕਹਿੰਦੇ, ਬਾਹਰ ਨਹੀਂ ਰਹਿੰਦਾ -

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥
ਪੰਨਾ - 53

ਐਸਾ ਗੁਰੂ ਹਰੇਕ ਦੇ ਹਿਰਦੇ ਦੇ ਅੰਦਰ ਸਮਾਇਆ ਹੋਇਆ ਹੈ। ਬਾਹਰ ਦੇਖ ਲਓ ਇਹ ਬੜੀ ਭਾਰੀ ਉਸ ਦੀ ਮਿਹਰ ਹੈ ਕਿ ਮਨੁੱਖ ਜਾਮੇ ਦੇ ਵਿਚ ਆ ਕੇ ਬਾਹਰ ਵੀ ਦਰਸ਼ਨ ਦਿੰਦਾ ਹੈ। ਨਹੀਂ ਤਾਂ ਅੰਦਰ ਨਹੀਂ ਸੀ ਉਸ ਦਾ ਪਤਾ ਲੱਗਣਾ -

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ॥ ਪੰਨਾ - 394

ਬਾਹਰ ਵੀ ਦਰਸ਼ਨ ਦਿੰਦਾ ਹੈ ਤੇ ਅੰਦਰ ਵੀ ਦਰਸ਼ਨ ਦਿੰਦਾ ਹੈ।

.... ਸਭ ਮਹਿ ਰਹਿਆ ਸਮਾਇ॥ ਪੰਨਾ - 53

ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ॥
ਪੰਨਾ - 49

ਕਰਦਾ ਕੀ ਹੈ? ਇਸ ਡੁਬਦੇ ਸੰਸਾਰ ਨੂੰ ਤਾਰ ਦਿੰਦਾ ਹੈ ਕਿਉਂਕਿ ਸਤਿਗੁਰੂ ਤੋਂ ਬਗੈਰ ਆਦਮੀ ਦੇ ਮਨ ਦਾ ਹਨ੍ਹੇਰਾ ਨਹੀਂ ਦੂਰ ਹੁੰਦਾ -

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥
ਪੰਨਾ - 463

ਬੇਅੰਤ ਮਿਸਾਲਾਂ ਆਪ ਨੇ ਸੁਣੀਆਂ ਹਨ ਕਿਉਂਕਿ ਜੋ ਸਤਿਸੰਗ ਕਰਦੇ ਨੇ ਬਾਰ-ਬਾਰ ਜੇ ਓਹੀ ਗੱਲ ਦਸੋ ਤਾਂ ਬੜਾ ਸਮਾਂ ਲੱਗ ਜਾਂਦਾ ਹੈ। ਮਾੜਾ-ਜਿਹਾ ਯਾਦ ਕਰਾ ਦਿਉ ਤਾਂ ਪਤਾ ਲੱਗ ਜਾਂਦਾ ਹੈ। ਸੁਖਦੇਵ ਨੇ ਕਿੰਨੀ ਤਪੱਸਿਆ ਕੀਤੀ, ਛੇ-ਛੇ ਮਹੀਨੇ ਦੀ ਸਮਾਧੀ ਲਾਉਂਦਾ ਸੀ, ਜਟਾਵਾਂ ਵਧ ਕੇ ਧਰਤੀ ਦੇ ਉਤੇ ਖੜ੍ਹੇ ਦੀਆਂ ਪੈਰਾਂ ਨੂੰ ਲੱਗ ਜਾਇਆ ਕਰਦੀਆਂ ਸਨ। ਆਹ ਹੁਣੇ ਪੜ੍ਹਿਆ ਸੀ ਅਖਬਾਰ ਵਿਚ ਕਿ ਇਕ ਬੀਬੀ ਹੈ ਉਸ ਦੀਆਂ ਜਟਾਵਾਂ ਸੱਤ ਮੀਟਰ ਲੰਮੀਆਂ ਨੇ, ਸਾਢੇ ਸੱਤ ਮੀਟਰ। ਸਾਰੀ ਦੁਨੀਆਂ ਵਿਚ ਵੱਡਾ ਰਿਕਾਰਡ ਓਸ ਦਾ ਹੈ। ਸੋ ਏਵੇਂ ਹੀ ਸੁਖਦੇਵ ਦੀਆਂ ਜਟਾਵਾਂ ਧਰਤੀ ਤੇ ਲੱਗ ਜਾਂਦੀਆਂ ਸਨ ਤੇ ਜਦੋਂ ਸਮਾਧੀ ਵਿਚ ਬੈਠਦਾ ਸੀ, ਸਮਾਧੀ ਲਾਉਂਦਾ ਸੀ ਉਸ ਵੇਲੇ ਸਾਰੇ ਹੀ ਸਰੀਰ ਦੇ ਉਤੇ ਜਟਾਵਾਂ ਦਾ ਬਸਤ੍ਰ ਪਹਿਨ ਲੈਂਦਾ ਸੀ, ਓਸ ਨੂੰ ਇਹ ਪਾਲੇ ਤੋਂ ਵੀ ਬਚਾਉਂਦੀਆਂ ਸਨ ਤੇ ਪੰਛੀ ਇਹ ਦੇਖ ਕੇ ਕਿ ਕੋਈ ਜੜ੍ਹ ਚੀਜ਼ ਹੈ, ਉਸ ਦੀਆਂ ਜਟਾਵਾਂ ਵਿਚ ਅੰਡੇ ਦੇ ਦੇਣੇ ਤੇ ਬੱਚੇ ਪਾਲ ਲੈਣੇ। ਜਦੋਂ ਸਮਾਧੀ ਤੋਂ ਉਥਾਨ ਹੋਣਾ ਤਾਂ ਚਿੱਤ ਸ਼ਾਂਤ ਨਾ ਹੋਣਾ। ਚਿੱਤ ਦੀ ਸ਼ਾਂਤੀ ਦਾ ਕੇਵਲ ਉਨ੍ਹਾਂ ਨੂੰ ਪਤਾ ਹੈ ਜਿਨ੍ਹਾਂ ਨੂੰ ਕਦੇ ਚਿੱਤ ਸ਼ਾਂਤ ਦਾ ਅਨੰਦ ਆਇਆ ਹੋਵੇ, ਬਾਕੀ ਸੰਸਾਰ ਤਾਂ ਕੁਰਬੁਲ-ਕੁਰਬੁਲ ਕਰਦਾ ਫਿਰਦਾ ਹੈ। ਹਰ ਵਕਤ ਆਦਮੀ ਦੇ ਮਨ ਦੇ ਉਤੇ ਉਦਾਸੀ, ਢਹਿੰਦੀ ਕਲਾ ਬਣੀ ਰਹਿੰਦੀ ਹੈ, ਜੋ ਗੁੱਝੀ ਅਗਨ ਸਮਾਨ ਹੈ। ਸ਼ਾਂਤੀ ਦਾ ਨਹੀਂ ਪਤਾ ਹੋਇਆ ਕਰਦਾ। ਸੋ ਸਿਆਣਾ ਸੀ, ਇਹ ਪਿਤਾ ਦੇ ਕੋਲ ਆ ਗਿਆ ਤੇ ਕਹਿਣ ਲੱਗਿਆ, "ਪਿਤਾ ਜੀ! ਮੈਨੂੰ ਸ਼ਾਂਤੀ ਕਿਉਂ ਨਹੀਂ ਆਈ? ਮੈਂ ਐਨੀਆਂ ਲੰਮੀਆਂ ਸਮਾਧੀਆਂ ਲਾਉਂਦਾ

ਹਾਂ। ਛੱਤੀ ਸਾਲ ਹੋ ਗਏ ਮੈਨੂੰ ਤਪਸਿਆ ਕਰਦੇ ਨੂੰ ਪਰ ਬਣਿਆ ਕੁਝ ਨਹੀਂ। ਜਦੋਂ ਮੈਂ ਪੜ੍ਹਦਾ ਹਾਂ ਕਿ ਬੀਤ ਰਾਗ ਪੁਰਸ਼, ਨਿਹਚਲ ਚਿਤ, ਪਰਮਪਦ ਦੀ ਪ੍ਰਾਪਤੀ ਵਾਲੇ ਜੋ ਹੋਇਆ ਕਰਦੇ ਨੇ ਉਹ ਸਮ ਬਿਰਤੀ ਦੇ ਮਾਲਕ ਹੋਇਆ ਕਰਦੇ ਨੇ। ਉਨ੍ਹਾਂ ਦਾ ਮਨ ਕਦੇ ਡੋਲਿਆ ਨਹੀਂ ਕਰਦਾ - ਦੁੱਖ ਆ ਜਾਵੇ, ਸੁਖ ਆ ਜਾਵੇ, ਹਾਨੀ ਹੋ ਜਾਵੇ, ਲਾਭ ਹੋ ਜਾਵੇ, ਮਾਨ ਹੋ ਜਾਵੇ, ਅਪਮਾਨ ਹੋ ਜਾਵੇ, ਆਸਾ ਹੋ ਜਾਵੇ, ਨਿਰਾਸਾ ਹੋ ਜਾਵੇ ਪਰ ਚਿੱਤ ਥਿਰ ਰਹਿੰਦਾ ਹੈ ਤੇ 'ਪਰਮ ਅਨੰਦ' ਵਿਚ ਰਹਿੰਦਾ ਹੈ। ਉਨ੍ਹਾਂ ਦੇ ਚਿਹਰਿਆਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਦੇ ਅੰਦਰ ਕੋਈ ਬਹੁਤ ਵੱਡੀ ਚੀਜ਼ ਹੈ ਜਿਸ ਦੀ ਪ੍ਰਾਪਤੀ ਹੋਣ ਕਰਕੇ ਇਨ੍ਹਾਂ ਤੇ ਖੇੜਾ ਹੀ ਖੇੜਾ ਤੇ ਬੁੱਲ੍ਹਾਂ ਤੇ ਮੁਸਕ੍ਰਾਹਟ ਰਹਿੰਦੀ ਹੈ। ਪਿਤਾ ਜੀ! ਮੇਰੇ ਅੰਦਰ ਕ੍ਰੋਧ ਹੈ, ਸ਼ਾਂਤੀ ਨਹੀਂ ਹੈ। ਕੋਈ ਜ਼ਰਾ-ਕੁ ਗੱਲ ਕਹਿ ਦੇਵੇ ਤਾਂ ਮੈਨੂੰ ਗੁੱਸਾ ਆਉਂਦਾ ਹੈ।"

ਕਹਿਣ ਲੱਗੇ, ਬੇਟਾ! ਸ਼ਾਂਤੀ ਨਾਮ ਤੋਂ ਬਗੈਰ ਨਹੀਂ ਆਇਆ ਕਰਦੀ।" ਨਾਮ ਦੀ ਪ੍ਰਾਪਤੀ ਨਾ ਤਪ ਕੀਤੇ ਤੋਂ ਹੁੰਦੀ ਹੈ, ਨਾ ਤੀਰਥ ਯਾਤਰਾ ਕਰੇ ਤੋਂ ਹੁੰਦੀ ਹੈ, ਨਾ ਦਾਨ ਕਰੇ ਤੋਂ ਹੁੰਦੀ ਹੈ, ਨਾ ਪੁੱਠੇ ਲਟਕ ਕੇ ਹੁੰਦੀ ਹੈ, ਨਾ ਭੁੱਖੇ ਰਹਿ ਕੇ ਹੁੰਦੀ ਹੈ। ਨਾਮ ਤਾਂ ਕੇਵਲ ਗੁਰੂ ਦੇ ਕੋਲ ਹੈ, ਹੋਰ ਕਿਸੇ ਕੋਲ ਹੈ ਨਹੀਂ। ਸਤਿਗੁਰੂ ਦੇ ਕੋਲ ਨਾਮ ਹੋਇਆ ਕਰਦਾ ਹੈ-

ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥
ਪੰਨਾ - 649

ਵਿਚਾਰ ਕਰਕੇ ਬੁਝ ਲਓ।

ਜਿੰਨਾ ਚਿਰ ਤੂੰ ਗੁਰੂ ਧਾਰਨ ਨਹੀਂ ਕਰਦਾ, ਓਨਾਂ ਚਿਰ ਫੇਰ ਤੈਨੂੰ ਕਿਵੇਂ ਨਾਮ ਪ੍ਰਾਪਤ ਹੋ ਜਾਏਗਾ ਜਦੋਂ ਹੈ ਹੀ ਨਹੀਂ ਕਿਸੇ ਹੋਰ ਦੇ ਕੋਲ ?

ਸੋ ਪਿਤਾ ਕਹਿਣ ਲੱਗੇ, "ਤੂੰ ਗੁਰੂ ਨਹੀਂ ਧਾਰਿਆ। ਆਪਣੇ ਦਿਮਾਗ ਦੀ ਵਿਦਵਤਾ ਦੇ ਬਲ ਤੇ ਤੂੰ ਪ੍ਰਮੇਸ਼ਰ ਨੂੰ ਮਿਲਣਾ ਚਾਹੁੰਦਾ ਹੈਂ ਪਰ ਪ੍ਰਮੇਸ਼ਰ ਦਾ ਇਹ ਅਸੂਲ ਹੈ ਕਿ ਜਦੋਂ ਤੱਕ ਗੁਰੂ ਨਾ ਮਿਲੇ, ਓਨੀ ਦੇਰ ਤੱਕ ਨਾ ਹਉਮੈ ਦਾ ਨਾਸ਼ ਹੋਵੇ ਤੇ ਨਾ ਮੁਕਤੀ ਹੋਵੇ।"

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ ਪੰਨਾ - 59

ਪੁਛ ਲਓ ਜਿਸ ਨੂੰ ਜਾ ਕੇ ਪੁਛਣਾ ਹੈ। ਵਾਹਿਗੁਰੂ ਹਰ ਵਕਤ ਸਾਡੇ ਕੋਲ ਰਹਿੰਦਾ ਹੈ ਪਰ ਸਾਨੂੰ ਕਿਉਂ ਨਹੀਂ ਦਿਸਦਾ? ਕਿਉਂਕਿ ਸਾਡੇ ਅੰਦਰ ਹਨ੍ਹੇਰਾ ਹੈ। ਇਹ ਹਨ੍ਹੇਰਾ ਗੁਰੂ ਤੋਂ ਬਗੈਰ ਨਹੀਂ ਜਾਇਆ ਕਰਦਾ -

ਧਾਰਨਾ - ਸਤਿਗੁਰ ਬਾਝਹੁ ਘੋਰ ਅੰਧੇਰਾ,
ਡੂਬ ਮੂਏ ਬਿਨ ਪਾਣੀ ਜੀ -2, 2.
ਡੂਬ ਮੂਏ ਬਿਨ ਪਾਣੀ ਜੀ, -4, 2.
ਸਤਿਗੁਰ ਬਾਝਹੁ ਘੋਰ ਅੰਧੇਰਾ, ... -2.

ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ॥
ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ॥
ਪੰਨਾ - 1275

ਪਾਣੀ ਦੇ ਅੰਦਰ ਤਾਂ ਡੁੱਬਣ ਦਾ ਸੁਆਲ ਬਣਦਾ ਹੈ; ਬਗੈਰ ਪਾਣੀਓ ਜੇ ਡੁੱਬ ਜਾਵੇ? ਕਥਾਕਾਰ ਪ੍ਰਮਾਣ ਦਿਆ ਕਰਦੇ ਹਨ। ਐਸਾ ਦਸਦੇ ਨੇ ਕਿ ਇਕ ਵਾਰੀ ਦਸ ਬੰਦੇ ਤੀਰਥ-ਯਾਤਰਾ ਕਰਨ ਗਏ, ਸਧਾਰਨ ਮੱਤ ਦੇ ਸਨ - ਸਿੱਧੇ-ਸਾਦੇ। ਅੱਗੇ ਜਾ ਕੇ ਇਕ ਨਦੀ ਆ ਗਈ। ਨਦੀ ਇਹੋ ਜਿਹੀ ਸੀ ਜਿਹੋ ਜਿਹੀ ਰਤਵਾੜਾ ਸਾਹਿਬ ਦੇ ਪਿਛਲੇ ਪਾਸੇ ਚਲਦੀ ਹੈ; ਪਾਣੀ ਨਹੀਂ ਸੀ। ਜੇ ਬਰਸਾਤ ਹੋ ਜਾਵੇ ਤਾਂ ਪਾਣੀ, ਨਹੀਂ ਤਾਂ ਖੁਸ਼ਕ ਰਹਿੰਦੀ ਸੀ। ਉਹ ਕਹਿੰਦੇ ਫੇਰ ਕਿਵੇਂ ਲੰਘੀਏ? ਕਿਸ਼ਤੀ ਦੇਖੋ ਕੋਈ। ਦੂਜਾ ਕਹਿੰਦਾ ਕਿ ਕਿਸ਼ਤੀ ਤਾਂ ਇਥੇ ਹੈ ਨਹੀਂ। ਜਦੋਂ ਨਦੀ ਵਿਚ ਪਾਣੀ ਹੀ ਨਹੀਂ ਫੇਰ ਕਿਸ਼ਤੀ ਦਾ ਕੀ ਸੁਆਲ? ਕਹਿੰਦੇ ਫੇਰ? ਇਕ ਕਹਿੰਦਾ, "ਫੇਰ ਕੀ! ਕੱਪੜੇ ਲਾਹੋ ਸਿਰ ਤੇ ਬੰਨ੍ਹ ਲਓ ਤੇ ਹੱਥ ਮਾਰੀ ਜਾਓ, ਪੈਰ ਮਾਰੀ ਜਾਓ, ਤੈਰਦੇ-ਤੈਰਦੇ ਨਿਕਲ ਜਾਵਾਂਗੇ।"

ਇਸੇ ਤਰ੍ਹਾਂ ਹੀ ਕਰ ਲਿਆ ਦਸਾਂ ਨੇ। ਰੇਤੇ ਤੇ ਹੱਥ ਪੈਰ ਮਾਰੀ ਜਾਂਦੇ ਨੇ ਤੇ ਘਸਰ-ਘਸਰ ਕੇ ਅੱਗੇ ਨੂੰ ਜਾਈ ਜਾਂਦੇ ਨੇ। ਕੰਢੇ ਤੇ ਜਾ ਕੇ ਕਹਿਣ ਲੱਗੇ ਕਿ ਨਦੀ ਤਾਂ ਲੰਘ ਆਏ। ਆਪਾਂ ਕਿੰਨੇ ਜਣੇ ਸਾਂ। ਦੂਜਾ ਬੋਲਿਆ ਕਿ ਦਸ। ਉਹ ਕਹਿੰਦਾ ਚਲੋ ਗਿਣੋ, ਕੋਈ ਡੁੱਬ ਤਾਂ ਨਹੀਂ ਗਿਆ। ਗਿਣਨਾ ਸ਼ੁਰੂ ਕਰ ਦਿੱਤਾ - ਇਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ, ਅੱਠ, ਨੌਂ। ਨੌਂ ਤੇ ਰੁਕ ਗਏ। ਕਹਿੰਦੇ ਲੈ ਭਾਈ! ਬੰਦਾ ਡੁੱਬ ਗਿਆ ਆਪਣੇ ਨਾਲ ਦਾ। ਹੁਣ ਤੂੰ ਗਿਣ। ਉਹ ਵੀ ਗਿਣਦਾ ਹੈ। ਆਪਣੇ-ਆਪ ਨੂੰ ਗਿਣਦਾ ਨਹੀਂ; ਫੇਰ ਨੌਂ, ਉਹ ਵੀ ਕਹਿੰਦਾ ਕਿ ਲਓ ਭਾਈ! ਡੁੱਬ ਗਿਆ ਬੰਦਾ। ਰੋਣ ਲੱਗ ਗਏ ਉੱਚੀ-ਉੱਚੀ। ਇਉਂ ਪਤਾ ਨਹੀਂ ਲਗਦਾ ਕਿ ਕਿਹੜਾ ਡੁੱਬਿਆ ਹੈ ਪਰ ਕਹਿੰਦੇ ਡੁੱਬਿਆ ਆਪਣੇ ਵਿਚੋਂ ਜ਼ਰੂਰ ਹੈ ਇਕ। ਏਨੇ ਨੂੰ ਕੋਈ ਚੰਗਾ ਅਕਲ ਵਾਲਾ ਪੁਰਸ਼ ਆ ਗਿਆ। ਕੋਲ ਆ ਕੇ ਦੇਖਿਆ ਤਾਂ ਸਭ ਰੋ ਰਹੇ ਨੇ। ਉਸ ਨੇ ਸੋਚਿਆ ਹੈ ਕਿ ਇਹ ਨਦੀ ਦੇ ਕੰਢੇ ਬੈਠੇ ਰੋਂਦੇ ਨੇ; ਕੋਈ ਗੱਲ ਨਹੀਂ, ਸਮਾਨ ਇਨ੍ਹਾਂ ਦੇ ਕੋਲ ਹੈ।

ਕਹਿੰਦਾ, "ਕਿਉਂ ਭਾਈ! ਤੁਸੀਂ ਰੋਂਦੇ ਕਿਉਂ ਹੋ?"

ਉਹ ਕਹਿੰਦੇ ਕਿ ਸਾਨੂੰ ਨਾ ਪੁੱਛ। ਸਾਡਾ ਤਾਂ ਬੰਦਾ ਰੁੜ੍ਹ ਗਿਆ ਨਦੀ ਵਿਚ। ਉਹ ਹੈਰਾਨ ਹੋ ਗਿਆ, ਕਹਿੰਦਾ, "ਐਸ ਨਦੀ ਵਿਚ?" ਕਹਿੰਦੇ, "ਹਾਂ ਜੀ।" ਉਸ ਨੇ ਸੋਚਿਆ ਕਿ ਲੈ! ਇਹ ਤਾਂ ਸਿੱਧੇ ਨੇ।

ਕਹਿੰਦਾ, "ਦੱਸੋ, ਕੀ ਗੱਲ ਹੈ?"

ਉਨ੍ਹਾਂ ਵਿਚੋਂ ਇਕ ਕਹਿੰਦਾ, "ਜੀ! ਸਾਡਾ ਬੰਦਾ ਪੂਰਾ ਕਰੋ।"

ਉਹ ਕਹਿੰਦਾ, "ਪੰਜ-ਪੰਜ ਰੁਪਏ ਦਿਓ ਸਾਰੇ।"

ਰਖਾ ਲਏ ਪੰਜਾਹ ਰੁਪਏ। ਇਕ ਦੇ ਮੁੱਕਾ ਮਾਰਦਾ ਹੈ। ਕਹਿੰਦਾ ਜਦੋਂ ਮੈਂ ਮੁੱਕਾ ਮਾਰਾਂ ਤਾਂ ਬੋਲੀ ਜਾਇਓ - 'ਇੱਕ'। ਦੂਜੇ ਦੇ ਮਾਰਿਆ ਉਹ ਕਹਿੰਦਾ 'ਦੋ', ਤੀਜੇ ਦੇ ਮਾਰਿਆ, ਉਹ ਕਹਿੰਦਾ 'ਤਿੰਨ'। ਚੌਥੇ ਦੇ ਮਾਰਿਆ 'ਚਾਰ' ਅਖੀਰ ਦਸਵੇਂ ਦੇ ਮਾਰਿਆ ਤਾਂ ਕਹਿੰਦਾ, 'ਦਸ'। ਕਹਿੰਦਾ, "ਲੈ ਭਾਈ! ਪੂਰੇ ਹੋ ਗਏ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਈ ਨੰਦ ਲਾਲ ਜੀ ਦੇ ਲੰਗਰ ਦੀ ਪਰਖ ਕਰਦੇ ਹੋਏ।

ਪੈਰੀਂ ਪਈ ਜਾਂਦੇ ਨੇ। ਕਹਿੰਦੇ ਅਸੀਂ ਤਾਂ ਇਕ ਬੰਦਾ ਡੋਬ ਬੈਠੇ ਸੀ ਤੂੰ ਪੂਰਾ ਕਰ ਦਿੱਤਾ।

ਸੋ ਮਹਾਰਾਜ ਜੀ ਕਹਿੰਦੇ ਇਹ ਸੰਸਾਰ ਦੀ ਹਾਲਤ ਹੈ, ਬਿਨਾਂ ਪਾਣੀ ਤੋਂ ਡੁੱਬਿਆ ਪਿਆ ਹੈ। ਪਾਣੀ ਵਿਚ ਤਾਂ ਡੁਬਦੇ ਨੇ ਪਰ ਬਿਨਾਂ ਪਾਣੀ ਤੋਂ ਡੁੱਬੇ ਪਏ ਨੇ ਕਿਉਂਕਿ ਨਿਗੁਰੇ ਨੇ–

ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨਿਸਾਣੀ॥
ਪੰਨਾ – 1275

ਐਸੀ-ਐਸੀ ਮਤਿ ਹੈ ਉਲਟੀ। ਕਹਿੰਦੇ ਕੱਲਰ ਵਿਚ ਬੀਜ ਪਾਈ ਜਾਂਦਾ ਹੈ। ਕਣਕ ਬੀਜਣ ਲੱਗਿਆ ਪਿਆ ਹੈ, ਕੱਲਰ ਨੇ ਤਾਂ ਦਾਣਾ ਖਾ ਲੈਣਾ ਹੈ, ਉੱਗਣਾ ਹੀ ਨਹੀਂ ਉਥੇ –

ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ॥
ਪੰਨਾ – 1275

ਸੋ ਵਿਆਸ ਜੀ ਆਪਣੇ ਪੁੱਤਰ ਨੂੰ ਕਹਿਣ ਲੱਗੇ ਕਿ ਸੁਖਦੇਵ! ਗੁਰੂ ਧਾਰ ਬੇਟਾ ਜਾ ਕੇ ਕਿਉਂਕਿ ਮੁਕਤੀ ਨਹੀਂ ਹੋਇਆ ਕਰਦੀ ਗੁਰੂ ਤੋਂ ਬਗੈਰ। ਕੇਵਲ ਸੰਸਾਰ ਅੰਦਰ ਪ੍ਰਮੇਸ਼ਰ ਗੁਰੂ ਰੂਪ ਧਾਰ ਕੇ ਆਉਂਦਾ ਹੈ। ਜਦੋਂ ਤੱਕ ਉਸ ਤੋਂ ਰਾਹ ਨਹੀਂ ਪੁੱਛਦੇ, ਰਸਤਾ ਨਹੀਂ ਪਤਾ ਲਗਦਾ ਕਿ ਮੁਕਤੀ ਦਾ ਰਸਤਾ ਕਿੱਧਰ ਨੂੰ ਜਾਂਦਾ ਹੈ। ਪੁੱਛ ਲਓ ਕਿਸੇ ਨੂੰ ਕਿ ਮੁਕਤੀ ਦਾ ਰਾਹ ਦੱਸੋ। ਪਤਾ ਹੈ ਕਿਸੇ ਨੂੰ? ਮਹਾਰਾਜ ਜੀ ਕਹਿੰਦੇ, ਨਾ! ਇਕੱਲੇ ਗੁਰੂ ਨੂੰ ਪਤਾ ਹੈ –

ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖ ਸਚੀ ਸੋਇ॥
ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ॥
ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰ॥
ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ॥
ਗੁਰੁ ਸਮਰਥੁ ਗੁਰੁ ਨਿਰੰਕਾਰ ਗੁਰੁ ਊਚਾ ਅਗਮ ਅਪਾਰੁ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰ॥
ਪੰਨਾ – 52

ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ॥
ਪੰਨਾ – 1401

ਕਹਿੰਦੇ ਮਲਾਹ ਵੀ ਆਪੇ ਹੀ ਹੈ ਤੇ ਜਹਾਜ ਵੀ ਆਪੇ ਹੀ ਹੈ।

.... ***ਗੁਰ ਬਿਨ ਤਰਿਆ ਨ ਕੋਇ॥***
ਪੰਨਾ – 1401

ਅੱਜ ਤੱਕ ਤਾਂ ਕੋਈ ਤਰਿਆ ਨਹੀਂ – ਗੁਰੂ ਤੋਂ ਬਿਨਾਂ।

ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ॥
ਪੰਨਾ – 1401

ਪਰ ਗੁਰੂ ਮਿਲਦਾ ਨਹੀਂ ਭਾਗਾਂ ਤੋਂ ਬਿਨਾਂ –

ਬਿਨੁ ਭਾਗਾ ਸਤਿਗੁਰੁ ਨਾ ਮਿਲੈ
ਘਰ ਬੈਠਿਆ ਨਿਕਟਿ ਨਿਤ ਪਾਸਿ॥ ਪੰਨਾ – 40

ਗੁਰੂ ਕੋਲ ਹੀ ਰਹਿੰਦਾ ਹੈ – ਆਹ ਸਰੀਰ ਦੇ ਅੰਦਰ ਪਰ ਭਾਗਾਂ ਤੋਂ ਬਗੈਰ ਮਿਲਦਾ ਨਹੀਂ ਹੈ –

ਅੰਤਰਿ ਅਗਿਆਨ ਦੁਖੁ ਭਰਮੁ ਹੈ
ਵਿਚਿ ਪੜਦਾ ਦੂਰਿ ਪਈਆਸਿ॥ ਪੰਨਾ – 40

ਕਹਿੰਦੇ, ਪੜਦਾ ਪੈ ਗਿਆ ਤੇ ਵਾਹਿਗੁਰੂ ਦੂਰ ਲੱਗੀ ਜਾਂਦਾ ਹੈ। ਹੁਣ ਗੁਰੂ ਤੋਂ ਬਗੈਰ ਨਹੀਂ ਪਤਾ ਲਗਦਾ। ਸੋ ਇਸ ਤਰ੍ਹਾਂ ਸੰਸਾਰ ਦੇ ਅੰਦਰ ਹੋ ਰਿਹਾ ਹੈ, ਸੰਸਾਰ ਤੁਰਿਆ ਜਾ ਰਿਹਾ ਹੈ, ਬੇਪਰਵਾਹ ਹੋ ਕੇ ਤੁਰਿਆ ਜਾ ਰਿਹਾ ਹੈ। ਪਤਾ ਨਹੀਂ ਕਿ ਮੈਂ ਤਾਂ ਡੁੱਬਦਾ ਜਾ ਰਿਹਾ ਹਾਂ। ਸੰਸਾਰ ਤੇ ਤਾਂ ਰਹਿਣਾ ਨਹੀਂ ਸਾਧ ਸੰਗਤ ਜੀ! ਸਿਆਣੇ ਬੰਦੇ ਸੋਚਦੇ ਨੇ ਕਿ –

ਨਿਗੁਰੇ ਕਾ ਹੈ ਨਾਉ ਬੁਰਾ॥

ਨਿਗੁਰਾ ਨਾ ਰਹਿਣ ਦੇਈਏ ਬੱਚਿਆਂ ਨੂੰ।

ਗੁਰੂ ਦਸ਼ਮੇਸ਼ ਪਿਤਾ ਅੱਜ ਸੰਸਾਰ ਦਾ ਉਧਾਰ ਕਰ ਰਹੇ ਨੇ। ਐਸੇ ਗੁਰੂ ਨੇ, ਕਿੰਨਾ ਸਮਾਂ ਲੰਘ ਗਿਆ ਕਿ ਸਾਡੇ ਹਿਰਦਿਆਂ ਵਿਚੋਂ ਉਨ੍ਹਾਂ ਦੀ ਯਾਦ ਨਿਕਲਣੀ ਤਾਂ ਕੀ ਸੀ ਸਗੋਂ ਡੂੰਘੀ ਹੁੰਦੀ ਤੁਰੀ ਜਾਂਦੀ ਹੈ। ਜਿਉਂ ਜਿਉਂ ਜ਼ਿੰਦਗੀ ਲੰਘਦੀ ਹੈ, ਗੁਰੂ ਦਸ਼ਮੇਸ਼ ਪਿਤਾ ਦਾ ਪਿਆਰ ਡੂੰਘਾ ਹੀ ਡੂੰਘਾ ਸਿੰਜਰਦਾ (permeate), ਜਾਂਦਾ ਹੈ ਐਸੇ ਗੁਰੂ ਨੇ। ਉਸ ਵੇਲੇ ਦੂਰ-ਦਰਾਜ਼ ਤੱਕ ਸਿੱਖੀ ਫੈਲੀ ਹੋਈ ਸੀ – ਕਾਬਲ, ਕੰਧਾਰ, ਇਰਾਨ, ਤਾਸ਼ਕੰਦ, ਲੰਕਾ, ਜਾਵਾ, ਸੁਮਾਟ੍ਰਾ, ਬਰਮਾ, ਤਿੱਬਤ, ਚੀਨ, ਮਚੀਨ ਸਾਰੇ ਹੀ ਸਿੱਖੀ ਸੀ – ਚਾਰੇ ਪਾਸੇ। ਜਦੋਂ ਗੁਰੂ ਮਹਾਰਾਜ ਜੀ ਨੇ ਪੰਜ ਪਿਆਰੇ ਛਾਂਟੇ ਸਨ, ਸਿੱਖ ਸਾਰੇ

ਹਿੰਦੋਸਤਾਨ 'ਚੋਂ ਆਏ ਸੀ। ਪੰਜਾਬ ਦਾ ਤਾਂ ਇਕੋ ਹੀ ਸੀ, ਲਾਹੌਰ ਦਾ ਭਾਈ ਦਇਆ ਸਿੰਘ। ਬਾਕੀ ਚਾਰ ਪੰਜਾਬ ਤੋਂ ਬਾਹਰਲੇ ਸਨ, ਬਾਹਰਲੇ ਸੂਬਿਆਂ ਦੇ। ਉਨ੍ਹਾਂ ਦਿਨਾਂ ਦੇ ਅੰਦਰ ਇਕ ਬਹੁਤ ਪੜ੍ਹਿਆ-ਲਿਖਿਆ ਪੁਰਸ਼ ਜਿਸ ਦਾ ਨਾਂ ਛੱਜੂ ਰਾਮ ਸੀ, ਉਹ ਫਾਰਸੀ ਦਾ ਵਿਦਵਾਨ, ਸੰਸਕ੍ਰਿਤ ਦਾ ਵਿਦਵਾਨ, ਅਰਬੀ ਦਾ ਵਿਦਵਾਨ, ਉਰਦੂ ਦਾ ਵਿਦਵਾਨ, ਹਿੰਦੀ ਦਾ ਵਿਦਵਾਨ; ਕਿੰਨੀਆਂ ਹੀ ਜ਼ੁਬਾਨਾਂ ਦਾ ਵਿਦਵਾਨ ਤੇ ਫੇਰ ਅਕਲ ਦਾ ਪੂਰਾ। ਗਜ਼ਨੀ ਵਿਚ ਰਿਹਾ ਕਰਦਾ ਸੀ। ਉਥੋਂ ਦੇ ਨਵਾਬ ਨੇ ਜਦੋਂ ਉਸ ਦੀ ਲਿਆਕਤ ਦੇਖੀ ਤਾਂ ਇਸ ਨੂੰ ਆਪਣਾ ਮੁੱਖ ਮੰਤਰੀ ਬਣਾ ਦਿਤਾ, ਦੀਵਾਨ-ਏ-ਖਾਸ ਬਣਾ ਦਿਤਾ, ਦੀਵਾਨ-ਏ-ਆਜ਼ਮ ਬਣਾ ਦਿੱਤਾ। ਸੋ ਉਹ ਪ੍ਰਮੇਸ਼ਰ ਦੀ ਭਗਤੀ ਵੀ ਕਰਿਆ ਕਰਦੇ ਸੀ ਤੇ ਆਪਣੀ ਡਿਊਟੀ ਵੀ ਦਿਆ ਕਰਦੇ ਸਨ। ਪ੍ਰਦੇਸ਼ਾਂ ਵਿਚ ਰਹਿ ਕੇ ਉਨ੍ਹਾਂ ਨੇ ਆਪਣੀ ਵਿਦਵਤਾ ਦੀ ਕਦਰ ਪੁਆ ਲਈ। ਉਨ੍ਹਾਂ ਦਾ ਲੜਕਾ ਗੁਰੂ ਘਰ ਦੇ ਇਤਿਹਾਸ ਦੇ ਅੰਦਰ ਬਹੁਤ ਹੀ ਮਾਣ ਤੇ ਪਿਆਰ ਦੇ ਨਾਲ ਯਾਦ ਕੀਤਾ ਜਾਂਦਾ ਹੈ। ਦੋ ਗੁਰਸਿੱਖ ਐਸੇ ਹੋਏ ਨੇ ਗੁਰੂ ਘਰ ਦੇ ਅੰਦਰ ਜਿਨ੍ਹਾਂ ਨੂੰ ਗੁਰੂਆਂ ਨੇ ਆਪਣੇ ਹੱਥੀਂ ਮਾਨਤਾ ਦਿੱਤੀ ਹੈ। ਉਨ੍ਹਾਂ ਵਿਚੋਂ ਪਹਿਲੇ ਤਾਂ ਭਾਈ ਗੁਰਦਾਸ ਜੀ ਸਨ। ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਦੱਸਿਆ ਹੈ। ਦੂਸਰੇ ਨੇ ਭਾਈ ਨੰਦ ਲਾਲ ਜੀ। ਭਾਈ ਨੰਦ ਲਾਲ ਜੀ ਦੀ ਬਾਣੀ ਨੂੰ 'ਬੋਹਿਥ' ਦੱਸਿਆ। ਜਿਹੜਾ ਏਸ ਬਾਣੀ ਤੇ ਚੜ੍ਹ ਜਾਵੇਗਾ ਉਹ ਭਗਤੀ ਦੇ ਜਹਾਜ਼ ਤੇ ਚੜ੍ਹ ਜਾਵੇਗਾ, ਪਿਆਰ ਦੇ ਜ਼ਹਾਜ ਤੇ ਚੜ੍ਹ ਜਾਏਗਾ।

ਸੋ ਇਹ ਜਦੋਂ ਬਾਰਾਂ ਸਾਲ ਦੇ ਹੀ ਸਨ, ਉਹਨਾਂ ਵਿਚ ਐਨੀ ਲਿਆਕਤ ਪ੍ਰਾਪਤ ਹੋ ਗਈ, ਐਨੀ ਵਿਦਿਆ ਹਾਸਲ ਹੋ ਗਈ ਕਿ ਦੂਰ ਦਰਾਜ ਤੱਕ ਗਜ਼ਨੀ ਵਿਚ ਉਲਮਾ ਵਿਚ, ਪੜ੍ਹੇ-ਲਿਖੇ ਬੰਦਿਆਂ ਵਿਚ ਇਨ੍ਹਾਂ ਦਾ ਨਾਉਂ ਆਉਣ ਲੱਗ ਗਿਆ ਕਿ ਬੱਚਾ ਛੋਟਾ ਜਿਹਾ ਹੈ ਪਰ ਕੁਦਰਤ ਨੇ ਉਸ ਨੂੰ ਐਸੀ ਵਿਦਿਆ ਬਖਸ਼ੀ ਹੈ, ਐਸਾ ਅਨੁਭਵ ਬਖਸ਼ਿਆ ਹੈ ਕਿ ਕੋਈ ਅੱਜ ਉਸ ਦਾ ਸਾਨੀ ਨਹੀਂ ਹੈ, ਮੁਕਾਬਲਾ ਨਹੀਂ ਕਰ ਸਕਦਾ। ਬਾਰਾਂ ਸਾਲ ਦੇ ਹੋ ਗਏ, ਉਸ ਵੇਲੇ ਉਨ੍ਹਾਂ ਦੇ ਕੁਲ-ਗੁਰੂ ਆਪਣੇ ਸੇਵਕਾਂ ਦਾ ਉਧਾਰ ਕਰਦੇ-ਕਰਦੇ ਗਜ਼ਨੀ ਪਹੁੰਚੇ। ਕਿਉਂਕਿ ਪਹਿਲੇ ਜ਼ਮਾਨੇ ਵਿਚ ਮਹਾਤਮਾ ਰਟਨ ਕਰਿਆ ਕਰਦੇ ਸਨ, ਆਪ ਦੂਰ-ਦਰਾਜ਼ ਜਾ ਕੇ ਆਪਣੇ ਸੇਵਕ ਪਰਿਵਾਰਾਂ ਨੂੰ ਮਿਲਿਆ ਕਰਦੇ ਸਨ, ਮਿਹਰਬਾਨੀ ਸੀ ਉਨ੍ਹਾਂ ਦੀ। ਸੋ ਇਸਲਾਮ ਦੇ ਦੇਸ਼ ਵਿਚੋਂ ਦੀ ਲੰਘ ਕੇ ਗਜ਼ਨੀ ਵਿਚ ਆਪਣੇ ਸੇਵਕ ਜੋ ਬਹੁਤ ਸਾਰੇ ਸਨ, ਉਥੇ ਧਰਮਸਾਲਾ ਬਣੀ ਹੋਈ ਸੀ, ਉਸ ਥਾਂ ਤੇ ਆਪ ਬਿਰਾਜੇ ਜਾ ਕੇ। ਨੰਦ ਲਾਲ ਜੀ ਦਾ ਪਿਤਾ ਵੀ ਦਰਸ਼ਨ ਕਰਨ ਜਾਂਦਾ ਹੈ ਤੇ ਬਚਨ ਸਰਵਣ ਕਰੇ ਕਿ ਗੁਰੂ ਧਾਰਨਾ ਜ਼ਰੂਰੀ ਹੈ -

ਨਿਗੁਰੇ ਕਾ ਹੈ ਨਾਉ ਬੁਰਾ॥

ਜਿਥੇ ਨਿਗੁਰਾ ਬੈਠ ਜਾਵੇ, ਧਰਤੀ ਭਰਿਸ਼ਟ ਹੋ ਜਾਂਦੀ ਹੈ। ਖਿਆਲ ਆਇਆ ਕਿ ਮਨਾ, ਜ਼ਿੰਦਗੀ ਦਾ ਕੀ ਪਤਾ ਹੈ, ਐਸਾ ਨਾ ਹੋਵੇ ਕਿ ਬੱਚਾ ਨਿਗੁਰਾ ਰਹਿ ਜਾਵੇ। ਸੋ ਬਾਰਾਂ ਸਾਲ ਦੇ ਨੰਦ ਲਾਲ ਜੀ ਨੂੰ ਨਾਲ ਲੈ ਕੇ ਸੁਆਮੀ ਜੀ ਪਾਸ ਬੇਨਤੀ ਕੀਤੀ ਕਿ ਮਹਾਂਪੁਰਸ਼ੋ! ਮੇਰਾ ਪੁੱਤਰ ਬੜਾ ਸੋਝੀ ਵਾਲਾ ਹੈ, ਆਪ ਉਸ ਦੇ ਗਲ ਵਿਚ ਕੰਠੀ ਪਾ ਦਿਓ ਤੇ ਉਸ ਨੂੰ ਆਪਣਾ ਸੇਵਕ ਬਣਾ ਲਓ ਤਾਂ ਕਿ ਉਹ ਨਿਗੁਰਾ ਨਾ ਰਹਿ ਜਾਵੇ।

ਉਹ ਕਹਿਣ ਲੱਗੇ ਕਿ ਠੀਕ ਹੈ। ਸਮਾਗਮ ਬੁਲਾ ਲਿਆ ਗਿਆ। ਸਾਰਾ ਭਾਈਚਾਰਾ ਹਿੰਦੂ ਤੇ ਸਿੱਖ ਭਾਈਚਾਰਾ ਸੀ ਕਿਉਂਕਿ ਰਲਦੇ-ਮਿਲਦੇ, ਵਰਤਦੇ ਆਪਸ ਵਿਚ ਉਸੇ ਤਰ੍ਹਾਂ ਸਨ। ਸੋ ਓਸ ਵੇਲੇ ਸਾਰਿਆਂ ਨੂੰ ਇਕੱਠੇ ਕਰ ਲਿਆ; ਗੁਰੂ ਵੀ ਆ ਗਏ ਤੇ ਨੰਦ ਲਾਲ ਜੀ ਨੂੰ ਨਾ ਦੱਸਿਆ। ਨੰਦ ਲਾਲ ਜੀ ਨੂੰ ਬੁਲਾ ਲਿਆਂਦਾ ਤੇ ਚੌਂਕੀ ਤੇ ਬਿਠਾ ਲਿਆ ਤੇ ਕਹਿਣ ਲੱਗੇ ਕਿ ਬੇਟਾ! ਬਾਰਾਂ ਸਾਲ ਦੀ ਤੇਰੀ ਉਮਰ ਹੋ ਗਈ, ਨਿਗੁਰਾ ਨਹੀਂ ਰਹਿਣਾ ਚਾਹੀਦਾ।

ਕਹਿੰਦੇ, "ਫੇਰ ਪਿਤਾ ਜੀ! ਕੀ ਕਰਿਆ ਜਾਵੇ?"

ਪਿਤਾ ਕਹਿਣ ਲੱਗੇ, "ਗੁਰੂ ਜੀ ਆਏ ਹੋਏ ਨੇ। ਇਹ ਕੰਠੀ ਗਲ ਵਿਚ ਪਾਉਣਗੇ, ਤੂੰ ਕੰਠੀ ਪੁਆ ਲੈ।" ਏਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਗੁਰੂ ਧਾਰ ਲੈ, ਨਿਗੁਰੇ ਦਾ ਹੈ ਨਾਉ ਬੁਰਾ,
ਕੰਠੀ ਗਲ ਵਿਚ ਪਾ ਲੈ ਆਪਣੇ -2, 2.
ਕੰਠੀ ਗੱਲ ਵਿਚ ਓ, ਪਾ ਲੈ ਆਪਣੇ -2, 2.
ਗੁਰੂ ਧਾਰ ਲੈ,.............. -2,

ਬੜੇ ਪਿਆਰ ਨਾਲ ਬੁਲਾ ਲਿਆ। ਪਿਤਾ ਬਹੁਤ ਪੜ੍ਹਿਆ-ਲਿਖਿਆ ਸੀ। ਪਤਾ ਸੀ ਕਿ ਛੋਟੀ ਉਮਰ ਵਿਚ ਹੀ ਬੱਚਾ ਬਹੁਤ ਵਿਦਵਾਨ ਹੈ। ਬੜੇ ਪਿਆਰ ਨਾਲ ਕਹਿਣ ਲੱਗੇ, ਭਾਈ ਸੰਤੋਖ ਸਿੰਘ ਜੀ ਲਿਖਦੇ ਨੇ ਕਿ -

ਹਿਤ ਉਪਦੇਸ਼ ਬਿਠਾਯਹੁ ਪਾਸ।
ਪੰਨਾ - 5076 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਕੋਲ ਬੁਲਾ ਲਿਆ ਪਿਆਰ ਦੇ ਨਾਲ -

ਕਹਿ ਸੁਤ ਸੋਂ 'ਹਮ ਹੈਂ ਹਰਿ ਦਾਸ।
ਪੰਨਾ - 5076 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਬੇਟਾ! ਆਪਾਂ ਬੈਰਾਗੀ ਹੁੰਦੇ ਹਾਂ। ਮੇਰਾ ਪਿਤਾ ਵੀ ਵੈਰਾਗੀ ਸੀ, ਉਸ ਦਾ ਪਿਤਾ ਵੀ ਵੈਰਾਗੀ ਸੀ। ਆਪਾਂ ਹਰੀ ਦੇ ਦਾਸ ਹੁੰਦੇ ਹਾਂ -

ਗੁਰੂ ਬੈਸ਼ਨੋ ਧਾਰਨ ਕਰੋ।
ਤਿਸ ਆਗਯਾ ਕੇ ਨਿਤ ਅਨੁਸਰੋ॥
ਪੰਨਾ - 5076 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਹੁਣ ਗੁਰੂ ਜੀ ਆਏ ਹੋਏ ਨੇ ਸਾਡੇ, ਤੁਸੀਂ ਵੀ ਗੁਰੂ ਧਾਰਨ ਕਰ ਲਓ ਇਨ੍ਹਾਂ ਨੂੰ, ਜਿਸ ਤਰ੍ਹਾਂ ਹੁਕਮ ਦੇਣਗੇ ਉਸੇ ਤਰ੍ਹਾਂ ਨਾਲ ਚਲੋ।

ਕੰਠੀ ਅਪਨੇ ਕੰਠ ਬੰਧਾਵਹੁ।
ਧਰਮ ਬੈਸ਼ਨੋ ਕੇ ਮਹਿਂ ਆਵਹੁ।
ਪੰਨਾ - 5076 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਉਹ ਆਪਣੇ ਮੁਬਾਰਕ ਹੱਥਾਂ ਦੇ ਨਾਲ ਤੁਹਾਡੇ ਗੱਲ ਵਿਚ ਕੰਠੀ ਪਾ ਦੇਣਗੇ -

ਕਹਿੰਦੇ ਫੇਰ ਤੁਸੀਂ ਵੈਸ਼ਨੂੰ ਧਰਮ ਵਿਚ ਆ ਜਾਓਗੇ –

ਗੁਰ ਨੇ ਭਨਜੋ 'ਧਰਮ ਕੋ ਧਾਰ।
ਕੰਠੀ ਪਾਵਹੁ ਕੰਠ ਮਝਾਰ'।
ਨੰਦਲਾਲ ਕਰ ਜੋਰਿ ਬਖਾਨਾ।
'ਇਸ ਕੰਠੀ ਤੇ ਅਨੰਦ ਨ ਜਾਨਾ॥
ਪੰਨਾ – 5076 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਗੁਰੂ ਨੇ ਵੀ ਇਹੀ ਗੱਲ ਕਹੀ ਕਿ ਬੇਟਾ ਨੰਦ ਲਾਲ! ਤੂੰ ਕੰਠੀ ਆਪਣੇ ਗਲ ਦੇ ਵਿਚ ਪਾ ਲੈ। ਦੋਵੇਂ ਹੱਥ ਜੋੜ ਲਏ ਕਿਉਂਕਿ ਬੁੱਧੀ ਤਰਕਸ਼ੀਲ ਸੀ, ਗੱਲ ਦਾ ਨਿਰਣਾ ਕਰਕੇ ਮੰਨਣੀ ਸੀ। ਜੋ ਬੰਦਾ ਨਿਰਣਾ ਕਰਕੇ ਗੱਲ ਮੰਨ ਲਵੇ ਉਸ ਦੇ ਡੋਲਣ ਦਾ ਖਤਰਾ ਨਹੀਂ ਹੁੰਦਾ। ਜਿਹੜਾ ਐਵੇਂ ਹੀ ਕਹੇ-ਕਹਾਏ ਤੇ ਕਿ ਤੂੰ ਅੰਮ੍ਰਿਤ ਛਕ ਲੈ, ਤੂੰ ਅੰਮ੍ਰਿਤ ਛਕ ਲੈ। ਅੰਮ੍ਰਿਤ ਛਕ ਲਵੇ ਉਹ ਡੋਲ ਜਾਇਆ ਕਰਦਾ ਹੈ। ਪਹਿਲਾਂ ਇਹ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਅੰਮ੍ਰਿਤ ਕਿਉਂ ਛਕ ਲਵਾਂ? ਸੋ ਬੁੱਧੀ ਤੇਜ਼ ਸੀ।

ਗੁਰੂ ਨਾਨਕ ਪਾਤਿਸ਼ਾਹ ਜੀ ਵੀ ਜਦੋਂ ਏਸ ਉਮਰ ਵਿਚ ਹੋਏ, ਉਸ ਵੇਲੇ ਕੁਲਾ-ਰੀਤ ਦੇ ਅਨੁਸਾਰ ਪਿਤਾ ਕਾਲੂ ਜੀ ਨੇ ਭਾਈਚਾਰਾ ਬੁਲਾਇਆ, ਬੇਅੰਤ ਬ੍ਰਾਹਮਣ ਬੁਲਾਏ। ਆਪਣੇ ਘਰ ਬ੍ਰਹਮ-ਭੋਜ ਕਰਿਆ ਤੇ ਉਸ ਵੇਲੇ ਗੁਰੂ ਸਾਹਿਬ ਨੂੰ ਆ ਕੇ ਪਾਧਾ ਹਰਿਦਾਸ ਜੀ ਕਹਿਣ ਲੱਗੇ ਕਿ ਨਾਨਕ ਜੀ! ਤੁਸੀਂ ਜਨੇਊ ਪਾ ਲਓ ਕਿਉਂਕਿ ਜੋ ਖਤ੍ਰੀ ਹੈ ਉਹ ਸਣ ਦਾ ਜਨੇਊ ਰੱਖਦੇ ਨੇ। ਬ੍ਰਾਹਮਣ ਸੂਤ ਦਾ ਰੱਖਦੇ ਨੇ, ਖੱਤਰੀ ਦੇ ਸਣ ਦਾ ਹੁੰਦਾ ਹੈ ਤੇ ਵੈਸ਼ ਦੇ ਉੱਨ ਦਾ ਜਨੇਊ ਹੋਇਆ ਕਰਦਾ ਹੈ। ਸ਼ੂਦਰ ਦੇ ਕੋਈ ਜਨੇਊ ਨਹੀਂ ਹੋਇਆ ਕਰਦਾ।

ਸੋ 'ਯਗਓਪਵੀਤ' ਦੀ ਜੋ ਰਸਮ ਹੈ ਉਹ ਕਰ ਲੈ ਤਾਂ ਕਿ ਜਨੇਊ ਤੋਂ ਬਗੈਰ ਨਾ ਰਹੇਂ। ਉਸ ਵੇਲੇ ਮਹਾਰਾਜ ਜੀ, ਵੀਚਾਰ ਕੇ ਕਹਿਣ ਲੱਗੇ, "ਪਾਧਾ ਜੀ! ਇਸ ਦੇ ਪਾਏ ਤੇ ਕੀ ਹੋਏਗਾ?"

ਕਹਿੰਦੇ, "ਇਸ ਦੇ ਪਾਏ ਤੇ ਧਰਮ ਵਿਚ ਆ ਜਾਵਾਂਗੇ ਤੇ ਜਮਦੂਤ ਨਹੀਂ ਕੁਝ ਕਹਿਣਗੇ।"

ਮਹਾਰਾਜ ਜੀ ਕਹਿੰਦੇ, "ਫੇਰ ਇਹ ਤਾਂ ਟੁੱਟ ਜਾਂਦਾ ਹੈ। ਕੀ ਇਹ ਮੇਰੇ ਨਾਲ ਦਰਗਾਹ ਵਿਚ ਜਾਏਗਾ?"

ਚੁੱਪ ਹੋ ਗਏ ਸਾਰੇ। ਸੁਆਲ ਕਰਦੇ ਨੇ ਮਹਾਰਾਜ ਜੀ ਏਸ ਤਰ੍ਹਾਂ ਦੇ ਨਾਲ –

ਧਾਰਨਾ – ਦਰਗਹ ਵਿਚ ਨਾ ਜਨੇਊ ਸਾਥ ਜਾਣਾ,
ਭਰਮਾਂ ਵਿਚ ਕਾਹਨੂੰ ਭੁਲਿਐਂ –2, 2.
ਦਰਗਹ ਵਿਚ ਨਾ ਜਨੇਊ ਸਾਥ ਜਾਣਾ,..–4.

ਕਹਿਣ ਲੱਗੇ ਕਿ ਨਾਲ ਜਾਏਗਾ ਮੇਰੇ? ਚੁੱਪ ਕਰ ਗਏ ਸਾਰੇ। ਕਹਿਣ ਲੱਗੇ ਕਿ ਜਦੋਂ ਸਸਕਾਰ ਕਰੋਂਗੇ ਉਸ ਵੇਲੇ ਨਾਲ ਮੇਰੇ ਜਨੇਊ ਜਾਏਗਾ? ਕਿਉਂਕਿ ਜੀਵ ਜਿਹੜਾ ਹੈ ਉਹ ਮਰਦਾ ਨਹੀਂ ਹੈ –

ਮਰਣਹਾਰੁ ਇਹੁ ਜੀਅਰਾ ਨਾਹੀ॥ ਪੰਨਾ – 188

ਸਰੀਰ ਛੱਡ ਦੇਵਾਂਗੇ ਉਹ ਜੀਊਂਦਾ ਰਹੇਗਾ। ਕਹਿੰਦੇ ਉਥੇ ਤਾਂ ਨਾਲ ਨਹੀਂ ਜਾਏਗਾ?

ਮਹਾਰਾਜ ਜੀ ਕਹਿੰਦੇ, "ਫੇਰ ਮੇਰੇ ਉਹ ਜਨੇਊ ਪਾਓ ਜਿਹੜਾ ਇਥੇ ਵੀ ਨਾਲ ਨਿਭੇ ਤੇ ਅੱਗੇ ਵੀ ਨਾਲ ਨਿਭੇ।"

ਕਹਿੰਦੇ, "ਨਾਨਕ ਜੀ! ਐਸਾ ਜਨੇਊ ਵੀ ਕੋਈ ਹੁੰਦਾ ਹੈ?"

ਮਹਾਰਾਜ ਕਹਿੰਦੇ, "ਹਾਂ! ਕਪਾਹ ਉਸ ਦੀ ਹੋਰ ਹੈ, ਸੂਤ ਉਸ ਦਾ ਹੋਰ ਹੈ, ਵੱਟ ਉਸ ਦਾ ਹੋਰ ਹੈ ਤੇ ਗੰਢ ਉਸ ਦੀ ਹੋਰ ਹੈ। ਜੇ ਉਹ ਲੱਭ ਜਾਵੇ, ਫੇਰ ਉਹ ਨਾਲ ਜਾਏਗਾ ਦਰਗਾਹ ਵਿਚ।"

ਕਹਿੰਦੇ, "ਉਹ ਕਿਹੋ-ਜਿਹਾ ਹੈ?"

ਕਹਿੰਦੇ –

ਦਇਆ ਕਪਾਹ ਸੰਤੋਖੁ ਸੂਤੁ ....॥ ਪੰਨਾ – 471

ਬਿਰਤੀ ਵਿਚ ਸੰਤੋਖ ਧਾਰ ਲੈ, ਨੇਤਰਾਂ ਵਿਚ ਧਾਰ ਲੈ ਸੰਤੋਖ-

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥

ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਪੰਨਾ – 274

ਮਾੜਾ ਕੰਮ ਹੱਥਾਂ ਨਾਲ ਨਾ ਕਰ, ਪੈਰਾਂ ਨਾਲ ਮਾੜੇ ਥਾਂ ਚੱਲ ਕੇ ਨਾ ਜਾਹ। ਇਹ ਸੰਤੋਖ ਧਾਰ ਲੈ ਭਾਈ! ਇਸ ਦਾ 'ਸੂਤ' ਬਣਾ ਲੈ ਕਪਾਹ ਦਾ। 'ਜਤ' ਜਿਹੜਾ ਹੈ ਸਾਰੇ ਇੰਦ੍ਰਿਆਂ ਦਾ ਜਤ ਅੱਖਾਂ ਦਾ, ਕੰਨਾਂ ਦਾ, ਹੱਥਾਂ ਦਾ, ਪੈਰਾਂ ਦਾ, ਇਸ ਜਤ ਦੀ ਤੂੰ ਗੰਢ ਦੇ ਲੈ ਤੇ ਸੱਚੇ ਜੀਵਨ ਦਾ 'ਵਟ' ਦੇ ਲੈ। ਪਾਖੰਡ ਨਾ ਕਰ, double faced (ਕਪਟੀ, ਛਲੀਆ) ਨਾ ਹੋ, ਜਿਹੋ ਜਿਹਾ ਹੈ ਓਹੋ ਜਿਹਾ ਹੀ ਰਹਿ –

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਪੰਨਾ – 471

ਹੈ ਤੇਰੇ ਕੋਲ? ਕਹਿੰਦਾ, "ਇਹ ਤਾਂ ਹੈ ਨਹੀਂ।" ਮਹਾਰਾਜ ਕਹਿਣ ਲੱਗੇ, ਫੇਰ ਇਹ ਟੁਟਦਾ ਭੀ ਨਹੀਂ, ਮੈਲਾ ਭੀ ਨਹੀਂ ਹੁੰਦਾ।

ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥
ਪੰਨਾ – 471

ਕਹਿੰਦੇ ਕਿ ਚਾਰ ਟਕਿਆਂ ਦਾ ਲੈ ਆਂਦਾ ਸੂਤ, ਤੇ ਚੌਂਕਾ ਬਣਾ ਲਿਆ, ਇਸ ਦੇ ਉਤੇ ਬਿਠਾ ਦਿਤਾ ਕਿ ਤੇਰੇ ਜਨੇਊ ਗਲ ਪਾਉਣਾ ਹੈ ਤੇ ਗੁਰੂ ਬ੍ਰਾਹਮਣ ਬਣ ਗਿਆ, ਕੰਨ ਦੇ ਵਿਚ ਮੰਤਰ ਦੇ ਦਿੱਤਾ। ਕਹਿੰਦੇ ਜਦੋਂ ਇਹ ਮਰਿਆ ਤਾਂ ਇਸ ਨੇ ਝੜ ਜਾਣਾ ਹੈ ਤੇ 'ਵੇ-ਤਗਾ' ਹੀ ਦਰਗਾਹ ਵਿਚ ਜਾਣਾ ਹੈ। ਫੇਰ ਜਨੇਊ ਉਹ ਪਾ ਜਿਹੜਾ ਨਾਲ ਜਾਵੇ।

ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥
ਪੰਨਾ – 471

ਸਾਰੇ ਨਿਰੁੱਤਰ ਹੋ ਗਏ। ਇਸੇ ਤਰ੍ਹਾਂ ਦੇ ਨਾਲ ਭਾਈ ਨੰਦ ਲਾਲ ਜੀ ਕਹਿਣ ਲੱਗੇ ਕਿ ਗੁਰੂ ਜੀ! ਮੈਨੂੰ ਗੁਰੂ ਧਾਰਨ ਦੀ ਬੜੀ ਲਾਲਸਾ ਹੈ। ਮੈਂ ਜਾਣਦਾ ਹਾਂ ਕਿ ਨਿਗੁਰਾ ਨਹੀਂ ਬੰਦੇ ਨੂੰ ਰਹਿਣਾ ਚਾਹੀਦਾ ਪਰ ਗੁਰੂ ਪਛਾਣ ਕੇ ਹੋ ਜਾਵੇ ਤਾਂ ਚੰਗਾ ਹੈ ਤੇ ਤੁਸੀਂ ਕੰਠੀ ਤਾਂ ਮੇਰੇ ਗਲ ਵਿਚ ਪਾ ਦਿਓ ਪਰ ਪਾਓ ਐਸੀ ਜਿਹੜੀ ਮੇਰੇ ਨਾਲ ਨਿਭ ਜਾਵੇ, ਐਸ ਤਰ੍ਹਾਂ ਕਹਿੰਦੇ ਨੇ –

ਧਾਰਨਾ – ਜਿਹੜੀ ਨਿਭ ਜਾਏ ਨਾਲ ਪ੍ਰਾਣਾਂ,
ਐਸੀ ਕੰਠੀ ਪਾ ਦਿਓ –2, 2.
ਐਸੀ ਕੰਠੀ ਪਾ ਦਿਓ –4, 2.
ਜਿਹੜੀ ਨਿਭ ਜਾਏ ਨਾਲ ਪ੍ਰਾਣਾਂ,.... –2.

ਕਹਿਣ ਲੱਗੇ, "ਗੁਰੂ ਜੀ! ਮੈਂ ਕੰਠੀ ਪਾਉਣ ਤੋਂ ਨਹੀਂ ਜਵਾਬ ਦੇ ਰਿਹਾ ਪਰ ਐਸੀ ਕੰਠੀ ਪਾਇਓ ਜਿਹੜੀ ਮੇਰੇ ਪ੍ਰਾਣਾਂ ਦੇ ਨਾਲ, ਜੀਅ ਦੇ ਨਾਲ ਨਿਭ ਜਾਵੇ ਤੇ ਜਿਥੇ ਮੈਂ ਜਾਵਾਂ ਓਥੇ ਮਾਣ ਹੋਵੇ।"

ਧੰਨਿ ਧੰਨਿ ਕਹੈ ਸਭੁ ਕੋਇ॥
ਮੁਖ ਊਜਲ ਹਰਿ ਦਰਗਹ ਸੋਇ॥ ਪੰਨਾ – 283

ਬੇਨਤੀ ਕਰਨ ਲੱਗੇ –

ਨੰਦਲਾਲ ਕਰ ਜੋਰਿ ਬਖਾਨਾ।
ਪੰਨਾ – 5076 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਹੱਥ ਜੋੜ ਲਏ ਦੋਵੇਂ –

'ਇਸ ਕੰਠੀ ਤੇ ਅਨੰਦ ਨ ਜਾਨਾ॥
ਪੰਨਾ – 5076 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਆਹ ਜਿਹੜੀ ਤੁਸੀਂ ਮੇਰੇ ਗਲ ਵਿਚ ਪਾਉਣ ਲੱਗੇ ਹੋ, ਇਹ ਤਾਂ ਮੈਂ ਬਹੁਤਿਆਂ ਦੇ ਪਾਈ ਦੇਖੀ ਹੈ› ਪਰ ਓਹੀ ਕ੍ਰੋਧ, ਓਹੀ ਲੋਭ, ਓਹੀ ਮੋਹ, ਓਹੀ ਅਹੰਕਾਰ, ਓਹੀ ਸ਼ੰਕੇ, ਇਹ ਤਾਂ ਇਕ ਬੋਝ ਗਲ ਵਿਚ ਪਾ ਲਿਆ। ਅਨੰਦ ਤਾਂ ਆਇਆ ਨਹੀਂ। ਤੁਸੀਂ ਮੈਨੂੰ ਕੋਈ ਬਾਣੀ ਦੀ, ਕੋਈ ਨਾਮ ਦੀ ਕੰਠੀ ਪਾਓ ਜਿਹੜੀ ਮੇਰੇ ਅੰਦਰ ਵਸ ਜਾਵੇ।

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥
ਪੰਨਾ – 795

ਇਹੋ ਜਿਹੀ ਕੰਠੀ ਪਾਓ ਜਿਸ ਦੇ ਨਾਲ ਮੈਂ ਮੁੜ ਕੇ ਜਨਮ-ਮਰਨ ਵਿਚ ਨਾ ਆਵਾਂ।

ਬਾਣੀ ਸੁੰਦਰ ਕੰਠੀ ਜੋਇ।
ਮੋਰ ਗਰੇ ਪਹਿਰਾਵਹੁ ਸੋਇ।
ਪੰਨਾ – 5076 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਉਹ ਪਾ ਦਿਓ, ਜਿਹੜੀ ਅੰਦਰਲੀ ਨਾਮ-ਧੁਨ ਹੈ, ਹਿਰਦੇ ਵਿਚ ਪ੍ਰਗਟ ਹੋ ਜਾਵੇ।

ਗੁਰ ਪਰਮੇਸ਼੍ਵਰ ਜਸੁ ਜਿਸ ਮਾਂਹੀ।
ਪੰਨਾ – 5076 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਗੁਰੂ ਦਾ, ਪਰਮੇਸ਼ਰ ਦਾ ਮੈਂ ਜਸ ਗਾਵਾਂ –

ਬਰਨਨ ਕਰਤੇ ਤ੍ਰਿਪਤੌਂ ਨਾਂਹੀ॥
ਪੰਨਾ – 5076 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਦਿਨ ਰਾਤ ਕੀਰਤਨ ਕਰਦਾ ਰਹਾਂ।

ਸਦਾ ਕੰਠ ਮਹਿੰ ਸੁੰਦਰ ਸੋਹੈ।
ਪਠਨਿ ਸੁਨਿਨ ਤੇ ਜਨ ਮਨ ਮੋਹੈ॥
ਪੰਨਾ – 5076 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਹੜੇ ਸੁਣਨ, ਜਿਹੜੇ ਪੜ੍ਹਨ, ਉਹ ਸਾਰੇ ਮੋਹੇ ਜਾਣ, ਇਹੋ ਜਿਹੀ ਕੰਠੀ ਪਾਇਓ –

ਬਰਖ ਹਜ਼ਾਰਹੁੰ ਬਰਧਤਿ ਰਹੈ।
ਜਗ ਮਹਿੰ ਜਸੁ ਆਗੈ ਗਤਿਲਹੈ।
ਪੰਨਾ – 5076 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਇਥੇ ਵੀ ਜਸ ਮਿਲੀ ਜਾਵੇ ਤੇ ਦਰਗਾਹ ਵਿਚ ਜਾ ਕੇ ਵੀ ਜਸ ਹੋਵੇ। ਐਸੀ ਕੰਠੀ ਜੇ ਤੁਹਾਡੇ ਕੋਲ ਹੈ ਤਾਂ ਪਾ ਦਿਓ। ਗੁਰੂ ਮਹਾਰਾਜ ਜੀ ਵੀ ਐਸਾ ਹੀ ਕਹਿੰਦੇ ਨੇ ਕਿ ਮਾਲਾ ਤਾਂ ਪਾ ਲੈਂਦੇ ਨੇ –

ਇਕ ਤਸਬੀ ਇਕ ਮਾਲਾ ਧਰੀ॥

ਇਕ ਨੇ ਤਸਬੀ ਲੈ ਲਈ, ਇਕ ਨੇ ਮਾਲਾ ਹੱਥ ਵਿਚ ਲੈ ਲਈ।

ਏਕ ਕੁਰਾਨ ਪੁਰਾਨ ਉਚਰਈ॥

ਇਕ ਕੁਰਾਨ ਦਾ ਉਚਾਰਨ ਕਰਨ ਲੱਗ ਗਿਆ, ਇਕ ਪੁਰਾਨ ਦਾ ਪਾਠ ਕਰ ਰਿਹਾ ਹੈ ਪਰ ਬੰਦੇ ਤਾਂ ਉਹੋ ਜਿਹੇ ਹੀ ਨੇ ਜਿਹੋ ਜਿਹੇ ਪਹਿਲਾਂ ਸੀ।

ਕਰਤ ਬਿਰੋਧ ਗਏ ਮਰ ਮੂੜਾ॥

ਇਕ ਦੂਜੇ ਦਾ ਵਿਰੋਧ ਕਰਕੇ ਹੀ ਮਰ ਗਏ।

ਪ੍ਰਭੁ ਕਉ ਰੰਗ ਨ ਲਾਗਤ ਗੂੜਾ॥

ਪਿਆਰ ਲੱਗਿਆ ਹੀ ਨਾ ਰੱਬ ਦਾ। ਕਹਿੰਦੇ –

ਹਿਰਦੈ ਜਪਨੀ ਜਪਉ ਗੁਣਤਾਸਾ॥
ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ
ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ॥
ਪੰਨਾ – 845
ਹਰਿ ਮਾਲਾ ਉਰਿ ਅੰਤਰਿ ਧਾਰੈ॥ ਪੰਨਾ – 388

ਮਾਲਾ ਤਾਂ ਉਹ ਹੈ ਜਿਹੜਾ ਅੰਦਰ ਨੂੰ ਸਾਹ ਜਾਵੇ 'ਵਾਹਿ', ਬਾਹਰ ਨੂੰ ਆਵੇ 'ਗੁਰੂ'। ਪਾ ਲਓ ਮਾਲਾ ਜਿਸ ਨੇ ਗਲ ਵਿਚ ਪਾਉਣੀ ਹੈ। ਜਦੋਂ ਸਾਹ ਅੰਦਰ ਨੂੰ ਜਾਂਦਾ ਹੈ ਕਹਿ ਦਿਓ ਵਾ..........ਹਿ....... ਜਦੋਂ ਬਾਹਰ ਨੂੰ ਆਉਂਦਾ ਹੈ ਤਾਂ ਗੁ.........ਰੂ...........

ਵਾ...........ਹਿ...........ਗੁ..........ਰੂ

ਹਰਿ ਹਰਿ ਅਖਰ ਦੁਇ ਇਹ ਮਾਲਾ॥ ਪੰਨਾ – 388

ਇਹ ਮਾਲਾ ਜਦੋਂ ਪੈ ਜਾਂਦੀ ਹੈ –

ਹਰਿ ਮਾਲਾ ਉਰ ਅੰਤਰਿ ਧਾਰੈ॥
ਜਨਮ ਮਰਣ ਕਾ ਦੂਖੁ ਨਿਵਾਰੈ॥ ਪੰਨਾ – 388

ਜਦੋਂ ਇਹ ਮਾਲਾ ਹਿਰਦੇ ਵਿਚ ਧਾਰਨ ਹੋ ਗਈ ਫੇਰ ਜੰਮਣਾ-ਮਰਨਾ ਖਤਮ ਹੋ ਗਿਆ।

ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ॥ ਪੰਨਾ - 388

ਜਿਸ ਨੇ ਹਿਰਦੇ ਵਿਚ ਸੰਭਾਲ ਲਿਆ ਤੇ ਮੁੱਖ ਤੋਂ ਵੀ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾ-ਅੱਲਾ ਬੋਲਦਾ ਹੈ -

ਸੋ ਜਨੁ ਇਤ ਉਤ ਕਤਹਿ ਨ ਡੋਲੈ॥
ਕਹੁ ਨਾਨਕ ਜੋ ਰਾਚੈ ਨਾਇ॥
ਹਰਿ ਮਾਲਾ ਤਾ ਕੈ ਸੰਗਿ ਜਾਇ॥ ਪੰਨਾ - 388

ਜਿਹੜੇ ਨਾਮ ਵਿਚ ਰਚ ਗਏ; ਕਹਿੰਦੇ ਭਾਈ! ਉਹ ਮਾਲਾ ਨਾਲ ਜਾਂਦੀ ਹੈ। ਜਦੋਂ ਐਨਾ ਬਚਨ ਕੁਲ-ਗੁਰੂ ਨੇ ਸੁਣਿਆ, ਉਸ ਵੇਲੇ ਚੁਪ ਕਰਕੇ ਉਠ ਕੇ ਚਲਿਆ ਗਿਆ, ਬੋਲੇ ਨਹੀਂ ਤੇ ਇਸ ਦੇ ਪਿਤਾ ਜੀ ਨੇ ਸਮਝਿਆ ਕਿ ਗੁਰੂ ਗੁੱਸੇ ਹੋ ਗਿਆ। ਬੜਾ ਮਾੜਾ ਕੰਮ ਹੋਇਆ ਤੇ ਹੁਣ ਕੀ ਬਣੇਗਾ ਜੇ ਗੁਰੂ ਹੀ ਗੁੱਸੇ ਹੋ ਗਿਆ? ਉਹ ਡੇਰੇ ਚਲੇ ਗਏ ਜਿਥੇ ਆਸਣ ਸੀ। ਆਪ ਬਹੁਤ ਸਾਰੀਆਂ ਭੇਟਾਵਾਂ ਲੈ ਕੇ ਪਹੁੰਚੇ; ਪ੍ਰਸ਼ਾਦ-ਪਾਣੀ ਭਾਈਚਾਰੇ ਨੂੰ ਛਕਾ ਦਿੱਤਾ ਪਰ ਨੰਦ ਲਾਲ ਨੂੰ ਕਿਹਾ ਕੁਝ ਨਹੀਂ ਕਿਉਂਕਿ ਜਾਣਦੇ ਸਨ ਕਿ ਇਹ ਕੋਈ ਮਾਮੂਲੀ ਬੱਚਾ ਨਹੀਂ ਹੈ; ਇਹ ਕੋਈ ਆਪ ਹੀ ਆਇਆ ਹੋਇਆ ਹੈ ਦਰਗਾਹ ਤੋਂ। ਕੋਈ ਗੱਲ ਨਹੀਂ, ਫਿਕਰ ਪੈ ਗਿਆ ਕਿ ਕੁਲ-ਗੁਰੂ ਨੂੰ ਮਨਾਈਏ। ਜਦੋਂ ਡੇਰੇ ਜਾ ਕੇ ਨਮਸ਼ਕਾਰ ਕਰੀ ਤੇ ਕਹਿਣ ਲੱਗੇ ਕਿ ਗੁਰੂ ਮਹਾਰਾਜ! ਆਪ ਨਾਰਾਜ਼ ਹੋ ਗਏ? ਬੱਚੇ ਦੀ ਗੁਸਤਾਖੀ ਮਾਫ ਕਰੋ। ਬੱਚਾ ਪੜ੍ਹ ਗਿਆ ਜ਼ਿਆਦਾ, ਤਰਕ ਹੈ ਉਸ ਦੇ ਅੰਦਰ।

ਕਹਿੰਦੇ, "ਬੇਟਾ! ਤੇਰਾ ਬੱਚਾ ਤਾਂ ਬਹੁਤ ਹੀ ਸੁਮੱਤਵੰਤ ਹੈ। ਐਸਾ ਬੱਚਾ ਮੈਂ ਨਹੀਂ ਦੇਖਿਆ ਆਪਣੀ-ਜ਼ਿੰਦਗੀ ਵਿਚ, ਮੈਂ ਖੁਦ ਹੈਰਾਨ ਹਾਂ। ਉਹ ਕੰਠੀ ਮੇਰੇ ਕੋਲ ਨਹੀਂ ਹੈ ਜਿਹੜੀ ਉਹ ਮੰਗਦਾ ਹੈ।"

ਅਸ ਕੰਠੀ ਮਮ ਨਿਕਟ ਨ ਅਹੈ।
ਜਿਸ ਢਿਗ ਹੋਇ ਤਿਸੀ ਤੇ ਲਹੈ।
ਪੰਨਾ - 5076 ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਇਸ ਨੂੰ ਲੱਭ ਜਾਏਗਾ ਕੰਠੀ ਦੇਣ ਵਾਲਾ, ਹਠ ਨਾ ਕਰੋ। ਐਵੇਂ ਨ ਧਰਮ ਵਿਚ ਲਿਆਓ ਕਿ ਗੁਰੂ ਧਾਰਨ ਕਰਾ ਦੇਈਏ, ਨਾਂਹ! ਇਹ ਜਿਹੜੀ ਕੰਠੀ ਮੰਗਦਾ ਹੈ, ਇਹ ਲੱਭ ਜਾਣੀ ਹੈ ਇਸ ਨੂੰ -

ਸੁਮਤਿਵੰਤ ਇਹੁ ਬਾਲਕ ਹੋਵੈ।
ਹਿਰਦੈ ਹਰਿ ਹਰਿ ਨਾਮ ਪਰੋਵੈ॥
ਪੰਨਾ - 5076 ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਇਹ ਤਾਂ ਬਹੁਤ ਅਕਲ ਵਾਲਾ ਬਾਲਕ ਬਣਨਾ ਹੈ ਤੇ ਇਸ ਦੇ ਹਿਰਦੇ ਦੇ ਵਿਚ ਇਸ ਕੰਠੀ ਨੇ ਨਿਵਾਸ ਕਰ ਲੈਣਾ ਹੈ। ਸੋ ਏਸ ਤਰ੍ਹਾਂ ਦੇ ਨਾਲ ਭਾਈ ਨੰਦ ਲਾਲ ਜੀ ਖੋਜ ਕਰਦੇ ਨੇ ਤੇ ਪਹਿਨੀ ਨਹੀਂ ਕੰਠੀ ਕਿਉਂਕਿ ਜਦੋਂ ਤੱਕ ਗੁਰੂ ਪੂਰਾ ਨਾ ਮਿਲੇ, ਓਨਾ ਚਿਰ ਆਦਮੀ ਦਾ ਕੰਮ ਨਹੀਂ ਬਣਿਆ ਕਰਦਾ। ਹੁਣ ਗੁਰੂ ਪੂਰੇ ਬਾਰੇ ਸਾਨੂੰ ਤਾਂ ਪਤਾ ਨਹੀਂ ਲਗਦਾ। ਮਹਾਰਾਜ ਕਹਿੰਦੇ ਦੇਖੋ! ਇਹ ਤਾਂ ਵਾਹਿਗੁਰੂ ਦੇ ਹੱਥ ਦੀ ਗੱਲ ਹੈ ਪਰ ਗੁਰੂ ਪੂਰੇ ਦੀਆਂ ਨਿਸ਼ਾਨੀਆਂ ਨੇ -

ਸਤਿਗੁਰ ਪੁਰਖੁ ਅਗੰਮੁ ਹੈ, ਨਿਰਵੈਰ ਨਿਰਾਲਾ।
ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।
ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮ੍ਹਾਲਾ।
ਜਿਉ ਕਰਿ ਨਿਰਮਲੁ ਆਰਸੀ, ਜਗੁ ਵੇਖਣਿ ਵਾਲਾ।
ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।
ਸੇਵਕ ਦਰਗਹ ਸੁਰਖਰੂ, ਵੇਮੁਖੁ ਮੁਹ ਕਾਲਾ॥
ਭਾਈ ਗੁਰਦਾਸ ਜੀ ਦੀ ਵਾਰ34/1

ਸੋ ਐਸਾ ਪੂਰਾ ਸਤਿਗੁਰੂ ਲੱਭਣਾ ਔਖਾ ਹੈ ਜਿਸਦੀਆਂ ਨਿਸ਼ਾਨੀਆਂ ਏਸ ਤਰ੍ਹਾਂ ਲਿਖੀਆਂ ਨੇ ਮਹਾਰਾਜ ਜੀ ਨੇ -

ਧਾਰਨਾ - ਜਿਸ ਨੂੰ ਮਿਲ ਕੇ ਦੁਬਿਧਾ ਬਿਨਸੈ,
ਉਹ ਪੂਰਾ ਸਤਿਗੁਰੂ -2, 2.
ਉਹ ਪੂਰਾ ਸਤਿਗੁਰੂ -4, 2.
ਜਿਸ ਨੂੰ ਮਿਲ ਕੇ ਦੁਬਿਧਾ ਬਿਨਸੈ, ..2

ਇਹ ਹੈ ਨਿਸ਼ਾਨੀ ਪੂਰੇ ਗੁਰੂ ਦੀ। ਆਦਮੀ ਦੇ ਅੰਦਰ ਦੁਬਿਧਾ ਹੈ ਜਿਸ ਨੂੰ ਹਉਮੈ ਕਹਿੰਦੇ ਨੇ। ਜਿੰਨਾ ਚਿਰ ਆਦਮੀ ਦੇ ਅੰਦਰ ਹਉਮੈ ਹੈ, 'ਮੈਂ' 'ਮੈਂ' ਕਰਦਾ ਹੈ -

ਜਬ ਲਗੁ ਮੇਰੀ ਮੇਰੀ ਕਰੈ॥
ਤਬ ਲਗੁ ਕਾਜੁ ਏਕੁ ਨਹੀ ਸਰੈ॥ ਪੰਨਾ - 1160

'ਮੇਰੀ' ਆਪੇ ਨਹੀਂ ਮਿਟਦੀ, ਮਿਟਾਉਣ ਵਾਲਾ ਮਿਟਾਇਆ ਕਰਦਾ ਹੈ। ਜਦੋਂ ਤੱਕ ਗਿਆਨ ਨਹੀਂ ਹੁੰਦਾ ਉਸ ਵੇਲੇ ਤੱਕ 'ਮੈਂ' ਤੇ 'ਮੇਰੀ' ਨਹੀਂ ਮਿਟਿਆ ਕਰਦੀ। ਜਿਹੜਾ ਮੇਰੀ ਨੂੰ ਮਿਟਾ ਦੇਵੇ ਤੇ ਵਾਹਿਗੁਰੂ ਨੂੰ ਮਿਲਾ ਦੇਵੇ, ਮਹਾਰਾਜ ਜੀ ਕਹਿੰਦੇ, ਉਹ ਪੂਰਾ ਸਤਿਗੁਰੂ ਹੁੰਦਾ ਹੈ ਤੇ ਜਦੋਂ ਗੁਰੂ ਮਿਲ ਗਿਆ ਫੇਰ ਕੀ ਹੋਏਗਾ? ਮਨ ਪੂਰਨ ਰੂਪ ਦੇ ਅੰਦਰ ਅਨੰਦ ਹੋ ਜਾਏਗਾ। ਅਨੰਦ ਉਸ ਨੂੰ ਕਹਿੰਦੇ ਨੇ -

ਆਨੰਦੁ ਆਨੰਦੁ ਸਭੁ ਕੋ ਕਹੈ
ਆਨੰਦੁ ਗੁਰੂ ਤੇ ਜਾਣਿਆ॥ (ਅਨੰਦ ਸਾਹਿਬ)

ਅਨੰਦ ਹੁੰਦਾ ਹੈ ਪੂਰਾ ਜਿਸ ਦੇ ਵਿਚ ਭੋਰਾ ਜਿੰਨਾ ਵੀ ਘਾਟਾ ਨਾ ਹੋਵੇ।

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥
ਪੰਨਾ - 168

ਜਦੋਂ ਹਉਮੈ ਦਾ ਨਾਸ਼ ਹੋ ਗਿਆ ਫੇਰ 'ਅਨੰਦ' ਹੋ ਜਾਏਗਾ। ਉਸ ਦੇ ਵਿਚ ਨਾ ਕ੍ਰੋਧ ਆਉਂਦਾ ਹੈ, ਨਾ ਲੋਭ ਆਉਂਦਾ ਹੈ, ਨਾ ਮੋਹ ਆਉਂਦਾ ਹੈ, ਨਾ ਅਭਿਮਾਨ ਆਉਂਦਾ ਹੈ, ਨਾ ਈਰਖਾ ਆਉਂਦੀ ਹੈ, ਨਾ ਕਿਸੇ ਦੀ ਨਿੰਦਿਆ ਕਰਦਾ ਹੈ, ਨਾ ਕਿਸੇ ਨੂੰ ਮਾੜਾ ਸਮਝਦਾ ਹੈ। ਐਨਾ ਹੀ ਕਹਿੰਦਾ ਹੈ-

ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪੰਨਾ - 728

ਸਾਰਿਆਂ ਦਾ ਭਲਾ ਮੰਗਦਾ ਹੈ -

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਕਾ ਭਲਾ॥

ਕਿਉਂਕਿ ਪੂਰਾ ਗੁਰੂ ਮਿਲ ਗਿਆ। ਪੂਰੇ ਗੁਰੂ ਦੀ ਨਿਸ਼ਾਨੀ ਹੈ -

ਬਿਸਰਿ ਗਈ ਸਭ ਤਾਤਿ ਪਰਾਈ॥

ਜਬ ਤੇ ਸਾਧਸੰਗਤਿ ਮੋਹਿ ਪਾਈ॥ ਪੰਨਾ - 1299

ਸਾਧੂ ਮਿਲ ਗਿਆ ਪੂਰਾ। ਉਸ ਦੇ ਮਿਲਣ ਦੇ ਨਾਲ ਦੁਬਿਧਾ ਖਤਮ ਹੋ ਗਈ -

ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥ ਪੰਨਾ - 1299

ਹੁਣ ਬਣ ਗਈ ਸਾਰਿਆਂ ਦੇ ਨਾਲ, ਬਿਗਾਨਾ ਹੀ ਨਹੀਂ ਰਿਹਾ ਕੋਈ। ਦੂਸਰਾ ਕਹਿੰਦੇ ਫੇਰ ਪਰਮ ਪਦ ਮਿਲਦਾ ਹੈ, ਵਾਹਿਗੁਰੂ ਨਾਲ ਮੇਲ ਮਿਲਦਾ ਹੈ। ਵਾਹਿਗੁਰੂ ਬਾਹਰ ਨਹੀਂ ਹੈ, ਇਸ ਸਰੀਰ ਦੇ ਅੰਦਰ ਨਾਲ ਹੀ ਰਹਿੰਦਾ ਹੈ। ਜਿਥੇ ਆਪਾਂ ਰਹਿੰਦੇ ਹਾਂ ਉਥੇ ਹੀ ਵਾਹਿਗੁਰੂ ਰਹਿੰਦਾ ਹੈ। ਨਾ ਸਾਨੂੰ ਆਪਣਾ ਪਤਾ ਹੈ, ਨਾ ਰੱਬ ਦਾ ਪਤਾ ਹੈ, ਐਨਾ ਨਸ਼ਾ ਪੀ ਲਿਆ। ਜੇ ਕੋਈ ਡਰਾਈਵਰ ਬਹੁਤਾ ਨਸ਼ਾ ਪੀ ਲਵੇ ਤੇ ਉਸ ਨੂੰ ਪੁਛੇ ਕਿ ਤੂੰ ਕੌਣ ਹੈਂ? ਉਹ ਕਹੇ ਆਹ ਗੱਡੀ ਹਾਂ ਮੈਂ, ਆਹ ਟਰੱਕ ਹਾਂ ਮੈਂ, ਆਹ ਬੱਸ ਹਾਂ ਮੈਂ। ਸਾਰੇ ਹੱਸਣਗੇ ਕਿ ਆਹ ਦੇਖੋ ਕੀ ਕਹਿੰਦਾ ਹੈ? ਪਰ ਮਹਾਰਾਜ ਜੀ ਕਹਿੰਦੇ ਕਿ ਸੰਸਾਰ ਵੀ ਨਸ਼ਾ ਪੀ ਕੇ ਬੇਹੋਸ਼ ਹੋਇਆ ਪਿਆ ਹੈ। ਇਹ ਕਹੀ ਜਾਂਦਾ ਹੈ ਕਿ ਮੈਂ ਆਹ ਸਰੀਰ ਹਾਂ, ਮੇਰਾ ਨਾਂ ਵਰਿਆਮ ਸਿੰਘ ਹੈ, ਮੇਰਾ ਨਾ ਫਲਾਣਾ ਹੈ, ਮੈਂ ਆਦਮੀ ਹਾਂ, ਮੈਂ ਤੀਵੀਂ ਹਾਂ। ਉਹ ਸਰੀਰ ਨੂੰ ਕਹੀ ਜਾਂਦੇ ਨੇ ਕਿ 'ਮੈਂ ਹਾਂ', 'ਮੈਂ ਹਾਂ'। ਆਪਣੇ ਆਪ ਦਾ ਪਤਾ ਹੀ ਨਹੀਂ ਕਿ ਮੈਂ ਕੀ ਹਾਂ? ਜੇ ਪਤਾ ਲੱਗ ਜਾਵੇ ਕਿ ਮੈਂ ਕੀ ਹਾਂ ਤਾਂ ਕੋਲ ਹੀ ਰੱਬ ਹੈ, ਸਾਡੇ ਵਰਗਾ ਹੀ ਹੈ, ਬਿਲਕੁਲ ਇਹੋ ਜਿਹਾ ਹੀ ਹੈ -

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਪੰਨਾ - 441

ਜਿਹੋ ਜਿਹੇ ਅਸੀਂ ਹਾਂ ਵੈਸਾ ਹੀ ਵਾਹਿਗੁਰੂ ਹੈ, ਵਿਚਾਲੇ ਭੋਰਾ-ਕੁ ਲਕੀਰ ਹੈ ਨਿੱਕੀ ਜਿਹੀ> ਜਿਸ ਨੇ 'ਮੈਂ' ਬਣਾ ਦਿੱਤਾ ਇਸ ਨੂੰ ਜੇ ਉਹ ਲਕੀਰ ਟੁੱਟ ਜਾਵੇ ਤਾਂ ਇਹ ਰੱਬ ਹੀ ਹੈ। ਉਹ ਗੁਰੂ ਦਿਖਾ ਦਿੰਦਾ ਹੈ।

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥
ਪੰਨਾ - 1291

ਉਹ ਗੁਰੂ ਹੋਇਆ ਕਰਦਾ ਹੈ 'ਸੁਜਾਨ', ਜਿਹੜਾ ਏਸ ਸਰੀਰ ਵਿਚ ਰੱਬ ਦਾ ਘਰ ਤੇ ਮੇਰਾ ਘਰ ਦਿਖਾ ਦੇਵੇ। ਕਹਿੰਦੇ ਉਥੇ ਕੋਈ ਪਤਾ ਲਗੇਗਾ ਕੁਝ ਜਾਂ ਐਵੇਂ ਹੀ ਕਹਿ ਦੇਵੇ ਕਿ ਤੇਰਾ ਘਰ ਫਲਾਣੇ ਥਾਂ ਹੈ। ਮਹਾਰਾਜ ਜੀ ਕਹਿੰਦੇ, ਨਾਂ! ਉਥੇ ਨਿਸ਼ਾਨੀਆਂ ਨੇ -

ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥
ਪੰਨਾ - 1291

ਉਥੇ 'ਪੰਜ ਸ਼ਬਦ' ਵੱਜ ਰਹੇ ਨੇ, ਅਲਾਪ ਹੋ ਰਿਹਾ ਹੈ ਪੰਜ ਸ਼ਬਦਾਂ ਦਾ, ਤੇ ਧੁਨਕਾਰ ਪੈ ਰਹੀ ਹੈ। ਨਾਲ ਨਿਸ਼ਾਨੀ ਹੈ ਉਥੇ -

ਦੀਪ ਲੋਅ ਪਾਤਾਲ ਤਹਿ..........॥ ਪੰਨਾ - 1291

ਉਥੇ ਜਿਹੜੇ ਦੀਪ, ਲੋਅ, ਪਾਤਾਲ ਨੇ -

.... ***ਖੰਡ ਮੰਡਲ ਹੈਰਾਨੁ॥ ਪੰਨਾ - 1291***

ਸਭ ਅਸਚਰਜ! ਅਸਚਰਜ!! ਵਾਹਿਗੁਰੂ! ਵਾਹਿਗੁਰੂ!! ਹੋ ਰਿਹਾ ਹੈ। ਵਾਹਿਗੁਰੂ ਕਹਿੰਦੇ ਹੀ ਅਸਚਰਜ ਨੂੰ ਨੇ। ਆਹ ਧੁਨੀ ਹੋ ਰਹੀ ਹੈ ਉਥੇ।

ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥
ਪੰਨਾ - 1291

ਸੱਚਾ ਤਖਤ -

ਕਬੀਰ ਗੰਗ ਜਮੁਨ ਕੇ ਅੰਤਰੇ............॥
ਪੰਨਾ - 1372

ਗੰਗਾ ਤੇ ਜਮਨਾ ਦੇ ਵਿਚਾਲੇ -

.... ***ਸਹਜ ਸੁੰਨ ਕੇ ਘਾਟ॥ ਪੰਨਾ - 1372***

ਉਥੇ ਸਹਿਜ ਤੇ ਅਫੁਰ ਅਵਸਥਾ ਹੈ।

ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥
ਪੰਨਾ - 1372

ਕਹਿੰਦੇ ਹੁਣ ਸਾਡਾ ਰਸਤਾ ਦੇਖ ਰਹੇ ਨੇ ਕਿ ਕਬੀਰ ਕਿਥੇ ਰਹਿੰਦਾ ਹੈ। ਇਥੇ ਇਸ ਕੁਟੀਆ ਵਿਚ ਆ ਕੇ ਦਰਵਾਜ਼ਾ ਖੜਕਾਉਣ ਲੱਗ ਜਾਂਦੇ ਨੇ। ਕਹਿੰਦੇ ਮੈਂ ਇਥੇ ਰਹਿੰਦਾ ਹਾਂ? ਇਥੇ ਤਾਂ ਕਬੀਰ ਦਾ ਸਰੀਰ ਰਹਿੰਦਾ ਹੈ, ਕਬੀਰ ਨਹੀਂ ਇਥੇ ਰਹਿੰਦਾ, ਕਬੀਰ ਤਾਂ ਸਹਿਜ-ਧੁਨ ਦੇ ਘਾਟ ਤੇ ਰਹਿੰਦਾ ਹੈ, ਸੁਲਤਾਨ ਵਾਹਿਗੁਰੂ ਕੋਲ ਰਹਿੰਦਾ ਹੈ -

ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥
ਪੰਨਾ - 1291

ਜਿਸ ਨੂੰ ਦਸਵਾਂ ਦੁਆਰ ਕਹਿੰਦੇ ਨੇ ਇਸ ਦੇ ਵਿਚ ਲਿਵ ਲਾ ਕੇ ......, ਉਥੇ ਰਾਗ ਹੁੰਦਾ ਹੈ, ਉਥੇ ਸ਼ਬਦ ਹੋ ਰਿਹਾ ਹੈ। ਮਹਾਤਮਾ ਨੂੰ ਪਤਾ ਹੈ ਕਿ ਕਿਹੜਾ ਸ਼ਬਦ ਹੋ ਰਿਹਾ ਹੈ, ਦੱਸ ਦਿੰਦੇ ਨੇ। ਜੇ ਕੋਈ ਦੱਸੇ ਕਿ ਆਹ ਸ਼ਬਦ ਹੋ ਰਿਹਾ ਹੈ ਤਾਂ ਕਹਿੰਦੇ ਪਹੁੰਚ ਗਿਆ ਤੂੰ। ਉਥੇ 'ਬਿਬੇਕ ਮੰਡਲ' ਦੇ ਵਿਚ ਜਾਗ ਆਉਂਦੀ ਹੈ।

ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥
ਪੰਨਾ - 1291

ਆਹ ਮਨ ਸਮਾਅ ਗਿਆ ਵਿਚ ਹੀ, cosmic (ਬ੍ਰਹਿਮੰਡੀ) ਮਨ ਦੇ ਵਿਚ, ਆਹ ਜੀਵ ਮਨ ਸਮਾਅ ਗਿਆ, ਰੱਬ ਬੋਲਦਾ ਹੈ ਹੁਣ ਉਥੇ -

ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥
ਪੰਨਾ - 1291

ਹੁਣ ਅੰਮ੍ਰਿਤ ਭਰ ਗਿਆ, ਉਥੇ ਹੁਣ ਦੁੱਖ ਨਹੀਂ ਹਨ; ਫੇਰ ਇਹ ਮਨ ਕਿਤੇ ਨਹੀਂ ਜਾਂਦਾ, ਉਥੇ ਹੀ ਲੱਗਿਆ ਰਹਿੰਦਾ ਹੈ।

ਅਜਪਾ ਜਾਪੁ ਨ ਵੀਸਰੈ ....॥ ***ਪੰਨਾ - 1291***

ਹੁਣ ਜੀਭ ਨਾਲ ਰਾਮ-ਰਾਮ, ਵਾਹਿਗੁਰੂ-ਵਾਹਿਗੁਰੂ, ਕਹਿਣ ਦੀ ਲੋੜ ਨਹੀਂ, ਆਪੇ ਹੀ ਅੰਦਰੋਂ ਨਿਕਲਦਾ ਹੈ ਜਿਵੇਂ ਫੁਆਰਾ ਚਲਦਾ ਹੁੰਦਾ ਹੈ। ਜਿਵੇਂ ਖੂਹ ਚਲਦੇ ਨੇ - ਥੱਲੇ ਪਾਣੀ ਆਪੇ ਨਿਕਲਣ ਵਾਲੇ। ਇਉਂ ਨਾਮ ਉਨ੍ਹਾਂ ਦੇ ਅੰਦਰੋਂ ਫੁਹਾਰੇ ਵਾਂਗ ਨਿਕਲਦਾ ਰਹਿੰਦਾ ਹੈ ਹਰ ਵਕਤ- ਫੇਰ ਉਹ

.... ***ਆਦਿ ਜੁਗਾਦਿ ਸਮਾਇ॥ ਪੰਨਾ - 1291***

ਵਾਹਿਗੁਰੂ ਵਿਚ ਸਮਾਅ ਜਾਂਦੇ ਨੇ -

ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥
ਪੰਨਾ - 1291

ਮਿਲਦਾ ਕਿਵੇਂ ਹੈ? ਕਹਿੰਦੇ -

ਸਬਦੁ ਖੋਜਿ ਇਹੁ ਘਰੁ ਲਹੈ...........॥ਪੰਨਾ - 1291

ਖੋਜ ਕਰ ਸ਼ਬਦ ਦੀ, ਅੰਦਰ ਤੇਰੇ ਸ਼ਬਦ ਵਜਦਾ ਹੈ।

.... ***ਨਾਨਕ ਤਾ ਕਾ ਦਾਸੁ॥ ਪੰਨਾ - 1291***

ਜਿਸ ਨੇ ਇਹ ਖੋਜ ਲਿਆ, ਉਸ ਦਾ ਦਾਸ ਬਣ ਜਾਵਾਂ। ਸੋ ਇਸ ਤਰ੍ਹਾਂ ਪੂਰਾ ਗੁਰੂ ਜਦੋਂ ਤੱਕ ਨਹੀਂ ਮਿਲਦਾ ਰਸਤਾ ਦਿਖਾਉਣ ਵਾਲਾ, ਓਨਾ ਚਿਰ -

ਕਾਚੇ ਗੁਰ ਤੇ ਮੁਕਤਿ ਨ ਹੂਆ॥ ਪੰਨਾ - 932

ਮੁਕਤੀ ਨਹੀਂ ਹੋਇਆ ਕਰਦੀ ਸਾਧ ਸੰਗਤ ਜੀ! ਪਖੰਡੀ ਗੁਰੂ ਹੁੰਦਾ ਹੈ, ਕੱਚਾ ਗੁਰੂ ਹੁੰਦਾ ਹੈ, ਵਿਦਵਾਨ ਗੁਰੂ ਹੁੰਦਾ ਹੈ, ਅਵਧੂਤ ਗੁਰੂ ਹੁੰਦਾ ਹੈ, ਸਮਰੱਥ ਗੁਰੂ ਹੁੰਦਾ ਹੈ। ਸਮਰੱਥ ਗੁਰੂ ਹੈ ਜਿਹੜਾ, ਮੁਕਤ ਕਰ ਦਿੰਦਾ ਹੈ ਤੇ ਅੰਦਰ 'ਘਰ' ਦਿਖਾ ਦਿੰਦਾ ਹੈ, ਹੋਰ ਕੋਈ ਨਹੀਂ ਦਿਖਾ ਸਕਦਾ।

ਸੋ ਏਸ ਤਰ੍ਹਾਂ ਦੇ ਨਾਲ ਕੁਝ ਨਾ ਕਿਹਾ ਪਿਤਾ ਨੇ ਕਿ ਬੱਚਾ ਬੁਧੀਮਾਨ ਹੈ ਇਸ ਨੂੰ ਕੀ ਕਹਿਣਾ ਹੈ? ਕੋਈ ਗੱਲ ਨਹੀਂ, ਆਪੇ ਗੁਰੂ ਧਾਰਨ ਕਰ ਲਏਗਾ, ਇਸ ਨੂੰ ਪਤਾ ਹੈ ਸਾਰੀਆਂ ਗੱਲਾਂ ਦਾ। ਜਦੋਂ 19 ਸਾਲ ਦੇ ਹੋਏ ਨੰਦ ਲਾਲ ਜੀ ਤਾਂ ਮਾਤਾ ਵੀ ਚੜ੍ਹਾਈ ਕਰ ਗਈ ਤੇ ਪਿਤਾ ਵੀ ਚੜ੍ਹਾਈ ਕਰ ਗਿਆ; ਇਕੱਲੇ ਰਹਿ ਗਏ। ਹਾਕਮ ਦੇ ਕੋਲ ਗਏ - ਗਜ਼ਨੀ ਦੇ ਨਵਾਬ ਕੋਲ ਕਿ ਮੈਨੂੰ ਮੇਰੇ ਪਿਤਾ ਵਾਲੀ ਸੇਵਾ ਦੇ ਦਿਓ।

ਨਵਾਬ ਕਹਿਣ ਲੱਗਿਆ, "ਨੰਦ ਲਾਲ! ਮੈਨੂੰ ਪਤਾ ਹੈ ਕਿ ਤੂੰ ਪੜ੍ਹਿਆ-ਲਿਖਿਆ ਬਹੁਤ ਹੈਂ। ਆਪਣੇ ਪਿਤਾ ਜਿੰਨਾ ਹੀ ਪੜ੍ਹਿਆ ਹੋਇਆ ਹੈਂ ਪਰ ਤੈਨੂੰ ਅਜੇ ਤਜਰਬਾ ਨਹੀਂ ਹੈ, ਅਜੇ ਤੂੰ ਪ੍ਰਬੰਧਕ, ਨਾਜ਼ਮ ਨਹੀਂ ਹੋ ਸਕਦਾ ਓਹੋ ਜਿਹਾ। ਉਸ ਨੇ ਰਾਜ ਦਾ ਪ੍ਰਬੰਧ ਏਹੋ ਜਿਹਾ ਚਲਾਇਆ ਹੋਇਆ ਸੀ ਕਿ ਕੋਈ ਬੰਦਾ ਵੀ ਦੁਖੀ ਨਹੀਂ ਸੀ ਮੇਰੇ ਰਾਜ ਵਿਚ, ਕਦੇ ਸ਼ਿਕਾਇਤ ਨਹੀਂ ਸੀ ਆਈ। ਤੂੰ ਅਜੇ ਬੱਚਾ ਹੈਂ, ਤੂੰ ਛੋਟੀ ਨੌਕਰੀ ਕਰ ਲੈ, ਹੌਲੀ-ਹੌਲੀ ਤੈਨੂੰ ਵੱਡੀ ਮਿਲ ਜਾਏਗੀ।"

ਨੰਦ ਲਾਲ ਜੀ ਚਿੱਤ ਵਿਚ ਉਦਾਸ ਹੋ ਗਏ। ਪਿਤਾ ਦਾ ਘਰ ਛੱਡ ਦਿਤਾ, ਵੇਚ ਵਚਾ ਕੇ ਜਿੰਨੀਆਂ ਚੀਜ਼ਾਂ ਸਨ, ਹਿੰਦੋਸਤਾਨ ਨੂੰ, ਪਿਤਾ ਪਿਤਾਮਾ ਦੇ ਦੇਸ਼ ਨੂੰ ਵਾਪਸ ਮੁੜ ਆਏ। ਆਪ ਦੇ ਨਾਲ ਦੋ ਨੌਕਰ ਨੇ। 'ਆਕਾ' ਅਰਬੀ ਵਿਚ ਬੋਲਿਆ ਜਾਂਦਾ ਹੈ ਤੇ ਪਸ਼ਤੋ ਵਿਚ 'ਆਗਾ' ਕਹਿੰਦੇ ਨੇ ਮਾਲਕ ਨੂੰ। ਮੁਲਤਾਨ ਆ ਕੇ ਉਨ੍ਹਾਂ ਨੇ ਘਰ ਬਣਾ ਲਿਆ ਤੇ ਆਗਾ-ਆਗਾ ਕਹਿਣ ਕਰਕੇ ਉਸ ਮਹੱਲੇ ਦਾ ਨਾਂ ਹੀ 'ਆਗਾ ਮਹੱਲਾ' ਪੈ ਗਿਆ ਤੇ ਇਥੇ ਇਨ੍ਹਾਂ ਦੀ ਸ਼ਾਦੀ ਹੋ ਗਈ ਗੁਰਸਿਖ ਬੀਬੀ ਨਾਲ। ਇਹ ਬੀਬੀ ਬਾਣੀ ਪੜ੍ਹਦੀ ਹੈ, ਅੰਮ੍ਰਿਤ ਵੇਲੇ ਜਾਗਦੀ ਹੈ ਜੋ ਗੁਰੂ-ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ। ਅਸੀਂ ਕਹਿੰਦੇ ਹਾਂ ਅਸੀਂ ਸਿੱਖ ਹਾਂ। ਮਹਾਰਾਜ ਜੀ ਕਹਿੰਦੇ ਤੂੰ ਸਿੱਖ ਹੈਂ? ਹਾਂ ਮਹਾਰਾਜ! ਮੈਂ ਸਿਖ ਹਾਂ। ਗੁਰੂ ਧਾਰਨ ਕਰਿਆ ਹੈ?

"ਮੈਂ ਤਾਂ ਤੁਹਾਨੂੰ ਹੀ ਗੁਰੂ ਮੰਨਦਾ ਹਾਂ।"

"ਭੋਲਿਆ! ਧਾਰਨ ਕਰੇ ਬਗੈਰ ਨਹੀਂ ਗੁਰੂ ਮੰਨਿਆ ਜਾਂਦਾ। ਮੰਤਰ ਲਿਆ ਹੈ ਤੂੰ?"

"ਮੈਨੂੰ ਆਪੇ ਹੀ ਪਤਾ ਹੈ ਕਿ ਵਾਹਿਗੁਰੂ ਮੰਤਰ ਹੈ।"

ਕਹਿੰਦੇ, ਆਪੇ ਤਾਂ -

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥
ਪੰਨਾ - 491

ਜਦੋਂ ਤੱਕ ਗੁਰੂ ਤੋਂ ਮੰਤਰ ਨਹੀਂ ਮਿਲਦਾ ਓਨੀ ਦੇਰ ਤੱਕ ਹਿਰਦੇ ਵਿਚ ਜੜ੍ਹ ਨਹੀਂ ਫੜਿਆ ਕਰਦਾ। ਜੇ ਸਿੱਖ ਹੈ, ਮੰਤਰ ਲਿਆ ਹੋਇਆ ਹੈ ਤਾਂ ਅਗਲੀ ਗੱਲ ਸੁਣ -

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਪੰਨਾ - 305

ਅੰਮ੍ਰਿਤ ਦਾ ਸਰੋਵਰ ਅੰਦਰ ਹੈ - ਨਾਮ ਦਾ ਸਰੋਵਰ, ਬਾਣੀ ਦਾ ਸਰੋਵਰ, ਉਸ ਦੇ ਵਿਚ ਇਸ਼ਨਾਨ ਕਰਿਆ ਕਰ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਅੰਮ੍ਰਿਤ ਸਰੋਵਰ ਆਖਿਆ ਹੈ।

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ....॥
ਪੰਨਾ - 305

ਫੇਰ ਗੁਰੂ ਦਾ ਉਪਦੇਸ਼ ਜਪ।

.... ***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥***
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਪੰਨਾ - 305

ਬਹਿੰਦਾ-ਉਠਦਾ ਵਾਹਿਗੁਰੂ! ਵਾਹਿਗੁਰੂ!! ਕਰੀ ਚੱਲ। ਅੰਮ੍ਰਿਤ ਵੇਲੇ ਉਠ ਕੇ ਨਾਮ ਨਾਲ ਲਿਵ ਜੋੜ। ਫੇਰ ਤਾਂ ਤੂੰ ਸਿੱਖ ਹੈਂ। ਫੇਰ ਜਦੋਂ ਤੇਰੇ ਤੇ ਗੁਰੂ ਖੁਸ਼ ਹੋ ਜਾਏਗਾ -

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ...॥
ਪੰਨਾ - 305

ਫੇਰ ਉਹ ਗੁਰੂ ਦਾ ਸਿੱਖ ਤੇ ਗੁਰੂ ਇਕ ਰੂਪ ਹੋ ਜਾਇਆ ਕਰਦੇ ਨੇ। ਮਹਾਰਾਜ ਜੀ ਕਹਿੰਦੇ ਫੇਰ ਅਸੀਂ ਉਸ ਗੁਰਸਿੱਖ ਦੀ ਧੂੜ ਮੰਗਣ ਲੱਗ ਜਾਂਦੇ ਹਾਂ। ਕਿਹੜੇ ਦੀ?

.... ***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***
ਪੰਨਾ - 305

ਇਹ ਬੀਬੀ ਗੁਰਸਿੱਖੀ ਦੀ ਰਹੁ ਰੀਤ ਦੇ ਅੰਦਰ ਪੂਰੀ ਸੀ।

ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ, ਚੌਂਕੜਾ ਮਾਰ ਕੇ ਬੈਠ ਜਾਣਾ, ਪਹਿਲਾਂ ਭਜਨ ਕਰਨਾ। ਜਦੋਂ ਦਿਨ ਚੜ੍ਹਨਾ ਫੇਰ ਹੌਲੀ-ਹੌਲੀ ਬਾਣੀ ਪੜ੍ਹਨੀ - ਅਹਿਸਤਾ-ਅਹਿਸਤਾ। ਪਤੀ ਦਾ ਪੂਰਾ ਸਤਿਕਾਰ ਕਰਨਾ। ਉਸ ਨੂੰ ਇਹ ਸਮਝਣਾ ਕਿ ਮੇਰਾ ਰੱਬ ਇਹੀ ਹੈ, ਸਭ ਕੁਝ, ਮੈਂ ਇਸ ਦੀ ਸੇਵਾ ਵਿਚੋਂ ਹੀ ਪਾਉਣਾ ਹੈ। ਕਦੇ ਕੋਈ ਸ਼ਿਕਾਇਤ ਨਹੀਂ ਸੀ ਆਈ, ਕਦੇ ਆਪਣਾ-ਆਪ ਦਿਖਾਉਂਦੀ ਨਹੀਂ ਸੀ, ਮਾਣ ਨਹੀਂ ਸੀ ਕਰਦੀ। ਮਹਾਰਾਜ ਜੀ ਕਹਿੰਦੇ, ਮਾਣ ਰੱਬ ਤੋਂ ਦੂਰ ਕਰ ਦਿਆ ਕਰਦਾ ਹੈ ਤੇ ਨਿਰਮਾਣਤਾ ਜੋੜ ਦਿਆ ਕਰਦੀ ਹੈ। ਇਹ ਮਾਣ ਹੀ ਹੈ ਜਿਹੜਾ ਸਾਨੂੰ ਰੱਬ ਤੋਂ ਦੂਰ ਕਰ ਰਿਹਾ ਹੈ। ਸੋ ਬੜਾ ਪ੍ਰਸੰਨ ਸੀ ਤੇ ਕਈ ਵਾਰੀ ਸੁਣਨਾ ਕਿ ਇਹ ਕੁਝ ਹੌਲੀ-ਹੌਲੀ ਪੜ੍ਹਦੀ ਹੈ। ਇਕ ਦਿਨ ਕਹਿਣ ਲੱਗਿਆ ਕਿ ਮੈਨੂੰ ਇਉਂ ਲੱਗਦਾ ਹੈ ਕਿ ਤੂੰ ਮੈਥੋਂ ਡਰਦੀ ਹੈਂ।

ਉਹ ਕਹਿਣ ਲੱਗੀ, "ਸੁਆਮੀ ਜੀ! ਮੈਂ ਗੁਰੂ ਵਾਲੀ ਹਾਂ। ਮੈਨੂੰ ਹੋਰ ਤਾਂ ਕੋਈ ਡਰ ਨਹੀਂ ਲਗਦਾ, ਇਕ ਡਰ ਲਗਦਾ ਹੈ ਕਿ ਮੈਂ ਗੁਰੂ ਦੀ ਨਿੰਦਿਆ ਨਹੀਂ ਸੁਣ ਸਕਦੀ। ਜੇ ਤੁਸੀਂ ਕੋਈ ਗੱਲ ਕਹਿ ਦਿੱਤੀ ਮੇਰੇ ਗੁਰੂ ਦੇ ਖਿਲਾਫ ਤਾਂ ਮੇਰਾ ਮਰਨਾ ਹੋ ਜਾਏਗਾ। ਇਸ ਕਰਕੇ ਮੈਂ ਸਾਰਾ ਕੁਝ ਗੁਪਤ ਰੱਖਦੀ ਹਾਂ।"

ਕਹਿੰਦਾ, ਤੂੰ ਨਿਸ਼ੰਗ ਹੋ ਕੇ ਦੱਸ। ਮੈਂ ਤੇਰੇ ਗੁਰੂ ਦੀ ਨਿੰਦਿਆ ਨਹੀਂ ਕਰਦਾ। ਮੈਨੂੰ ਇਸ ਗੱਲ ਦੀ ਸੋਝੀ ਹੈ ਕਿ -

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥

ਪੰਨਾ - 755

ਉਸ ਨੇ ਦੱਸ ਦਿਤਾ ਕਿ ਮੈਂ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਧਾਰਨ ਕਰੀ ਹੋਈ ਹੈ ਤੇ ਗੁਰੂ ਤੋਂ ਨਾਮ ਲਿਆ ਹੋਇਆ ਹੈ। ਸੋ ਪਹਿਲਾਂ ਮੈਂ ਨਾਮ ਦਾ ਜਾਪ ਕਰਦੀ ਹਾਂ ਫੇਰ ਬਾਣੀ ਪੜ੍ਹਦੀ ਹਾਂ।

ਕਹਿੰਦਾ, "ਤੂੰ ਉਚੀ ਉਚੀ ਪੜ੍ਹਿਆ ਕਰ।"

ਜਦੋਂ ਉਸ ਬੀਬੀ ਨੇ ਬਾਣੀ ਪੜ੍ਹਨੀ ਤਾਂ ਨੰਦ ਲਾਲ ਜੀ ਨੇ ਕੋਲ ਬਹਿ ਜਾਣਾ। ਗਲਾ ਸੀ ਜਾਂ ਕਮਾਲ ਸੀ, ਜਾਦੂ ਸੀ। ਜਾਦੂ ਵਰਗਾ ਅਸਰ ਹੋਣਾ ਕਿਉਂਕਿ ਕਮਾਏ ਹੋਏ ਹਿਰਦੇ 'ਚੋਂ ਪਿਆਰ ਦੇ ਭਾਵ ਵਾਲੀ ਬਾਣੀ ਨਿਕਲਦੀ, ਸੁਰ ਦੇ ਨਾਲ ਰਲਦੀ ਸੀ। ਜਿਉਂ ਜਿਉਂ ਬਾਣੀ ਪੜ੍ਹਦੇ, ਤਿਉਂ ਤਿਉਂ ਬਾਣੀ ਅੰਦਰ ਜਾਂਦੀ ਸੀ। ਗੁਟਕੇ ਮੰਗਵਾ ਲਏ, ਆਪ ਲਿਖ ਲਏ ਤੇ ਬੜੇ ਪਿਆਰ ਦੇ ਨਾਲ ਜਪੁਜੀ ਸਾਹਿਬ, ਸੁਖਮਨੀ ਸਾਹਿਬ, ਹੋਰ ਬਾਣੀਆਂ ਜਿੰਨੀਆਂ ਕੁ ਹੱਥ ਆਈਆਂ, ਬੜੇ ਪਿਆਰ ਨਾਲ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਤੇ ਮਨ ਵਿਚ ਇਹ ਖਿਆਲ ਹੋਇਆ ਕਿ ਹੁਣ ਗੁਰੂ ਧਾਰਨ ਕਰਾਂ, ਮੈਨੂੰ ਗੁਰੂ ਦਾ ਪਤਾ ਤਾਂ ਲੱਗ ਗਿਆ ਤੇ ਮੈਨੂੰ ਗੁਰੂ ਧਾਰਨ ਕਰਨਾ ਚਾਹੀਦਾ ਹੈ। ਚਾਲੀ ਸਾਲ ਦੀ ਉਮਰ ਹੋ ਗਈ। ਦੋ ਬੱਚੇ ਹੋ ਗਏ ਤੇ ਨੌਕਰੀ ਕਰ ਰਹੇ ਨੇ ਨਵਾਬ ਦੀ, ਵੱਡੇ ਅਹੁਦੇਦਾਰ ਲੱਗੇ ਹੋਏ ਨੇ ਮੀਰ-ਮੁਨਸ਼ੀ। ਅੱਜ ਜਾਂਦੇ, ਕਲ੍ਹ ਜਾਂਦੇ ਕਰਦਿਆਂ ਪੰਜਾਹ ਸਾਲ ਦੀ ਉਮਰ ਹੋ ਗਈ ਸਾਧ ਸੰਗਤ ਜੀ! ਪਰ ਅੰਦਰ ਲਗਨ ਹੈ ਕਿ ਮੈਂ ਗੁਰੂ ਧਾਰਨ ਕਰ ਲਵਾਂ।

ਇਕ ਦਿਨ ਗੁਰਦੁਆਰੇ ਬੈਠੇ ਸੀ, ਉਸ ਵੇਲੇ ਉਸ ਥਾਂ ਤੇ ਐਸੇ ਸ਼ਬਦ ਦਾ ਉਚਾਰਨ ਹੋ ਰਿਹਾ ਸੀ -

ਧਾਰਨਾ - ਕਿਥੇ ਗਏ ਨੇ ਪੈਗੰਬਰ ਪੀਰ ਔਲੀਏ,
ਦਿਸਦਾ ਨਾ ਕੋਈ ਜੱਗ ਤੇ -2, 2.

ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,
ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ॥
ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ,
ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥
ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,
ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ॥
ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ,
ਭੂਮ ਹੀ ਤੇ ਹੁਇਕੈ, ਫੇਰੇ ਭੂਮ ਹੀ ਮਿਲਏ ਹੈਂ॥

(ਅਕਾਲ ਉਸਤਤਿ)

ਧਿਆਨ ਦੇ ਨਾਲ ਸਰਵਣ ਕਰਿਆ ਕਿ ਏਸ ਸੰਸਾਰ ਤੇ ਤਾਂ ਕੋਈ ਨਹੀਂ ਰਹਿੰਦਾ।

ਫਰੀਦਾ ਕਿਥੈ ਤੈਡੇ ਮਾਪਿਆ ਜਿਨੀ ਤੂ ਜਣਿਓਹਿ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥

ਪੰਨਾ - 1381

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥

ਪੰਨਾ - 1378

ਸੱਟ ਲੱਗੀ ਹਿਰਦੇ ਦੇ ਵਿਚ, ਕਹਿਣ ਲੱਗਿਆ ਮਨਾ!

ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥

ਪੰਨਾ - 254

ਖਬਰੈ ਕਦੋਂ ਜਮਾਂ ਦਾ ਫੰਧਾ ਗਲ ਪੈ ਜਾਵੇ, ਨਿਗੁਰਾ ਹੀ ਨਾ ਸੰਸਾਰ ਤੋਂ ਚਲਿਆ ਜਾਵਾਂ, ਅਕਲ ਨਾ ਮਾਰ ਲਵੇ ਕਿਤੇ ਮੈਨੂੰ; ਭਾਵਨਾ ਜਾਗ ਪਈ। ਪੈਸਾ ਦਿਤਾ ਘਰਵਾਲੀ ਨੂੰ ਕਿ ਤੂੰ ਆਪਣੇ ਮਾਤਾ ਪਿਤਾ ਕੋਲ ਜਾ ਕੇ ਰਹਿ। ਮੈਂ ਗੁਰੂ ਧਾਰਨ ਕਰਨਾ ਹੈ, ਪਤਾ ਨਹੀਂ ਮੈਂ ਗੁਰੂ ਕੋਲੋਂ ਆਵਾਂ ਜਾਂ ਨਾ ਆਵਾਂ। ਮੈਂ ਦਿਲ ਦਾ ਸੌਦਾ ਕਰਨ ਵਾਸਤੇ ਦਿਲ ਨੂੰ ਹੱਥ ਤੇ ਚੁੱਕੀ, ਪੰਜਾਹ ਸਾਲ ਦਾ ਲਈਂ ਫਿਰਦਾ ਹਾਂ - ਕੋਈ ਮੈਨੂੰ ਅਜੇ ਮਿਲਿਆ ਨਹੀਂ ਜਿਹੜਾ ਮੇਰੇ ਨਾਲ ਸੌਦਾ ਕਰ ਲਵੇ। ਆਪਣਾ ਆਪ ਮੈਂ ਵੇਚਣ ਜਾਣਾ ਹੈ। ਤੂੰ ਉਥੇ ਜਾਹ ਤੇ ਬਾਲ-ਬੱਚੇ ਉਥੇ ਰੱਖ। ਨੌਕਰ ਨਾਲ ਦੇ ਦਿੱਤਾ ਇਕ, ਇਕ ਆਪਣੇ ਨਾਲ ਲੈ ਲਿਆ। ਦੋ ਨੌਕਰ ਗਜ਼ਨੀ ਤੋਂ ਨਾਲ ਲਿਆਏ ਸੀ। ਸਨੇ-ਸਨੇ, ਚਲਦੇ-ਚਲਦੇ ਅਨੰਦਪੁਰ ਸਾਹਿਬ ਪਹੁੰਚ ਗਏ। ਦੂਰੋਂ ਦਰਸ਼ਨ ਕਰੇ ਪਰ ਨੇੜੇ ਨਹੀਂ ਜਾ ਰਹੇ, ਖਿੱਚ ਪੈਂਦੀ ਹੈ ਦਰਸ਼ਨਾਂ ਦੀ। ਮਕਾਨ ਲੈ ਲਿਆ, ਕਹਿੰਦੇ ਮਨਾ! ਪੰਜਾਹ ਸਾਲ ਲੰਘਾਏ ਨੇ ਏਸ ਗੱਲ ਤੇ ਕਿ ਪੂਰਾ ਗੁਰੂ ਪਛਾਣ ਕੇ ਕਰਨਾ ਹੈ, ਪਰਖ ਕੇ ਕਰਨਾ ਹੈ। ਜਦੋਂ ਪਰਖ ਦੇ ਵਿਚ ਪੂਰਾ ਉਤਰ ਆਇਆ, ਫੇਰ ਮੈਂ ਆਪਣਾ-ਆਪ ਵੇਚ ਦੇਣਾ ਹੈ। ਫੇਰ ਨਹੀਂ ਕੁਝ ਵੀ ਰੱਖਣਾ ਆਪਣੇ ਕੋਲ ਕਿਉਂਕਿ ਸੰਕੋਚ,

ਝਾਕੇ ਦੇ ਨਾਲ ਗੁਰੂਆਂ ਨਾਲ ਨਹੀਂ ਸੌਦਾ ਹੋਇਆ ਕਰਦਾ ਕਿ ਮੈਂ ਵੀ ਰਹਾਂ ਤੇ ਗੁਰੂ ਵੀ ਰਹੇ। ਮਹਾਰਾਜ ਜੀ ਕਹਿੰਦੇ, ਦੇਖ ਤੂੰ ਗੁਰੂ ਨਾਲ ਸੌਦਾ ਕਰਨਾ ਹੈ; ਥੋੜ੍ਹਾ ਔਖਾ ਹੈ ਗੁਰੂਆਂ ਨਾਲ ਸੌਦਾ ਕਰਨਾ–

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥

ਪੰਨਾ – 1102

ਜੇ ਮੇਰੇ ਕੋਲ ਆਉਣਾ ਹੈ ਤਾਂ ਮਰਨਾ ਕਬੂਲ ਕਰ, ਜੇ ਜੀਉਂਦਾ ਰਹਿ ਗਿਆ ਫੇਰ ਪਤਾ ਨਹੀਂ ਚਲਣਾ। ਸੋ ਖਿੱਚ ਖਾਂਦਾ ਹੈ ਪਰ ਆਪੇ ਆਪਣੇ ਆਪ ਨੂੰ ਕੈਦ ਕਰਿਆ ਹੋਇਆ ਹੈ ਕਿ ਮੈਨੂੰ ਜੇ ਘਰੋਂ ਬੁਲਾਉਣਗੇ, ਘਰੋਂ ਬੁਲਾ ਕੇ ਦਰਬਾਰ ਵਿਚ ਮੇਰਾ ਨਾਂ ਲੈਣਗੇ ਫੇਰ ਮੈਂ ਸੌਦਾ ਕਰਾਂਗਾ।

ਮਹਾਰਾਜ ਜੀ ਨੂੰ ਪਤਾ ਹੈ ਕਿ ਸਿੱਖ ਉਪਰ ਤਾਂ ਗੁਰੂ ਕਸਵੱਟੀ ਲਾਉਂਦਾ ਹੈ ਪਰ ਸਿੱਖ ਇਹੋ ਜਿਹਾ ਮਿਲਿਆ ਹੈ ਕਿ ਗੁਰੂ ਦੀ ਪਰਖ ਕਰ ਰਿਹਾ ਹੈ ਪਹਿਲਾਂ। ਥੋੜ੍ਹੀ ਮਹਾਰਾਜ ਜੀ ਨੇ ਦੇਰ ਕਰ ਦਿੱਤੀ ਤਾਂ ਕਿ ਇਸ ਦਾ ਵੈਰਾਗ ਪੂਰਾ ਹੋ ਜਾਵੇ, ਐਸਾ ਨਾ ਹੋਵੇ ਕਿਤੇ ਕੱਚ ਰਹਿ ਜਾਵੇ ਕਿਉਂਕਿ ਜਦੋਂ ਤੱਕ ਆਦਮੀ ਦੇ ਅੰਦਰ ਵੈਰਾਗ ਪੂਰਾ ਨਹੀਂ ਵਧਦਾ, ਓਨੀ ਦੇਰ ਤੱਕ 'ਮੈਂ' ਨਹੀਂ ਮਰਿਆ ਕਰਦੀ।

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ
ਸੋ ਤਨੁ ਜਾਣੁ ਮਸਾਨੁ॥ ***ਪੰਨਾ – 1379***

ਜਦੋਂ ਫੇਰ ਬਿਰਹਾ ਉਪਜਦਾ ਹੈ ਫੇਰ ਵੈਰਾਗ ਚਲਦਾ ਹੈ। ਜਦੋਂ ਬੈਰਾਗ ਚਲਦਾ ਹੈ ਉਸ ਵੇਲੇ ਹਾਲਤ ਸਹਿਣ ਤੋਂ ਔਖੀ ਹੋ ਜਾਇਆ ਕਰਦੀ ਹੈ –

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥

ਪੰਨਾ – 1368

ਬਉਰਿਆਂ ਵਾਲਾ ਹਾਲ ਹੋ ਜਾਂਦਾ ਹੈ, ਅਰਦਾਸਾਂ ਕਰਦਾ ਹੈ ਐਸੀਆਂ –

ਧਾਰਨਾ – ਕਦੋਂ ਹੋਣਗੇ ਦੀਦਾਰੇ ਤੇਰੇ, ਕਦੋਂ ਹੋਣਗੇ,
ਕਦੋਂ ਹੋਣਗੇ ਦੀਦਾਰੇ ਤੇਰੇ, ਅੱਖੀਆਂ ਤਰਸਦੀਆਂ
ਸਾਹਿਬਾ! ਸਾਹਿਬਾ!! ਅੱਖੀਆਂ ਤਰਸਦੀਆਂ
ਕਦੋਂ ਹੋਣਗੇ –2.

ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ॥
ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ॥

ਪੰਨਾ – 1094

ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ॥
ਆਉ ਸਜਣ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਢਾ ਹੋਇ॥

ਪੰਨਾ – 1100

ਐਸੀਆਂ ਅਰਦਾਸਾਂ ਹਰ ਰੋਜ਼ ਕਰਦਾ ਹੈ। ਸੁੱਕਾ ਹੀ ਨਹੀਂ ਗਾਉਂਦਾ, ਨੇਤਰਾਂ ਦੇ ਵਿਚੋਂ ਜਲ ਜਾਂਦਾ ਹੈ। ਜੋ ਨੌਕਰ ਨਾਲ ਆਇਆ ਹੈ, ਦੇਖਦਾ ਹੈ ਹਾਲ ਕਿ ਰੰਗ ਪੀਲਾ ਹੋ ਗਿਆ, ਖਾਂਦੇ–ਪੀਂਦੇ ਕੁਝ ਨਹੀਂ; ਆਏ ਨੇ ਗੁਰੂ ਦੀ ਭਾਲ ਵਿਚ, ਇਹ ਹੋ ਕੀ ਰਿਹਾ ਹੈ ਸਾਰਾ। ਇਸੇ ਤਰ੍ਹਾਂ ਦੇ ਨਾਲ ਇਕ ਦਿਨ ਬੈਠੇ ਨੇ, ਓਧਰ ਗੁਰੂ ਕਲਗੀਧਰ ਮਹਾਰਾਜ ਜੀ ਖਿੱਚ ਖਾਂਦੇ ਨੇ ਕਿਉਂਕਿ ਜਦੋਂ ਸੱਚੀ ਤਰ੍ਹਾਂ ਹਿਰਦੇ ਵਿਚ ਖਿੱਚ ਹੁੰਦੀ ਹੈ...., ਗੁਰੂ ਪੱਥਰ ਨਹੀਂ ਹੋਇਆ ਕਰਦਾ। ਜੇ ਚੰਦ ਤੇ ਚਕੋਰ ਦੀ ਪ੍ਰੀਤ ਹੈ –

ਚੰਦ ਚਕੋਰ ਪਰੀਤ ਹੈ, ਲਾਇ ਤਾਰਿ ਨਿਹਾਲੇ।
ਚਕਵੀ ਸੂਰਜ ਹੇਤ ਹੈ, ਮਿਲਿ ਹੋਨਿ ਸੁਖਾਲੇ।
ਨੇਹੁ ਕਵਲ ਜਲ ਜਾਣੀਐ, ਖਿੜਿ ਮੁਹ ਵੇਖਾਲੇ।
ਮੋਰ ਬਬੀਹੇ ਬੋਲਦੇ, ਵੇਖਿ ਬਦਲ ਕਾਲੇ।
ਨਾਰਿ ਭਤਾਰ ਪਿਆਰੁ ਹੈ, ਮਾਂ ਪੁਤ ਸਮਾਲੇ।
ਪੀਰ ਮੁਰੀਦਾ ਪਿਰਹੜੀ, ਓਹੁ ਨਿਬਹੈ ਨਾਲੇ॥

ਭਾਈ ਗੁਰਦਾਸ ਜੀ ਵਾਰ 27/4

ਚੰਦ ਨੂੰ ਨਹੀਂ ਪਤਾ ਕਿ ਮੇਰੇ ਵਾਸਤੇ ਚਕੋਰ ਕਿੰਨਾ ਤਰਸਦਾ ਹੈ ਪਰ ਗੁਰੂ ਨੂੰ ਸਿੱਖ ਦੇ ਹਰੇਕ ਤੁਣਕੇ ਦਾ ਪਤਾ ਹੁੰਦਾ ਹੈ ਕਿ ਖਿੱਚ ਰਿਹਾ ਹੈ ਮੈਨੂੰ। ਮਹਾਰਾਜ ਜੀ ਗੰਭੀਰ ਹੋ ਗਏ, ਚੁੱਪ ਕਰੀ ਬੈਠੇ ਨੇ। ਚੋਬਦਾਰ ਨੂੰ ਬੁਲਾਇਆ, ਕਹਿਣ ਲੱਗੇ ਕਿ ਐਉਂ ਕਰ, ਐਹ ਮਹੱਲੇ ਚਲਿਆ ਜਾਹ। ਫਲਾਣੇ ਥਾਂ ਤੇ ਇਕ ਨੰਦ ਲਾਲ ਨਾਂ ਦਾ ਸਿੱਖ ਰਹਿੰਦਾ ਹੈ, ਜਾਹ! ਉਸ ਨੂੰ ਬੁਲਾ ਕੇ ਲਿਆ। ਚੋਬਦਾਰ ਉਸੇ ਤਰ੍ਹਾਂ ਦੇ ਨਾਲ ਚਲਿਆ ਜਾਂਦਾ ਹੈ ਤੇ ਜਾ ਕੇ ਦੇਖਦਾ ਹੈ ਕਿ ਨੰਦ ਲਾਲ ਹੌਕੇ ਲੈ ਲੈ ਕੇ ਰੋ ਰਿਹਾ ਹੈ; ਅਰਦਾਸ ਵਿਚ ਪਿਆ ਹੋਇਆ ਹੈ ਕਿ ਹੇ ਪਾਤਿਸ਼ਾਹ! ਮੈਂ ਗੁਸਤਾਖੀ ਕੀਤੀ, ਪੰਜਾਹ ਸਾਲ ਦੀ ਉਮਰ ਲੰਘ ਗਈ ਪਰ ਮੈਂ ਕੱਚੇ ਗੁਰੂਆਂ ਤੋਂ ਡਰਦਾ ਰਿਹਾ ਕਿ ਐਸਾ ਨਾ ਹੋਵੇ ਕਿ ਮੇਰਾ ਸੌਦਾ ਗਲਤ ਹੋ ਜਾਵੇ। ਮੈਂ ਆਪਣਾ ਦਿਲ ਲਈ ਫਿਰਦਾ ਹਾਂ, ਵਿਕਾਊ ਕਰਿਆ ਹੋਇਆ ਹੈ ਪਰ ਸਿਰਫ ਉਸ ਲਈ ਜੋ ਪੂਰਾ ਹੋਵੇ। ਹੇ ਪਾਤਿਸ਼ਾਹ! ਕਿਰਪਾ ਕਰੋ, ਆਪ ਬੁਲਾ ਲਓ। ਚੁੱਪ ਕਰਿਆ ਖੜ੍ਹਾ ਦੇਖਦਾ ਹੈ ਚੋਬਦਾਰ। ਥੋੜ੍ਹੀ ਦੇਰ ਤੋਂ ਬਾਅਦ ਨੌਕਰ ਨੇ ਦੱਸਿਆ ਕਿ ਗੁਰੂ ਦਸਮੇਸ਼ ਪਿਤਾ ਦੇ ਪਾਸੋਂ ਸਿੱਖ ਆਇਆ ਹੈ। ਐਨੀ ਗੱਲ ਸੁਣਦੇ ਸਾਰ ਸਾਧ ਸੰਗਤ ਜੀ! ਤਨ–ਮਨ ਹਰਾ ਹੋ ਗਿਆ। ਇਕ ਦਮ ਮਨ ਦੇ ਉਤੇ ਅਸਰ ਹੋ ਗਿਆ ਬਹੁਤ, ਅਨੰਦ ਹੋ ਗਿਆ, ਝਰਨਾਹਟਾਂ ਆਉਣੀਆਂ ਸ਼ੁਰੂ ਹੋ ਗਈਆਂ। ਭਾਈ ਸਾਹਿਬ ਲਿਖਦੇ ਨੇ ਕਿ–

ਸੁਨਤਿ ਕਾਨ ਮਹਿਂ ਅਨੰਦ ਮਹਾਨ।

ਪੰਨਾ – 5076 ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਐਨਾ ਅਨੰਦ ਹੋਇਆ ਐਨੀ ਗੱਲ ਸੁਣ ਕੇ ਕਿ ਮੈਨੂੰ ਬੁਲਾਉਣ ਵਾਸਤੇ ਸਿੱਖ ਆ ਗਿਆ?

ਮਨਹੁਂ ਰਾਜ ਲੇ ਸਕਲ ਜਹਾਨ।

ਪੰਨਾ – 5076 ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਨੰਦ ਲਾਲ ਜੀ ਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਕਿ ਉਸ ਨੂੰ ਸਾਰੀ ਦੁਨੀਆਂ ਦਾ ਬਾਦਸ਼ਾਹ ਬਣਾ ਦਿੱਤਾ ਹੋਵੇ ਤੇ ਇਸ ਦੀ ਸੇਵਾ ਦੇ ਵਿਚ ਮੈਂ ਇਸ ਚੋਬਦਾਰ ਨੂੰ ਕੀ ਦੇਵਾਂ? ਕਿਉਂਕਿ ਫੁਰਮਾਨ ਹੈ –

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥

ਪੰਨਾ - 558

ਉਠ ਕੇ ਤੁਰ ਪਿਆ। ਗੁਰੂ ਦਸ਼ਮੇਸ਼ ਪਿਤਾ ਨੇਤਰ ਬੰਦ ਕਰੀ ਬੈਠੇ ਨੇ। ਇਸ਼ਾਰਾ ਕਰ ਦਿੱਤਾ ਚੋਬਦਾਰ ਨੇ ਕਿ ਇਥੇ ਸਾਹਮਣੇ ਬਹਿ ਜਾਹ। ਜਦੋਂ ਨੇਤਰ ਖੋਲ੍ਹਣਗੇ ਓਸ ਵੇਲੇ ਬਚਨ ਹੋ ਜਾਏਗਾ। ਦਰਸ਼ਨ ਦੇਖ ਰਿਹਾ ਹੈ ਸਾਧ ਸੰਗਤ ਜੀ! ਗੁਰੂ ਦਸ਼ਮੇਸ਼ ਪਿਤਾ ਦਾ ਦਰਸ਼ਨ ਜਿਸ ਨੇ ਦੇਖ ਲਿਆ - ਚਾਹੇ ਮੈਦਾਨ-ਏ-ਜੰਗ ਵਿਚ ਕਿਸੇ ਜਰਨੈਲ ਨੇ ਦੇਖ ਲਿਆ, ਮੋਹਿਆ ਗਿਆ ਓਹ। ਉਸ ਦੇ ਅੰਦਰ ਝਰਨਾਹਟ ਛਿੜ ਗਈ, ਪਿਛੇ ਹੀ ਚੱਲ ਪਿਆ ਤੇ ਸ਼ਸ਼ਤਰ ਚਲਣੋ ਰਹਿ ਗਏ ਚਲਾ ਨਹੀਂ ਸਕਿਆ ਸ਼ਸ਼ਤਰ, ਉਠਾ ਹੀ ਨਹੀਂ ਸਕਿਆ। ਕਹਿੰਦੇ ਚਲਾ ਸ਼ਸਤਰ। ਤੂੰ ਇਹ ਕਹਿੰਦਾ ਸੀ ਕਿ ਗੁਰੂ ਗੋਬਿੰਦ ਸਿੰਘ ਮੇਰੇ ਨਾਲ ਸਿੱਧੇ ਆ ਕੇ ਲੜਨ। ਮੈਂ ਆ ਗਿਆ। ਕਹਿੰਦਾ ਕਿ ਮਹਾਰਾਜ! ਹੁਣ ਤਾਅਬ ਨਹੀਂ ਰਹੀ, ਤੇਰੇ ਦਰਸ਼ਨਾਂ ਦੀ ਜੋ ਝਲਕ ਹੈ ਇਸ ਨੇ ਮੈਨੂੰ ਵਿੰਨ੍ਹ ਦਿੱਤਾ, ਹੁਣ ਮੈਂ ਰਿਹਾ ਨਹੀਂ। ਐਸਾ ਹੀ ਅਸਰ ਨੰਦ ਲਾਲ ਜੀ ਤੇ ਹੋ ਰਿਹਾ ਹੈ। ਏਸ ਤਰ੍ਹਾਂ ਬਾਣੀ ਵਿਚ ਫ਼ੁਰਮਾਨ ਹੈ -

ਧਾਰਨਾ - ਮੈਂ ਮੋਹੀ ਪਿਆਰੇ, ਦਰਸ਼ਨ ਤੇਰਾ ਦੇਖ ਕੇ -2, 2.
ਮੈਂ ਮੋਹੀ ਪਿਆਰੇ, ਦਰਸ਼ਨ ਤੇਰਾ ਦੇਖ ਕੇ -2, 2.

ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ॥ ਪੰਨਾ - 261

ਬਲਿਹਾਰ! ਬਲਿਹਾਰ!! ਮੋਹਿਆ ਗਿਆ, ਸੁੱਧ ਨਾ ਰਹੀ, ਬੁੱਧੀ ਵਿਚ ਬੁੱਧ ਨਾ ਰਹੀ, ਵਿਸਮਾਦ ਅਵਸਥਾ ਵਿਚ ਦਰਸ਼ਨ ਕਰ ਰਿਹਾ ਹੈ। ਕੁਝ ਸਮਾਂ ਬੀਤ ਗਿਆ, ਝਰਨਾਹਟਾਂ ਚੱਲ ਰਹੀਆਂ ਨੇ ਸਰੀਰ ਦੇ ਅੰਦਰ, ਰੂਹਾਨੀ ਕੰਬਣੀਆਂ ਆ ਰਹੀਆਂ ਨੇ, ਆਪੇ ਤੋਂ ਬਾਹਰ ਹੋ ਰਿਹਾ ਹੈ। ਗੁਰੂ ਮਹਾਰਾਜ ਜੀ ਦੇ ਮਸਤ ਨੈਣ ਖੁੱਲ੍ਹੇ, ਸਾਧ ਸੰਗਤ ਜੀ! ਪਹਿਲੀ ਹੀ ਦ੍ਰਿਸ਼ਟੀ ਨੰਦ-ਲਾਲ ਤੇ ਪਈ, ਪੈਂਦੀ ਸਾਰ ਕਵੀ ਮਨ, ਰਸਿਕ ਮਨ ਦੁਹਾਈ ਦੇ ਉਠਿਆ - ਪਾਤਿਸ਼ਾਹ! ਤੇਰੀ ਦੁਹਾਈ ਹੈ, ਮੈਥੋਂ ਤੇਰੇ ਨੈਣਾਂ ਦੀ ਤਾਅਬ ਨਹੀਂ ਝੱਲੀ ਜਾਂਦੀ, ਮੈਂ ਝੱਲ ਨਹੀਂ ਸਕਦਾ। ਏਸ ਤਰ੍ਹਾਂ ਦੁਹਾਈ ਦਿੱਤੀ -

ਧਾਰਨਾ - ਝੱਲੀ ਜਾਵੇ ਨਾ ਤਾਅਬ ਤੇਰੇ ਨੈਣਾਂ ਦੀ,
ਦੁਹਾਈ, ਮੈਨੂੰ ਰੱਖ ਮਾਲਕਾ - 2, 2.

ਦੁਹਾਈ ਦੇ ਰਿਹਾ ਹੈ ਕਿ ਪਾਤਿਸ਼ਾਹ! ਮੈਂ ਨਹੀਂ ਝੱਲ ਸਕਦਾ ਤੇਰੀ ਦ੍ਰਿਸ਼ਟੀ। ਗੁਰੂ ਦੀ ਦ੍ਰਿਸ਼ਟੀ ਐਵੇਂ ਹੀ ਤਾਂ ਨਹੀਂ ਹੁੰਦੀ ਸਾਧ ਸੰਗਤ ਜੀ! ਅੰਦਰ-ਬਾਹਰ ਸਾਰੇ ਸਰੀਰ ਦੇ ਰੋਮ-ਰੋਮ ਵਿਚ ਸਮਾਅ ਜਾਂਦੀ ਹੈ। ਆਪ ਨੇ ਫਾਰਸੀ ਦੇ ਅੰਦਰ ਗਜ਼ਲਾਂ ਲਿਖੀਆਂ ਨੇ ਤੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕਿਹਾ ਕਿ ਜੋ ਮਹਤੱਤਾ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਹੈ, ਓਹੀ ਮਹੱਤਤਾ ਭਾਈ ਨੰਦ ਲਾਲ ਜੀ ਦੀ ਬਾਣੀ ਨੂੰ ਹੈ। ਉਸ ਦਾ ਪੰਜਾਬੀ ਤਰਜਮਾ ਏਸ ਤਰ੍ਹਾਂ ਕੀਤਾ ਗਿਆ ਹੈ।

ਨੈਣਾਂ ਮਸਤ ਅੰਗਾਰਿਆਂ ਆਪਣਿਆਂ ਤੋਂ,
ਹਾਇ! ਰੱਖ ਲੈ ਦਿਆਂ ਦੁਹਾਈ ਤੇਰੀ।
ਮਿਠੇ ਮੁਖੜੇ ਤੇ ਸੀਰੀ ਲਬਾਂ ਕੋਲੋਂ,
ਹਾਇ! ਰੱਖ ਲੈ ਦਿਆਂ ਦੁਹਾਈ ਤੇਰੀ।
ਤੈਥੋਂ ਵਿਛੜਿਆਂ ਬਤਿਆਂ ਦਮਾਂ ਉਤੇ,
ਹਾਇ! ਸ਼ੋਕ ਹੈ ਸ਼ੋਕ ਹੈ ਸ਼ੋਕ ਸੋਹਣੇ।
ਏਸ ਗਾਫਲੀ ਗਫਲਤਾਂ ਵਾਲੜੀ ਤੋਂ
ਹੈ ਫਰਿਆਦ ਤੇ ਹਾਇ ਦੁਹਾਈ ਤੇਰੀ।
ਓਦਰ ਗਿਆ ਹਾਂ ਦੇਖਦਾ ਝਗੜਿਆਂ ਨੂੰ
ਦੀਨ ਧਰਮ ਤੇ ਕੁਫਰ ਅਧਰਮ ਵਾਲੇ
ਹੇ ਸਭਨਾਂ ਦੇ ਮਾਲਕਾ ਦੁਆਰ ਤੇਰੇ
ਰਖ ਲਵੀਂ ਤੂੰ ਦਿਆਂ ਦੁਹਾਈ ਤੇਰੀ
ਮੋਹਨ ਹਾਰੀਆਂ ਠਗਣਾਂ ਠਗ ਲੀਤਾ
ਸਾਰਾ ਜਗ ਹੈ ਮੁਠਿਆ ਹਾਇ ਹਾਇ
ਕਰੀਂ ਰਖਿਆ ਇਹਨਾਂ ਤੋਂ ਆਪ ਬਹੁੜੀ
ਪਾਵਾਂ ਵਾਸਤਾ ਦਿਆਂ ਦੁਹਾਈ ਤੇਰੀ।

ਐਸੀ ਇਕੋ ਹੀ ਨਜ਼ਰ; ਇਕ ਨਦਰ ਕੀਤੀ ਗੁਰੂ ਨੇ; ਹੋ ਕੀ ਗਿਆ? ਸੋਨਾ ਬਣਾ ਦਿੱਤਾ ਬਾਰਾਂ ਵੰਨੀ ਦਾ। ਕਿਧਰੇ ਸਾਰੀ ਹਉਮੈ ਬਿਨਸ ਗਈ। ਨਾ ਤਪ ਕਰਨ ਦੀ ਲੋੜ, ਨਾ ਜਪ ਕਰਨ ਦੀ ਲੋੜ, ਨਾ ਧੂਣੀਆਂ ਤਾਪਣ ਦੀ ਲੋੜ! ਪਹਿਲੀ ਦ੍ਰਿਸ਼ਟੀ ਦੇ ਨਾਲ ਹੀ ਨਿਹਾਲ ਕਰ ਦਿੱਤਾ। ਨਾਲ ਮੁੱਖ ਤੋਂ ਕਿਹਾ, "ਗੁਰਸਿਖਾ! ਨਿਹਾਲ! ਨਿਹਾਲ!! ਨਿਹਾਲ!!!"

ਧਾਰਨਾ - ਨਦਰੋਂ ਨਦਰੀ ਨਿਹਾਲ ਕਰ ਤਾ ਗੁਰਾਂ ਨੇ,
ਸੋਨਾ ਹੋ ਗਿਆ ਬਾਰਾਂ ਵੰਨੀ ਦਾ -2, 2.

ਕ੍ਰਿਪਾ ਦ੍ਰਿਸ਼ਟਿ ਸੋਂ ਦੇਖਨਿ ਕਰਯੋ।
ਭ੍ਰਮ ਅੱਗਯਾਨ ਸੁ ਤਿਸ ਪਰਹਰਯੋ।
ਮੋਹ ਮਹਾਨ ਨੀਂਦ ਮਹਿਂ ਸੋਵਾ।
ਜਾਗਤਿ ਭਯੋ ਗੁਰੂ ਰਵਿ ਜੋਵਾ।
ਤਾਉ ਕਸੌਟੀ ਬਿਨ, ਮਲ ਖੋਵਾ।
ਬਾਰਹਿ ਬੰਨੀ ਕੰਚਨ ਹੋਵਾ।
ਪੰਨਾ - 5078 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਨਾ ਤਪ ਕਰਾਇਆ, ਨਾ ਜਪ ਕਰਾਇਆ। ਬਾਰਾਂ ਵਾਰੀ ਜੇ ਸੋਨੇ ਨੂੰ ਅੱਗ ਦੇਵੇ ਤਾਂ ਉਸ ਨੂੰ ਬਾਰਾਂ ਵੰਨੀ ਦਾ ਸੋਨਾ ਕਹਿੰਦੇ ਨੇ। ਉਸ ਦੇ ਵਿਚ ਕੋਈ ਮੈਲ ਨਹੀਂ ਰਿਹਾ ਕਰਦੀ। ਐਸਾ ਇਕ ਦ੍ਰਿਸ਼ਟੀ ਦੇ ਨਾਲ ਦਸਮੇਸ਼ ਪਿਤਾ ਜੀ ਨੇ ਕਰ ਦਿਤਾ। ਪੂਰਾ ਜਗਿਆਸੂ ਸੀ। ਸੌਦਾ ਹੋ ਗਿਆ ਸਾਧ ਸੰਗਤ ਜੀ! ਨੰਦ ਲਾਲ ਨਾ ਰਿਹਾ, ਹੁਣ ਸਰੀਰ ਦੇ ਅੰਦਰ ਗੁਰੂ ਹੀ ਹੋ ਗਿਆ। ਅੱਖਾਂ ਨਾਲ ਦੇਖਦਾ ਹੈ ਤਾਂ ਵੀ ਗੁਰੂ, ਕੰਨਾਂ ਨਾਲ ਸੁਣਦਾ ਹੈ ਤਾਂ ਵੀ ਗੁਰੂ, ਬੋਲਦਾ ਹੈ ਤਾਂ ਵੀ ਗੁਰੂ, ਸਰੀਰ ਸਾਰੇ ਵਿਚ ਗੁਰੂ ਰਚ ਗਿਆ, ਸਾਰੇ ਬ੍ਰਹਿਮੰਡ ਵਿਚ ਰਚ ਗਿਆ। ਉਸ ਵੇਲੇ ਮਨ ਦਾ ਹਨ੍ਹੇਰਾ ਜਿਹੜਾ ਪਿਆ ਹੋਇਆ ਸੀ, ਹਨ੍ਹੇਰਾ ਹੋਣ ਕਰਕੇ ਰੱਸੀ ਵਿਚ ਸੱਪ ਦਿਸਦਾ ਸੀ; ਜਦੋਂ ਚਾਨਣਾ ਹੋਇਆ, ਪਤਾ ਲੱਗਿਆ ਕਿ ਸੱਪ ਤਾਂ ਹੈ ਹੀ ਨਹੀਂ ਸੀ, ਇਹ ਤਾਂ ਹਨ੍ਹੇਰੇ ਕਰਕੇ ਪ੍ਰਤੀਤ ਦੇਂਦਾ ਰਿਹਾ। ਲੱਕੜੀ ਖੜ੍ਹੀ ਹੈ, ਰਾਤ ਨੂੰ ਐਓਂ ਲਗਦਾ ਹੈ ਕਿ ਚੋਰ ਖੜ੍ਹਾ ਹੈ। ਜਦੋਂ ਚਾਨਣਾ ਹੋ ਗਿਆ ਤਾਂ ਪਤਾ ਲੱਗ ਗਿਆ ਕਿ ਇਹ ਤਾਂ ਲੱਕੜ ਹੈ। ਕਰੋੜਾਂ ਜਨਮਾਂ ਦਾ ਜੋ ਬੰਦਾ ਸੁੱਤਾ ਪਿਆ ਹੈ,

ਜੋ ਸੁਰਤ ਸਾਡੀ ਸੁੱਤੀ ਪਈ ਹੈ, ਜਾਗ ਆ ਗਈ; ਹਨ੍ਹੇਰਾ ਚੁਕਿਆ ਗਿਆ, ਪ੍ਰਕਾਸ਼ ਹੋ ਗਿਆ –

ਧਾਰਨਾ – ਜਨਮਾਂ ਜਨਮਾਂ ਦੇ ਸੁੱਤੇ ਨੂੰ ਜਾਗ ਆਈ,
ਮਿਟਿਆ ਅੰਧੇਰਾ ਮਨ ਦਾ –2, 2.
ਮੇਰੇ ਪਿਆਰੇ, ਬਈ ਮਿਟਿਆ ਅੰਧੇਰਾ ਮਨ ਦਾ –2, 2.
ਜਨਮਾਂ-ਜਨਮਾਂ ਦੇ ਸੁੱਤੇ ਨੂੰ ਜਾਗ ਆਈ,..–2.

ਪੂਰਬ ਕਰਮ ਅਕੁੰਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥
ਪੰਨਾ – 204

ਮਿਲ ਗਿਆ ਪੂਰਾ। ਕੀ ਹੋਇਆ? ਕਹਿੰਦੇ –

ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ॥ ਪੰਨਾ – 204

ਜਾਗ ਆ ਗਈ। ਜੇ ਸੁਤੇ ਪਏ ਹੋਈਏ, ਫੇਰ ਸੁਪਨੇ ਵਿਚ ਤਾਂ ਕੁਝ ਹੋਰ ਦਿਸਦਾ ਹੈ, ਜਾਗ ਆਏ ਤੋਂ ਕੁਝ ਹੋਰ ਦਿਸਦਾ ਹੈ। ਅੱਖਾਂ ਵਿਚ ਗੁਰੂ ਵਸ ਗਿਆ, ਜ਼ੁਬਾਨ ਤੇ ਗੁਰੂ ਵਸ ਗਿਆ, ਸਰੀਰ ਵਿਚ ਗੁਰੂ ਵਸ ਗਿਆ। ਨੇਤਰਾਂ ਦਾ ਅਗਿਆਨ ਦੂਰ ਹੋ ਗਿਆ ਤੇ ਫੇਰ ਜਦੋਂ ਜਾਗ ਆ ਗਈ ਤੇ ਫੇਰ ਦਿਸਦਾ ਕੀ ਹੈ? ਜਿਧਰ ਝਾਕਦਾ ਹੈ ਐਨਾ ਅਸਰ ਹੋ ਗਿਆ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ, ਓਹੀ ਨਜ਼ਰ ਆਉਂਦਾ ਹੈ, ਦੂਜਾ ਨਜ਼ਰ ਨਹੀਂ ਆਉਂਦਾ –

ਧਾਰਨਾ – ਆਪੇ ਦਿਸਿਆ ਓ, ਖੇਲ੍ਹ ਕਰਦਾ –2, 2.
ਨੈਣ ਖੁੱਲ੍ਹ ਗਏ ਗੁਰਾਂ ਨੂੰ ਮਿਲ ਕੇ –2, 2.
ਨੈਣ ਖੁਲ੍ਹ ਗਏ ਗੁਰਾਂ ਨੂੰ ਮਿਲ ਕੇ,
ਪਿਆਰਿਓ, ਖੇਲ ਕਰਦਾ,
ਆਪੇ ਦਿਸਿਆ ਓ, ਖੇਲ੍ਹ ਕਰਦਾ –2.

ਗੁਰਹਿ ਦਿਖਾਇਓ ਲੋਇਨਾ
ਈਤਹਿ ਊਤਹਿ ਘਟਿ ਘਟਿ ਘਟਿ ਘਟਿ
ਤੂੰ ਹੀ ਤੂੰ ਹੀ ਮੋਹਿਨਾ॥ ਪੰਨਾ – 507

ਨੈਣ ਖੁੱਲ੍ਹ ਗਏ ਸਾਧ ਸੰਗਤ ਜੀ!

ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲ॥
(ਜਾਪ ਸਾਹਿਬ)

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ॥
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥
ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ॥
ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ॥
ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ॥
ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ॥
ਪੰਨਾ – 23

ਜਿਧਰ ਦੇਖਦੇ ਨੇ, ਐਸਾ ਪਿਆਰਾ ਮਨ ਵਿਚ ਬੈਠ ਗਿਆ ਸਾਧ ਸੰਗਤ ਜੀ! ਹੁਣ ਦੂਜਾ ਨਜ਼ਰ ਨਹੀਂ ਆਉਂਦਾ। ਭਾਈ ਘਨ੍ਹਈਏ ਨੂੰ ਵੀ ਨਜ਼ਰ ਨਹੀਂ ਸੀ ਆਇਆ ਜਦੋਂ ਪਾਣੀ ਪਿਲਾਉਂਦੇ ਸਨ। ਸ਼ਿਕਾਇਤ ਹੋਈ, ਘਨ੍ਹਈਆ! ਖਾਲਸਾ ਤੇਰੀ ਸ਼ਿਕਾਇਤ ਕਰਦਾ ਹੈ ਕਿ ਤੂੰ ਦੁਸ਼ਮਣਾਂ ਨੂੰ ਪਾਣੀ ਪਿਲਾਉਂਦਾ ਰਿਹਾ।

"ਨਾ ਮਹਾਰਾਜ! ਮੈਂ ਤਾਂ ਕਿਸੇ ਦੁਸ਼ਮਣ ਨੂੰ ਪਾਣੀ ਨਹੀਂ ਪਿਲਾਇਆ।"

"ਫੇਰ ਮੁਗਲਾਂ ਨੂੰ ਪਿਲਾਇਆ ਹੋਣੈ?"

"ਨਾ ਮਹਾਰਾਜ!"

"ਪਹਾੜੀਆਂ ਨੂੰ ਪਿਲਾਇਆ ਹੋਣੈਂ?"

"ਨਾ ਮਹਾਰਾਜ?"

"ਫੇਰ ਖਾਲਸੇ ਨੂੰ ਪਿਲਾਇਆ ਹੋਣੈ?"

"ਸੱਚੇ ਪਾਤਸ਼ਾਹ! ਨਾ।"

"ਫੇਰ ਤੂੰ ਕਿਹਨੂੰ ਪਾਣੀ ਪਿਲਾਉਂਦਾ ਰਿਹਾ?"

"ਹੇ ਦਸ਼ਮੇਸ਼ ਪਿਤਾ! ਮੈਨੂੰ ਤੇਰੀ ਸੁਗੰਧ ਹੈ ਕਿ ਮੈਂ ਤੈਥੋਂ ਸਿਵਾ ਕਿਸੇ ਨੂੰ ਪਾਣੀ ਪਿਲਾਇਆ ਹੀ ਨਹੀਂ। ਜਦੋਂ ਮੈਂ ਮਸ਼ਕ ਦਾ ਮੂੰਹ ਖੋਲ੍ਹਦਾ ਸੀ, ਤੇਰਾ ਹੱਥ ਹੁੰਦਾ, ਤੇਰੀ ਜਿਗਾ ਕਲਗੀ, ਤੇਰੇ ਮਸਤ ਨੈਣ; ਮੈਨੂੰ ਤਾਂ ਤੇਰੇ ਮਸਤ ਨੈਣਾਂ ਤੋਂ ਬਗੈਰ ਹੋਰ ਕੁਝ ਦਿਸਦਾ ਹੀ ਨਹੀਂ। ਜਦੋਂ ਤੋਂ ਤੇਰਾ ਸ਼ਕਾਰਾ ਵਜ ਗਿਆ, ਮੈਨੂੰ ਹੋਰ ਦਿਸਣਾ ਬੰਦ ਹੋ ਗਿਆ, ਇਕੋ ਹੀ ਦਿਸਦਾ ਹੈ।"

ਸੋ ਇਸ ਤਰ੍ਹਾਂ ਦੇ ਨਾਲ ਆਪ ਵੀ ਫੁਰਮਾਉਂਦੇ ਨੇ –

ਰੁਤ ਆਈ ਤੇ ਮਿਤਰ ਆਇਆ ਦਿਲ ਨੂੰ ਧੀਰਜ ਆਈ ਏ।
ਅੱਖ ਮੇਰੀ ਧੀਰੀ ਦੇ ਅੰਦਰ ਸ਼ਕਲ ਸਜਣ ਦੀ ਵਸ ਗਈ।
ਵਸ ਗਈ ਦਸ਼ਮੇਸ਼ ਪਿਤਾ ਦੀ ਮੇਰੀ ਧੀਰੀ ਵਿਚ –
ਜਿਸ ਵਲ ਨਜ਼ਰ ਮੇਰੀ ਹੈ ਜਾਂਦੀ ਸੂਰਤ ਯਾਰ ਦਿਸਾਈ ਏ।
ਜਿਸ ਪਾਸੇ ਵੱਲ ਮਿੱਤਰ ਜਾਂਦਾ ਮਗਰ ਨਜਰ ਮੇਰੀ ਜਾਵੇ।
ਜੇ ਰੋਕਾਂ ਤਾਂ ਰੁਕਦੀ ਨਾਹੀ ਪੇਸ਼ ਨ ਜਾਂਦੀ ਕਾਈ ਏ।
ਆਸਵੰਦ ਜੋ ਮਿਤਰ ਪਿਆਰੇ ਖਬਰ ਉਨ੍ਹਾਂ ਅਜ ਕਰ ਦੇਣੀ।
ਅਨਹਲ ਹੱਕ ਦਾ ਹੋਕਾ ਦੇ ਕੇ ਸੂਲੀ ਜਾਨ ਟੰਗਾਈ ਏ।

ਕਹਿਣ ਲੱਗੇ, ਖਬਰ ਕਰ ਦਿਓ, ਹੁਣ ਸਾਨੂੰ ਸੂਲੀਆਂ ਦਾ ਡਰ ਨਹੀਂ ਰਿਹਾ। ਅਨਹਲ ਹੱਕ, ਵਾਹਿਗੁਰੂ ਹੀ ਹੈ ਸਾਰੇ, ਦੂਜਾ ਨਹੀਂ ਰਿਹਾ ਕੋਈ ਵੀ –

ਕਰ ਦਿਓ ਖਬਰ ਫੁੱਲਾਂ ਤਾਈਂ, ਉਹ ਸਾਰੇ ਖਿੜ ਜਾਵਣ।
ਵੇਖਣ ਚਾਓ ਰਿਦੇ ਵਿਚ ਲੈ ਕੇ ਮਿਠ ਬੋਲੀ ਬੁਲਬੁਲ ਆਈ।
ਕੁੰਡਲ ਮਾਰ ਜ਼ੁਲਫ ਜੋ ਤੇਰੀ ਨੰਦ ਉਸ ਦਾ ਧਰਦਾ ਧਿਆਨ।
ਇਸ ਸਬਬ ਜੋ ਨਾਲ ਸ਼ੌਕ ਦੇ ਬੇਕਰਾਰ ਦਿਲ ਆਈ ਏ।

ਕਹਿੰਦੇ ਹੇ ਪਾਤਿਸ਼ਾਹ! ਹੁਣ ਤਾਂ ਜਿਧਰ ਦੇਖਦਾ ਹਾਂ ਤੂੰ ਹੀ ਤੂੰ ਏਂ। ਸੂਫੀ ਵੀ ਤੂੰ ਹੈ, ਜ਼ਾਹਦ ਵੀ ਤੂੰ ਹੈ, ਮਸਤ ਵੀ ਤੂੰ ਹੈਂ, ਕਲੰਦਰ ਵੀ ਤੂੰ ਹੈਂ। ਐਸੇ ਤੇਰੇ ਰੰਗ ਹੋ ਰਹੇ ਨੇ – ਕਿਤੇ ਮਰ ਰਿਹਾ ਹੈਂ, ਕਿਤੇ ਮਾਰ ਰਿਹਾ ਹੈਂ।

ਕਤਹੂੰ ਸੁਚੇਤ ਹੋਇ ਕੈ, ਚੇਤਨਾ ਕੋ ਚਾਰ ਕੀਓ,
ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ॥

ਕਤਹੂੰ ਭਿਖਾਰੀ ਹੋਇਕੈ, ਮਾਂਗਤ ਫਿਰਤ ਭੀਖ,
ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥
ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,
ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥
ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,
ਕਹੂੰ ਤ੍ਰਿਗੁਨ ਅਤੀਤ, ਕਹੂੰ ਸਰਗੁਨ ਸਮੇਤ ਹੋ॥
ਤ੍ਵਪ੍ਰਸਾਦਿ ਕਬਿੱਤ

ਹੇ ਪਾਤਿਸ਼ਾਹ! ਮੈਨੂੰ ਸਾੜੇ ਨਹੀਂ ਹੁਣ ਦਿਸਦੇ, ਦਿਸਣ ਤੋਂ ਹੀ ਹਟ ਗਏ, ਹੁਣ ਤਾਂ ਤੇਰਾ ਹੀ ਰੰਗ ਹੈ। ਸਾਰੀ ਦੁਨੀਆਂ ਤੇਰੇ ਵਿਚ ਬੱਝ ਰਹੀ ਹੈ –

ਦੀਨ ਦੁਨੀ ਨੇ ਦੋਵੇ ਬਝ ਰਹੇ, ਜ਼ੁਲਫ ਪਿਆਰੇ ਦੀ ਅੰਦਰ।
ਕੇਸ ਮਾਹੀ ਦੇ ਇਕ ਵਾਲ ਦੀ, ਕੀਮਤ ਲੋਕ ਪ੍ਰਲੋਕ ਨਹੀਂ।
ਮਾਹੀ ਮੇਰੇ ਪਲਕਾਂ ਅੰਦਰ, ਲੱਖਾਂ ਨਾਜ਼ ਨਿਰਾਲੇ ਹਨ।
ਇਕੋ ਨਜ਼ਰ ਮਿਹਰ ਦੀ ਕਾਫੀ ਹੋਰ ਕਿਸੇ ਦਾ ਸ਼ੌਕ ਨਹੀਂ।
ਸੂਫੀ ਜ਼ਾਹਦ ਮਸਤ ਕਲੰਦਰ ਰੰਗ ਓਸ ਦੇ ਸਾਰੇ ਹਨ।
ਹਰ ਇਕ ਖਾਨੇ ਦੇ ਵਿਚ ਬੈਠਾ ਬਿਨ ਉਸ ਕੋਈ ਥੋਕ ਨਹੀਂ।

ਸਾਰਿਆਂ ਖਾਨਿਆਂ ਵਿਚ, ਬਹੱਤਰ ਖਾਨੇ ਹੁੰਦੇ ਨੇ ਸਾਡੇ ਅੰਦਰ; ਕਹਿੰਦੇ ਸਾਰੇ ਖਾਨਿਆਂ ਵਿਚ ਗੁਰੂ ਕਲਗੀਧਰ ਹੀ ਬੈਠੇ ਨੇ –

ਪ੍ਰੇਮੀ ਬਾਝਹੁ ਯਾਰ ਨਾਲ ਦੀ ਕਦੇ ਕੋਈ ਵੀ ਜਾਣੇ ਨਾ।
ਕੂਤ ਸੁਚੇ ਦਾ ਮੁਲ ਕੀ ਜਾਣੇ ਨੈਣ ਅੰਧ ਜਿਸ ਓਕ ਨਹੀ।

ਜਿਸ ਦੇ ਨੇਤਰਾਂ ਵਿਚ ਦਰਿਆ ਨਹੀਂ ਚਲਦੇ, ਕਹਿੰਦੇ ਉਹ ਪਿਆਰ ਦੀ ਕਦਰ ਕੀ ਜਾਣਦੇ ਨੇ?

ਹਰ ਦਮ ਸਿਮਰਨ ਅੰਦਰ 'ਗੋਯਾ' ਨੈਣ ਤੇਰੇ ਮਤਵਾਲੇ ਦੀ,
ਪ੍ਰੇਮ ਪਿਆਲੇ ਪੀਂਦੇ ਰਹਿੰਦੇ ਏਸ ਬਿਨਾ ਦਿਲ ਪੋਖ ਨਹੀਂ।

ਕਹਿੰਦੇ ਹੁਣ ਕਿਥੇ ਭਾਲਦਾ ਫਿਰਦਾ ਹੈਂ? ਭਾਲ ਨਾ, ਹੁਣ ਤਾਂ ਤੇਰੇ ਨਾਲ ਹੈ।

ਧਾਰਨਾ – ਵਾਹਿਗੁਰੂ ਜਦ ਹਾਜ਼ਰ ਨਾਜ਼ਰ,
ਫੇਰ ਤੂੰ ਕਿੱਥੇ ਲੱਭ ਰਿਹਾ –2, 2.
ਫੇਰ ਤੂੰ ਕਿਥੇ ਲੱਭ ਰਿਹਾ,
ਵਾਹਿਗੁਰੂ ਜਦ ਹਾਜ਼ਰ ਨਾਜ਼ਰ –2, 2.
ਵਾਹਿਗੁਰੂ ਜਦ ਹਾਜ਼ਰ ਨਾਜ਼ਰ –2, 2.
ਹਰ ਇਕ ਥਾਂ ਤੇ ਜਦ ਉਹ ਪ੍ਰਾਪਤ,
ਫੇਰ ਤੂੰ ਕਿਧਰ ਆਪ ਰਿਹਾ –2, 2.
ਵਾਹਿਗੁਰੂ ਜਦ ਹਾਜ਼ਰ ਨਾਜ਼ਰ,
ਫੇਰ ਤੂੰ ਕਿਥੇ ਲਭ ਰਿਹਾ –2, 2.
ਹਰ ਇਕ ਥਾਂ ਤੇ ਜਦ ਉਹ ਪ੍ਰਾਪਤ
ਫੇਰ ਤੂੰ ਕਿਧਰ ਆਪ ਰਿਹਾ –2.

ਦੋ ਲੋਕਾਂ ਦੇ ਅੰਦਰ ਤੇਰੇ ਦੌਲਤ ਭਰੇ ਖਜ਼ਾਨੇ ਹਨ।

ਯਾਨਿ ਆਪ ਉਹ ਜੀਭ ਸਾਡੀ ਤੋਂ ਪਤਾ ਆਪੇ ਹੀ ਦੱਸ ਰਿਹੈ।

ਐਸੀ ਨਜ਼ਰ ਕਿਸੇ ਵਿਰਲੇ-ਵਿਰਲੇ ਤੇ ਹੀ ਹੁੰਦੀ ਹੈ। ਗੁਰੂ ਦੀ ਮਸਤੀ ਨਹੀਂ ਸਾਂਭੀ ਜਾਂਦੀ ਸਾਧ ਸੰਗਤ ਜੀ! ਹਰ ਵਕਤ ਮਸਤ ਰਹਿੰਦਾ ਹੈ। ਦਸਮੇਸ਼ ਦੇ ਵਿਚ ਲੀਨ ਹੋ ਗਿਆ। ਇਸ ਨੂੰ ਕਹਿੰਦੇ ਨੇ ਅਭੇਦ ਅਵਸਥਾ। ਤਾਲੇ ਖੁੱਲ੍ਹ ਗਏ ਕਰੋੜਾਂ ਜਨਮਾਂ ਦੇ ਜੰਗਾਲੇ ਹੋਏ; ਕਿਉਂ ਖੁੱਲੇ? ਕਿਉਂਕਿ ਕੁੰਜੀਆਂ ਦਾ ਮਾਲਕ ਮਿਲ ਗਿਆ –

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥
ਪੰਨਾ – 1237

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥
ਪੰਨਾ – 205

ਬਿਨੁ ਸਬਦੈ ਅੰਤਰਿ ਆਨੇਰਾ॥
ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ
ਗੁਰੁ ਪੂਰੈ ਭਾਗਿ ਮਿਲਾਵਣਿਆ॥ ਪੰਨਾ – 124

ਕੁੰਜੀ ਵਾਲਾ ਮਿਲ ਗਿਆ ਸਾਧ ਸੰਗਤ ਜੀ!

ਧਾਰਨਾ – ਮੇਰੇ ਖੋਲ੍ਹ 'ਤੇ ਜੰਗਾਲੇ ਹੋਏ ਜਿੰਦਰੇ,
ਕੁੰਜੀਆਂ ਦੇ ਮਾਲਕ ਨੇ –2, 2.
ਮੇਰੇ ਪਿਆਰੇ, ਕੁੰਜੀਆਂ ਦੇ ਮਾਲਕ ਨੇ –2, 2.
ਮੇਰੇ ਖੋਲ੍ਹਤੇ ਜੰਗਾਲੇ ਹੋਏ ਜਿੰਦਰੇ,.... –2.

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥
ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ॥
ਪੰਨਾ – 954

ਦ੍ਰਿਸ਼ਟੀ ਮਿਲ ਗਈ; ਉਹ ਦ੍ਰਿਸ਼ਟੀ ਜਿਸ ਨੂੰ ਬ੍ਰਹਮਗਿਆਨੀ ਦੀ ਦ੍ਰਿਸ਼ਟੀ ਕਹਿੰਦੇ ਨੇ –

ਮਨਿ ਸਾਚਾ ਮੁਖਿ ਸਾਚਾ ਸੋਇ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥
ਪੰਨਾ – 272

ਦਰਜਾ ਕਿੱਡਾ ਹੋ ਗਿਆ?

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥
ਪੰਨਾ – 273

ਕ੍ਰਿਤ-ਕ੍ਰਿਤ ਹੋ ਗਿਆ, ਜਿਸ ਨੂੰ ਕ੍ਰਿਤ-ਕ੍ਰਿਤ ਅਵਸਥਾ ਕਹਿੰਦੇ ਨੇ। ਇਸ ਅਵਸਥਾ ਦਾ ਵਰਣਨ ਕੀਤਾ ਹੀ ਨਹੀਂ ਜਾ ਸਕਦਾ, ਪਰਮ ਅਨੰਦ, ਮਹਾਂ-ਅਨੰਦ, ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ। ਉਸ ਵੇਲੇ ਆਪਣੇ ਨਾਲਦਿਆਂ ਨੂੰ ਖੁਸ਼ੀ ਵਿਚ ਦੱਸ ਨਹੀਂ ਸਕਦੇ> ਇਹ ਅਵਸਥਾ ਦੱਸੀ ਨਹੀਂ ਜਾਂਦੀ, ਸਾਧ ਸੰਗਤ ਜੀ!

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥
ਪੰਨਾ – 334

ਕੀ ਦੱਸਿਆ ਜਾਵੇ?

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥
ਪੰਨਾ - 1370

ਕਹੀ ਹੋਈ ਤਾਂ ਗੱਲ ਸੋਭਾ ਵਿਚ ਆਉਂਦੀ ਨਹੀਂ ਹੈ ਤੇ ਦੇਖੀ ਹੋਈ ਗੱਲ ਦਾ ਹੀ ਅਨੁਭਵ ਹੋਇਆ ਕਰਦਾ ਹੈ। ਸੋ ਪਿਆਰ ਦੇ ਨਾਲ ਏਸ ਤਰ੍ਹਾਂ ਦਸਦੇ ਨੇ ਥੋੜ੍ਹਾ ਜਿਹਾ -

ਲੱਭ ਗਈ ਹੁਣ ਸਾਨੂੰ ਸਹੀਓ, ਯਾਦਿ ਖੁਦਾ ਦੀ ਸੋਝੀ
ਭਰਿਆ ਜਾਮ ਏ ਕਿਥੋਂ ਮਿਲਿਆ ਦਿਤਾ ਕਿਸ ਹੈ ਚੋਜੀ।
ਸਚ ਦੀ ਤਲਬ ਬਿਨਾ ਇਹ ਸਹੀਓ ਮਿਲਦਾ ਨਹੀਂ ਕਿਸੇ ਨੂੰ,
ਏਹ ਦੌਲਤ ਦੁਰਲਭ ਹੈ ਮਿਲਨੀ ਦੇਈ ਜੋ ਦਾਤੇ ਯੋਜ਼ੀ।

ਜਦੋਂ ਤੱਕ ਸਚਾ ਗਾਹਕ ਨਾ ਹੋਵੇ, ਤਲਬ ਨਾ ਹੋਵੇ, ਤਲਾਸ਼ ਨਾ ਹੋਵੇ ਉਦੋਂ ਤੱਕ ਮਿਲਦਾ ਨਹੀਂ। ਕਹਿੰਦੇ ਮੈਨੂੰ ਤਾਂ ਦਸਮੇਸ਼ ਪਿਤਾ ਨੇ ਚਰਨਾਂ ਨਾਲ ਲਾ ਲਿਆ। ਕਰੋੜਾਂ ਜੁਗ ਬੀਤ ਗਏ ਸਨ। ਮੈਂ ਕੀ ਸਿਫਾਰਸ਼ ਕਰਾਂ, ਧਿਆਨ ਧਰੋ, ਗੁਰੂ ਦਸਮੇਸ਼ ਪਿਤਾ ਕਿੰਨੇ ਸੁੰਦਰ, ਕਿੰਨੇ ਦਇਆਲੂ, ਕਿੰਨੇ ਕਿਰਪਾ ਦੇ ਮਾਲਕ ਹਨ। ਜੋ ਕੋਈ ਆ ਗਿਆ, ਭਰ ਕੇ ਚਲਿਆ ਗਿਆ ਉਨ੍ਹਾਂ ਦੇ ਪਾਸੋਂ, ਤੇ ਆਪ ਫੁਰਮਾਉਂਦੇ ਨੇ ਕਿ ਜਿਸ ਨੇ ਇਕ ਵਾਰੀ ਵੀ ਗੁਰੂ ਦਸਮੇਸ਼ ਪਿਤਾ ਜੀ ਦੇ ਨੇਤਰਾਂ ਵਿਚ ਝਾਕ ਲਿਆ, ਉਸ ਦੀ ਮੈਲ ਲਹਿ ਗਈ, ਬਿਲਕੁਲ ਨਿਰਮਲ ਹੋ ਗਿਆ, ਕੋਈ ਵੀ ਮੈਲ ਦੀ ਕਾਈ ਨਾ ਰਹੀ - ਕੇਵਲ ਨੇਤਰਾਂ ਦੇ ਦਰਸ਼ਨ ਕਰਨ ਨਾਲ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਜਿਸ ਨੇ ਨੈਣ ਗੁਰਾਂ ਦੇ ਤੱਕ ਲਏ,
ਹਿਰਦਾ ਨਿਰਮਲ ਹੋ ਗਿਆ -2, 2.
ਹਿਰਦਾ ਨਿਰਮਲ ਹੋ ਗਿਆ -2, 2.
ਜਿਸ ਨੇ ਨੈਣ ਗੁਰਾਂ ਦੇ ਤੱਕ ਲਏ,.... -2.

ਆਪ ਫੁਰਮਾਉਂਦੇ ਨੇ ਕਿ ਇਕ ਵਾਰੀ ਵੀ ਜਿਸ ਦੇ ਨੇਤਰਾਂ, ਗੁਰੂ ਦੇ ਦਰਸ਼ਨ ਕਰ ਲਏ ਤੇ ਸਿੱਧੀ ਨਿਗ੍ਹਾ ਦੇ ਨਾਲ ਨਿਗ੍ਹਾ ਜਿਸ ਦੀ ਮਿਲ ਗਈ, ਉਸ ਦੇ ਸਾਰੇ ਪਾਪ ਧੋਤੇ ਗਏ -

ਨਰਗਸੀ ਫੁੱਲ ਗਥਰ ਓਹ ਨਹੀਂ ਲਿਆਂਵਦਾ,
ਸੁਆਦ ਜਿਸ ਲੈ ਲਿਆ ਬਈ ਇਸ ਅੱਖ ਸ਼ੋਖ।
ਗਰਦ ਦਿਲ ਦੀ ਧ੍ਰੋ ਲਈ ਐ ਓਸ ਨੇ,
ਦੇਖ ਜਿਸ ਇਕ ਵਾਰ ਲਈ ਐ ਇਹ ਅਖ ਸ਼ੋਖ।

ਗੁਰੂ ਦਸਮੇਸ਼ ਪਿਤਾ ਜੀ ਦੀ ਅੱਖ, ਸ਼ੋਖ ਅੱਖ, ਰਮਜ਼ਾਂ ਦੀ ਭਰੀ ਹੋਈ ਜਿਸ ਨੇ ਇਕ ਵਾਰੀ ਦੇਖ ਲਈ, ਉਸ ਦੇ ਸਾਰੇ ਦਿਲ ਦੀ ਗਰਦ-ਮੈਲ ਧੋਤੀ ਗਈ। ਸੋ ਐਸੇ ਅਨੰਦ ਦੇ ਅੰਦਰ, ਪਰਮ ਅਨੰਦ ਦੇ ਅੰਦਰ ਵਾਸਾ ਕਰਾ ਦਿੱਤਾ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਕੋਲ ਬੁਲਾਇਆ, ਕਹਿਣ ਲੱਗੇ

"ਨੰਦ ਲਾਲ! ਬੱਚਿਆਂ ਦਾ ਕੀ ਹਾਲ ਹੈ?"

"ਪਾਤਿਸ਼ਾਹ! ਹੁਣ ਬੱਚਿਆਂ ਦੀ ਗੱਲ ਨਾ ਕਰੋ।"

"ਨਾ ਬਈ! ਇਹ ਗ੍ਰਿਹਸਤ, ਉਦਾਸ ਮੱਤ ਹੈ ਸਾਡਾ; ਤਿਆਗ ਦਾ ਮੱਤ ਨਹੀਂ। ਜਾਹ! ਬੱਚਿਆਂ ਨੂੰ ਸੰਭਾਲ, ਪ੍ਰਚਾਰ ਕਰ। ਆਪ ਵੀ ਤਰ ਤੇ ਹੋਰਾਂ ਨੂੰ ਵੀ ਲਾ।"

ਸੋ ਓਸ ਵੇਲੇ ਬਹੁਤ ਉਦਾਸ ਹੋ ਗਿਆ। ਨੇਤਰਾਂ ਵਿਚੋਂ ਜਲ ਜਾਂਦਾ ਹੈ, ਪਾਤਿਸ਼ਾਹ! ਆਹ ਕਿਰਪਾ ਦ੍ਰਿਸ਼ਟੀ, ਤੇਰੇ ਪਿਆਰੇ ਦਰਸ਼ਨਾਂ ਤੋਂ ਬਗੈਰ ਮੈਂ ਕਿਵੇਂ ਜੀਉਂਦਾ ਰਹਾਂ? ਮੈਂ ਜੀਉ ਨਹੀਂ ਸਕਦਾ। ਪਾਤਿਸ਼ਾਹ! ਕਿਰਪਾ ਕਰ, ਮੇਰੇ ਵਸ ਤੋਂ ਬਾਹਰ ਦੀ ਬਾਤ ਹੈ -

ਧਾਰਨਾ - ਝੱਲਿਆ ਨਹੀਂ ਜਾਣਾ,
ਸਤਿਗੁਰੂ ਤੇਰਾ ਵਿਛੋੜਾ -2, 2.
ਤੇਰਾ ਵਿਛੋੜਾ, ਸਤਿਗੁਰੂ ਤੇਰਾ ਵਿਛੋੜਾ -2, 2.
ਝੱਲਿਆ ਨਹੀਂ ਜਾਣਾ, ... -2.

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥
ਪੰਨਾ - 708

ਮਹਾਰਾਜ ਜੀ ਕਹਿਣ ਲੱਗੇ, "ਨੰਦ ਲਾਲ! ਠੀਕ ਹੈ ਪਰ ਬਿਰਹੁ ਦਾ ਡੰਡਾ ਤੇ ਗ੍ਰਿਹਸਤ ਦੇ ਮਾਮਲੇ ਦੇ ਵਿਚ ਪੌੜੀਆਂ ਦੇ ਡੰਡੇ ਆਦਮੀ ਚੜ੍ਹਦਾ ਹੈ। ਐਂ ਸਮਝ ਲੈ ਕਿ ਇਕ ਬੰਦਾ ਜੋਰ ਕਰੀ ਜਾਂਦਾ ਹੈ ਅਖਾੜੇ ਦੇ ਵਿਚ, ਪਰ ਕਿਸੇ ਦੇ ਨਾਲ ਕੁਸ਼ਤੀ ਨਹੀਂ ਕੀਤੀ। ਉਸ ਦੀ ਤਾਕਤ ਦਾ ਉਦੋਂ ਪਤਾ ਲਗਦਾ ਹੈ ਜਦੋਂ ਉਹ ਕਿਸੇ ਪਹਿਲਵਾਨ ਨਾਲ ਘੁਲਦਾ ਹੈ। ਨੰਦ ਲਾਲ! ਸੰਸਾਰ ਦੇ ਅੰਦਰ ਬੜੇ ਦੁਖ ਨੇ, ਬੜੇ ਕਲੇਸ਼ ਨੇ। ਅਸੀਂ ਗੁਰਸਿਖ ਐਸਾ ਪੈਦਾ ਕੀਤਾ ਹੈ ਜਿਸ ਤਰ੍ਹਾਂ ਦਾ ਕਮਲ ਫੁੱਲ ਹੁੰਦਾ ਹੈ। ਲਹਿਰਾਂ ਦੇ ਨਾਲ ਪਛਾੜਿਆ ਜਾ ਰਿਹਾ ਹੈ ਪਰ ਫੇਰ ਵੀ ਖਿੜਿਆ ਪਿਆ ਹੈ। ਮੁਰਗਾਬੀ ਦੇ ਫੰਘਾਂ (ਖੰਬਾਂ) ਵਰਗੀ ਉਸ ਨੂੰ ਤਾਕਤ ਦਿੱਤੀ ਹੈ, ਪਾਣੀ ਦੇ ਅੰਦਰ ਭਿੱਜਦਾ ਨਹੀਂ ਹੈ, ਜਿਥੋਂ ਜੀਅ ਚਾਹੇ ਉਡ ਜਾਵੇ। ਸੋ ਤੂੰ ਜਾਹ! ਜਾ ਕੇ ਦੁਨੀਆਂਦਾਰੀ ਦੇ ਫਰਜ਼ ਪੂਰੇ ਕਰ। ਜਿਥੇ ਜਾਏਂਗਾ, ਉਥੇ ਗੁਰਸਿਖੀ ਫੈਲਾਈਂ।"

ਬਚਨ ਮੰਨਿਆ ਤੇ ਆਪ ਜਾਂਦੇ-ਜਾਂਦੇ ਆਗਰੇ ਪਹੁੰਚ ਗਏ। ਆਗਰੇ ਪਹੁੰਚ ਕੇ ਬਹਾਦਰ ਸ਼ਾਹ, ਜਿਸਨੂੰ ਉਸ ਵੇਲੇ 'ਸ਼ਹਿਜ਼ਾਦਾ-ਮੁਅਜ਼ਮ' ਕਹਿੰਦੇ ਸੀ, ਉਸ ਨੂੰ ਕਿਉਂਕਿ ਤਖਤ ਤੇ ਬੈਠਣ ਤੋਂ ਬਾਅਦ ਉਸ ਨੇ ਆਪਣਾ ਲਕਬ ਇਖਤਿਆਰ ਕੀਤਾ ਸੀ। ਸੋ ਉਸ ਦੇ ਕੋਲ ਗਿਆ, ਜਾ ਕੇ ਪੇਸ਼ ਹੋਇਆ, ਦੱਸਿਆ ਕਿ ਮੇਰਾ ਪਿਤਾ ਗਜ਼ਨੀ ਦੇ ਨਵਾਬ ਦਾ ਮੁੱਖ ਮੰਤਰੀ ਸੀ ਤੇ ਮੈਂ ਮੁਲਤਾਨ ਦੇ ਨਵਾਬ ਦਾ ਮੀਰ ਮੁਨਸ਼ੀ ਸੀ। ਕਿਰਪਾ ਕਰੋ, ਮੈਨੂੰ ਕੋਈ ਰੋਜ਼ਗਾਰ ਦੇ ਦਿਓ। ਔਰੰਗਜ਼ੇਬ ਦੇ ਨੇੜੇ ਪਹੁੰਚ ਗਿਆ। ਔਰੰਗਜ਼ੇਬ ਦਾ ਗੁਰੂ ਮਹਾਰਾਜ ਨਾਲ ਵਿਰੋਧ ਸੀ ਬੜਾ ਜਬਰਦਸਤ। ਉਸ ਵੇਲੇ ਉਸ ਨੇ ਦੇਖਿਆ ਕਿ ਐਸਾ ਕਾਬਲ ਬੰਦਾ ਮੈਂ ਤਾਂ ਦੇਖਿਆ ਨਹੀਂ ਅਜੇ ਤੱਕ। ਬੜੀ ਖੁਸ਼ੀ ਦੇ ਨਾਲ ਆਪ ਨੂੰ ਰੱਖ ਲਿਆ ਓਸ ਨੇ। ਉਥੇ ਆਪ ਡਿਊਟੀ ਦਿੰਦੇ ਨੇ, ਸਤਿਸੰਗ ਕਰਦੇ ਨੇ। ਉਥੋਂ ਦਾ ਜੋ ਵੱਡਾ ਦਰੋਗਾ ਸੀ, ਗਿਆਨਦੀਨ ਜਿਸ ਨੂੰ 'ਮੀਰ ਸਾਹਿਬ' ਆਮ ਤੌਰ ਤੇ ਕਿਹਾ ਕਰਦੇ ਸਨ, ਉਹ ਆਪ ਦੇ ਮਾਰਫਤ ਦੇ ਬਚਨ ਸੁਣ ਕੇ

ਇਸਲਾਮ ਵਿਚ ਹੁੰਦਾ ਹੋਇਆ ਵੀ ਆਪ ਦਾ ਸੇਵਕ ਬਣ ਗਿਆ। ਬਹਾਦਰ ਸ਼ਾਹ ਜਦੋਂ ਵੀ ਵਿਹਲਾ ਹੋਵੇ ਤਾਂ ਗੁਰੂ ਮਹਾਰਾਜ ਜੀ ਦੇ ਬਚਨ ਸੁਣਿਆ ਕਰੇ, ਮਾਰਫਤ ਦੀਆਂ ਬਾਤਾਂ ਸੁਣਿਆ ਕਰੇ, ਅਛੋਪਲਾ ਹੀ ਇਸ ਦੇ ਹਿਰਦੇ ਤੇ ਅਸਰ ਪੈਣਾ ਸ਼ੁਰੂ ਹੋ ਗਿਆ। ਕਿੱਡਾ ਵੱਡਾ ਪ੍ਰਚਾਰ ਹੈ ਸਾਧ ਸੰਗਤ ਜੀ! ਜੇ ਜੜ੍ਹ ਹੀ ਵੱਢ ਦਿਤੀ ਜਾਵੇ ਤਾਂ ਵਿਹੁ ਦਾ ਬੂਟਾ ਹੋਵੇ ਹੀ ਨਾ। ਜੇ ਬਾਦਸ਼ਾਹ ਨੂੰ ਹੀ ਸੁਧਾਰ ਦਿੱਤਾ ਜਾਵੇ ਤਾਂ ਫੇਰ ਆਹ ਜ਼ੋਰ ਜ਼ੁਲਮ ਤਾਂ ਹੋਵੇ ਹੀ ਨਾ। ਸੋ ਬਹੁਤ ਅਸਰ ਵਿਚ ਆ ਗਿਆ। ਏਧਰ ਔਰੰਗਜ਼ੇਬ ਸਭਾ ਲਾਇਆ ਕਰਦਾ ਸੀ, ਉਸ ਦੇ ਵਿਚ ਉਲਮਾ, ਵੱਡੇ-ਵੱਡੇ ਆਲਮ, ਫਾਜ਼ਲ, ਕਾਜ਼ੀ, ਮੁਲਾਂ-ਮੁਲਾਣੇ ਹਾਜ਼ਰ ਹੁੰਦੇ ਸਨ। ਕੁਰਾਨ-ਸ਼ਰੀਫ ਦਾ ਆਪ ਬੜਾ ਭਾਰਾ ਗਿਆਨੀ ਸੀ ਤੇ ਅਰਥ ਪੁਛਿਆ ਕਰੇ ਤੇ ਟੋਕ ਦਿੰਦਾ ਸੀ ਕਿ ਏਹ ਅਰਥ ਗਲਤ ਹੈ, ਇਹ ਗਲਤ ਹੈ। ਇਕ ਆਇਤ ਆ ਗਈ ਜਿਸ ਦਾ ਏਸ ਨੂੰ ਪਤਾ ਨਹੀਂ ਸੀ ਲਗਦਾ, ਉਪਰੋਂ-ਉਪਰੋਂ ਅਰਥ ਕਰਦਾ ਸੀ, ਅੰਦਰੋਂ ਮੰਨਦਾ ਸੀ ਕਿ ਇਸ ਦੇ ਅਰਥ ਸਹੀ ਨਹੀਂ ਹਨ। ਉਸ ਨੇ ਇਕ ਦਿਨ ਇਹ ਅੜਾਉਣੀ ਪੇਸ਼ ਕਰ ਦਿੱਤੀ ਸਾਰੇ ਉਲਮਾਂ ਨੂੰ ਕਿ ਇਸ ਆਇਤ ਦੇ ਅਰਥ ਦੱਸੋ। ਸਾਰੇ ਉਲਮਾਂ ਨੇ ਆਪਣੀ-ਆਪਣੀ ਅਕਲ ਮੁਤਾਬਕ ਅਰਥ ਕਰੇ, ਇਹ ਸਿਰ ਫੇਰੀ ਗਿਆ ਕਿ ਨਹੀਂ ਨਹੀਂ, ਬਿਲਕੁਲ ਗਲਤ। ਕਹਿੰਦਾ ਮੇਰੀ ਤਸੱਲੀ ਨਹੀਂ ਹੁੰਦੀ। ਉਸ ਵੇਲੇ ਸ਼ਹਿਜ਼ਾਦਾ ਮੁਆਜ਼ਮ ਨੂੰ ਕਹਿਣ ਲਗਿਆ ਕਿ ਤੂੰ ਦੱਸ, ਤੈਨੂੰ ਵੀ ਮੈਂ ਬਥੇਰਾ ਪੜ੍ਹਾਇਆ ਹੈ। ਉਸ ਨੇ ਵੀ ਦੱਸਣ ਦੀ ਕੋਸ਼ਿਸ਼ ਕਰੀ। ਕਹਿੰਦਾ, ਨਾ-ਨਾ ਇਹ ਨਹੀਂ ਹੈ। ਉਹ ਕਹਿੰਦਾ ਇਉਂ ਕਰੋ, ਫੇਰ ਸ਼ਾਮ ਦੀ ਕਚਹਿਰੀ ਵੇਲੇ ਮੈਂ ਦੱਸ ਦਿਆਂਗਾ। ਘਰ ਆਇਆ ਤਾਂ ਬੜਾ ਉਦਾਸ ਸੀ। ਨੰਦ ਲਾਲ ਜੀ ਹਿਰਦਾ ਪੜ੍ਹਨ ਜਾਣਦੇ ਸਨ, ਮੱਥਾ ਪੜ੍ਹਨ ਜਾਣਦੇ ਸਨ। ਕਿਸੇ-ਕਿਸੇ ਨੂੰ ਇਹ ਸੋਝੀ ਹੁੰਦੀ ਹੈ, ਦੂਜੇ ਦੇ ਮਨ ਦੀ ਗੱਲ ਪੜ੍ਹ ਲੈਣੀ। ਵਫਾਦਾਰ ਸੀ ਇਹ, ਕਹਿਣ ਲੱਗੇ, ਸ਼ਹਿਜ਼ਾਦਾ-ਏ-ਆਲਾ! ਅੱਜ ਆਪ ਦੇ ਮਨ ਵਿਚ, ਆਪ ਦੇ ਦੁਸ਼ਮਣਾਂ ਦੇ ਮਨ ਵਿਚ ਕੀ ਚਿੰਤਾ ਉਠ ਖੜ੍ਹੀ?"

ਕਈ ਵਾਰੀ ਪੁਛਿਆ! ਕਹਿਣ ਲੱਗੇ, "ਨੰਦ ਲਾਲ! ਅੱਬਾ ਜਾਨ ਨੇ ਆਹ ਅਰਥ ਪੁਛਿਆ ਹੈ ਤੇ ਮੈਂ ਦੱਸਿਆ ਸੀ ਪਰ ਉਨ੍ਹਾਂ ਦੀ ਤਸੱਲੀ ਨਹੀਂ ਹੋਈ।"

ਕਹਿਣ ਲੱਗੇ, "ਫੇਰ ਮੈਂ ਕਰ ਦਿੰਦਾ ਹਾਂ।"

ਅਰਥ ਦੱਸ ਦਿਤੇ। ਤੀਜੇ ਪਹਿਰ ਦੀ ਕਚਹਿਰੀ ਵਿਚ ਜਾ ਕੇ ਪੁਛਿਆ ਕਿ ਤੂੰ ਵਾਇਦਾ ਕਰਿਆ ਸੀ ਅਰਥ ਦੱਸਣ ਦਾ। ਕਹਿੰਦਾ ਕਿ ਦੱਸ ਦਿੰਦਾ ਹਾਂ ਮੈਂ। ਜਦੋਂ ਅਰਥ ਕਰੇ ਤਾਂ ਹੈਰਾਨ ਹੋ ਗਿਆ।

ਕਹਿੰਦਾ, "ਮੁਅਜ਼ਮ! ਮੈਂ ਤੇਰੀ ਅਕਲ ਨੂੰ ਜਾਣਦਾ ਹਾਂ ਕਿੰਨੀ-ਕੁ ਹੈ। ਆਹ ਤੇਰੀ ਅਕਲ ਨਹੀਂ, ਕਿਤੋਂ ਮੰਗ ਕੇ ਲਿਆਂਦੀ ਹੈ। ਮੈਨੂੰ ਸੱਚ-ਸੱਚ ਦੱਸ, ਇਹ ਕਿਸ ਦੀ ਅਕਲ ਹੈ।"

ਕਹਿਣ ਲੱਗਿਆ, "ਅੱਬਾ ਜਾਨ! ਇਹ ਮੇਰੇ ਮੀਰ-ਮੁਨਸ਼ੀ ਨੰਦ ਲਾਲ ਜੀ।"

ਕਹਿੰਦਾ, "ਕਚਹਿਰੀ ਵਿਚ ਪੇਸ਼ ਕਰੋ।"

ਕਚਹਿਰੀ ਵਿਚ ਪੇਸ਼ ਕਰ ਦਿੱਤਾ। ਅਰਥ ਕਰਕੇ ਸੁਣਾਏ ਤਾਂ ਸਾਰਿਆਂ ਨੇ ਮੂੰਹ 'ਚ ਉਂਗਲਾਂ ਲੈ ਲਈਆਂ ਕਿ ਐਡਾ ਵਿਦਵਾਨ, ਐਡਾ ਅਨੁਭਵ!! ਕਿਉਂਕਿ ਮਾਰਫਤ ਦੀ ਵਿਦਿਆ ਗੁਰੂ ਦਸਮੇਸ਼ ਪਿਤਾ ਤੋਂ ਅਮਲੀ ਰੂਪ ਵਿਚ ਪੜ੍ਹੀ ਸੀ। ਜਿਸ ਦਾ ਅਨੁਭਵ ਖੁੱਲ੍ਹ ਗਿਆ ਹੋਵੇ, ਉਸ ਨੂੰ ਕੋਈ ਔਖ ਨਹੀਂ ਹੋਇਆ ਕਰਦੀ। ਹੈਰਾਨ ਹੋ ਗਿਆ ਕਿ ਐਡਾ ਵਿਦਵਾਨ! ਜਿਸ ਨੇ ਸਾਡੇ ਕਪਾਟ ਖੋਲ੍ਹ ਦਿੱਤੇ। ਦਿਖਾਵੇ ਨਾਲ ਪੰਜ ਸੌ ਮੋਹਰ ਇਨਾਮ ਦੇ ਦਿੱਤੀ, ਵਿਦਾ ਕਰ ਦਿੱਤਾ, ਸਿਰੋਪਾ ਦੇ ਦਿੱਤਾ ਵੱਡਾ ਭਾਰਾ। ਇਕ ਪਾਸੇ ਲੈ ਗਿਆ ਮੁਅਜ਼ਮ ਨੂੰ; ਕਹਿੰਦਾ, "ਬੇਟਾ! ਐਡਾ ਵਿਦਵਾਨ ਪੁਰਸ਼! ਤੇ ਫੇਰ ਇਹ ਹਿੰਦੂ ਧਰਮ ਦੇ ਵਿਚ? ਐਡੀ ਮੱਤ ਦਾ ਮਾਲਕ ਇਹ ਹਿੰਦੂ ਧਰਮ ਵਿਚ? ਨਾਂ! ਮੇਰਾ ਹੁਕਮ ਹੈ। ਏਸ ਤਰ੍ਹਾਂ ਕਹਿੰਦਾ ਹੈ –

ਧਾਰਨਾ – ਇਹ ਤਾਂ ਹਿੰਦੂ ਹੈ ਮਤਵੰਤਾ,
ਲਿਆਵੋ ਵਿਚ ਦੀਨ ਦੇ –2, 2.
ਲਿਆਵੋ ਵਿਚ ਦੀਨ ਦੇ –4, 2.
ਇਹ ਤਾਂ ਹਿੰਦੂ ਹੈ ਮਤਵੰਤਾ,.......... –2.

ਬੇਟਾ! ਐਡਾ ਹੁਸ਼ਿਆਰ, ਅਕਲਮੰਦ, ਮਾਰਫਤ ਦੇ ਦਰਜ਼ੇ ਦਾ ਬੰਦਾ, ਹਿੰਦੂ ਨਹੀਂ ਰਹਿਣਾ ਚਾਹੀਦਾ –

ਇਹ ਤੌ ਹਿੰਦੂ ਹੈ ਮਤਿਵੰਦਾ।
ਹੈ ਅਨੀਤਿ, ਮੁਝ ਨਹੀਂ ਸੁਹੰਦਾ।
ਦੀਨ ਬਿਖੈ ਇਸ ਕੌ ਲੇ ਆਵਹੁ।
ਜਸੋਂ ਕਸੋਂ ਕਰਿ ਨੀਕੇ ਸਮੁਝਾਵਹੁ॥
ਅਸ ਨਰ ਦੀਨ ਬਿਖੈ ਜਬਿ ਹੋਇ।
ਚਲੈ ਸ਼ਰ੍ਹਾ ਮਹਿਂ ਸਭ ਹੀ ਕੋਇ।
ਪੰਨਾ – 5081 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਕਹਿੰਦਾ ਸਾਰਾ ਸੰਸਾਰ ਸ਼ਰ੍ਹਾ ਵਿਚ ਆ ਜਾਏਗਾ ਜੇ ਨੰਦ ਲਾਲ ਨੂੰ ਤੁਸੀਂ ਦੀਨ ਵਿਚ ਲੈ ਆਂਦਾ।

ਤੁਰਕ ਦੀਨ ਮੈਂ ਜਬਿ ਅਸ ਆਵੈ।
ਨੀਕੇ ਬਿਧਿ ਕਰਿ ਸ਼ਰ੍ਹਾ ਬਧਾਵੈ।
ਪੰਨਾ – 5081 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਫੇਰ ਇਹ ਸਹੀ ਤਰੀਕੇ ਨਾਲ ਸ਼ਰ੍ਹਾ ਦੀ ਤਸ਼ਰੀਹ ਕਰੇਗਾ –

ਏਵ ਸ਼ਜ਼ਾਦੇ ਕੋ ਸਮੁਝਾਇ।
'ਜਸੋਂ ਕਸੋਂ ਦੀਨ ਬਿਖੈ ਇਸ ਲਯਾਇ॥
ਪੰਨਾ – 5081 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸ਼ਹਿਜ਼ਾਦਾ ਵਾਪਸ ਆ ਗਿਆ। ਨੰਦ ਲਾਲ ਨੂੰ ਬੁਲਾ ਲਿਆ। ਕਹਿਣ ਲੱਗਿਆ ਕਿ ਨੰਦ ਲਾਲ! ਅੱਜ ਤੇਰੀ ਅਕਲ ਹੀ ਤੇਰੀ ਵੈਰਨ ਬਣ ਗਈ। ਕਹਿੰਦੇ –

ਐ ਰੌਸ਼ਨੀਏ ਤਵਾ ਤੂ ਬਨਮਨ ਬਲਾਸ਼ੁਤੀ।
ਮੇਰੀ ਜਿਹੜੀ ਰੋਸ਼ਨ ਤਵਾ ਸੀ,
ਅਕਲ ਸੀ ਓਹੀ ਬਲਾ ਬਣ ਗਈ।

ਕਹਿੰਦਾ, ਅੱਬਾ ਜਾਨ! ਇਹ ਚਾਹੁੰਦੇ ਨੇ ਕਿ ਤੂੰ ਦੀਨ

ਵਿਚ ਆ ਜਾ। ਮੈਂ ਤੈਨੂੰ ਜਬਰਦਸਤੀ ਨਹੀਂ ਕਰਨੀ ਤੇ ਤੇਰੀ ਮਰਜ਼ੀ ਹੈ, ਜਿਥੇ ਤੇਰਾ ਜੀਅ ਕਰਦਾ ਹੈ ਬਚ ਕੇ ਨਿਕਲ ਜਾ। ਤੇਰੀ ਮਰਜ਼ੀ ਹੈ ਤਾਂ ਦੀਨ ਵਿਚ ਆ ਜਾ।

ਕਹਿਣ ਲੱਗੇ, "ਸ਼ਹਿਜ਼ਾਦੇ ਆਲਮ! ਨਿਜ ਧਰਮ ਸਭ ਨੂੰ ਪਿਆਰਾ ਹੁੰਦਾ ਹੈ। ਭਾਵੇਂ ਸਾਡੇ ਗੁਰੂ ਨੇ ਇਹ ਦੱਸ ਦਿਤਾ ਹੈ ਕਿ ਕੋਈ ਧਰਮ ਮਾੜਾ ਨਹੀਂ ਹੈ ਪਰ ਜਿਸ ਧਰਮ ਵਿਚ ਪੈ ਜਾਓ, ਜਿਸ ਨਾਮ ਦਾ ਸਿਮਰਨ ਕਰਨ ਲੱਗ ਜਾਓ ਉਸੇ ਨਾਮ ਨੇ, ਜਿਸ ਬੇੜੀ ਤੇ ਬੈਠੇ ਹੋ, ਉਸ ਨੇ ਪਾਰ ਲੰਘਾ ਹੀ ਦੇਣਾ ਹੈ। ਸੋ ਇਸ ਕਰਕੇ ਮੈਨੂੰ ਤੁਸੀਂ ਛੁੱਟੀ ਦਿਓ।"

ਉਸ ਵੇਲੇ ਦਰੋਗਾ ਗਿਆਸਦੀਨ ਮਿਲਣ ਵਾਸਤੇ ਆ ਗਿਆ। ਕਿਹਾ ਕਿ ਕੀ ਗੱਲ, ਅੱਜ ਤੁਸੀਂ ਉਦਾਸ ਹੋ?

ਕਹਿਣ ਲੱਗੇ, "ਮੀਰ ਸਾਹਿਬ! ਆਹ ਸਮੱਸਿਆ ਹੋ ਗਈ ਤੇ ਹੁਣ ਮੇਰਾ ਇਥੇ ਰਹਿਣਾ ਬਣਦਾ ਨਹੀਂ ਹੈ ਤੇ ਮੈਂ ਆਪਣੇ ਗੁਰੂ ਦੇ ਪਾਸ ਜਾਣਾ ਚਾਹੁੰਦਾ ਹਾਂ।"

ਕਹਿਣ ਲੱਗਿਆ, "ਅਸੀਂ ਤੁਹਾਡੇ ਤੋਂ ਬਗੈਰ ਕਿਵੇਂ ਰਹਾਂਗੇ? ਮੁਰਸ਼ਦ! ਮੈਂ ਵੀ ਨਹੀਂ ਰਹਿ ਸਕਦਾ।"

ਕਹਿਣ ਲੱਗੇ ਕਿ ਮੈਨੂੰ ਆਗਿਆ ਦੇ ਦਿਓ। ਸੋ ਉਥੋਂ ਆਗਿਆ ਲੈ ਕੇ, ਨੌਕਰ ਨਾਲ ਲੈ ਕੇ ਆਪ ਲਾਹੌਰ ਪਹੁੰਚ ਗਏ। ਉਥੇ ਆ ਕੇ ਕਰਨਾ ਐਸਾ ਹੋਇਆ ਕੁਦਰਤ ਦਾ ਕਿ ਨੌਕਰ ਚੜ੍ਹਾਈ ਕਰ ਗਿਆ ਤੇ ਇਕੱਲੇ ਨੰਦ ਲਾਲ ਜੀ ਰਹਿ ਗਏ। ਘਬਰਾਏ ਨਹੀਂ, ਉਸ ਵੇਲੇ ਗੁਰੂ ਮਹਾਰਾਜ ਜੀ ਨੂੰ ਯਾਦ ਕਰਦੇ ਨੇ ਕਿ ਗੁਰੂ ਮਹਾਰਾਜ ਜੀ ਨੇ ਮੈਨੂੰ ਇਹ ਗੱਲ ਕਹੀ ਸੀ ਕਿ ਨੰਦ ਲਾਲ! ਜ਼ਿੰਦਗੀ ਦੀਆਂ ਜਿੰਮੇਵਾਰੀਆਂ ਜਿੰਨੀਆਂ ਪੈਣਗੀਆਂ, ਜਿੰਨਾ ਤੂੰ ਇਨ੍ਹਾਂ ਦੇ ਨਾਲ ਲੜਾਈ ਕਰੇਂਗਾ, ਉਨੇ ਡੰਡੇ ਹੋਰ ਪੱਕੀ ਤਰ੍ਹਾਂ ਚੜ੍ਹ ਜਾਏਂਗਾ ਤੇ ਗੁਰੂ ਇਹ ਕਹਿੰਦਾ ਹੈ –

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥
ਪੰਨਾ – 469

ਫੇਰ ਮੇਰੇ ਗੁਰੂ ਤਾਂ ਇਸ ਚੀਜ਼ ਨੂੰ ਦਾਰੂ ਦਸਦੇ ਨੇ। ਸੋ ਉਸ ਵੇਲੇ ਗਿਆਸਦੀਨ ਵੀ ਆ ਗਿਆ ਇਕ ਮਹੀਨੇ ਬਾਅਦ। ਵਿਚਾਰ ਕਰੀ ਕਿ ਏਸ ਵੇਲੇ ਐਸੀ ਕੋਈ ਥਾਂ ਨਹੀਂ ਹੈ ਜਿਥੇ ਔਰੰਗਜ਼ੇਬ ਦਾ ਹੱਥ ਨਾ ਪਹੁੰਚਦਾ ਹੋਵੇ। ਕੋਈ ਰਾਜਪੂਤ ਰਾਜਾ ਰਾਖੀ ਨਹੀਂ ਕਰ ਸਕਦਾ, ਕੋਈ ਮਰਹੱਟਾ ਰਾਖੀ ਨਹੀਂ ਕਰ ਸਕਦਾ, ਏਸ ਵੇਲੇ ਜੇ ਕਿਸੇ ਦੀ ਓਟ ਚੁੱਕੀ ਜਾ ਸਕਦੀ ਹੈ ਤਾਂ ਉਹ ਗੁਰੂ ਦਸਮੇਸ਼ ਪਿਤਾ ਜੀ ਨੇ। ਉਥੇ ਜਾ ਕੇ ਬਚਿਆ ਜਾ ਸਕਦਾ ਹੈ।

ਸੋ ਦਸਮੇਸ਼ ਪਿਤਾ ਦੇ ਦਰਸ਼ਨਾਂ ਨੂੰ ਆਪ ਪਹੁੰਚਦੇ ਨੇ। ਆ ਕੇ, ਗੁਰੂ-ਮਹਾਰਾਜ ਜੀ ਦੇ ਚਰਨਾਂ ਵਿਚ ਨਮਸ਼ਕਾਰ ਕੀਤੀ ਤੇ ਆਪ ਨੇ ਮਹਾਰਾਜ ਜੀ ਨੂੰ ਇਕ ਪੁਸਤਕ ਭੇਟ ਕੀਤੀ। ਰਸਤੇ ਵਿਚ ਜਦੋਂ ਤੁਰੇ ਆਉਂਦੇ ਸੀ ਤਾਂ ਰੋਜ਼ ਇਕ ਗਜ਼ਲ ਲਿਖਦੇ ਸਨ ਤੇ ਉਸ ਦਾ ਨਾਂ ਆਪ ਨੇ 'ਜ਼ਿੰਦਗੀ ਨਾਮਾ' ਰੱਖਿਆ। ਜਦੋਂ ਮਹਾਰਾਜ ਜੀ ਦੇ ਚਰਨਾਂ ਵਿਚ ਪੁਸਤਕ ਭੇਟ ਕੀਤੀ ਤਾਂ ਮਹਾਰਾਜ ਜੀ ਕਹਿੰਦੇ ਕਿ ਇਹ ਕੀ ਹੈ ਨੰਦ ਲਾਲ?

ਕਹਿਨ ਲੱਗੇ, "ਮਹਾਰਾਜ! ਇਹ ਮੈਂ ਪਿਆਰ ਦੀ, ਇਸ਼ਕ ਤੇ ਫਿਰਾਕ ਦੀ ਪੁਸਤਕ ਲਿਖੀ ਹੈ।"

ਮਹਾਰਾਜ ਜੀ ਕਹਿੰਦੇ, "ਪੜ੍ਹ ਕੇ ਸੁਣਾਓ।"

ਖੜ੍ਹੇ ਹੋ ਕੇ ਪੜ੍ਹ ਕੇ ਸੁਣਾਈ। ਮਹਾਰਾਜ ਜੀ ਕਹਿਣ ਲੱਗੇ ਕਿ ਨੰਦ ਲਾਲ! ਇਸ ਦੇ ਵਿਚ ਤਾਂ ਤੂੰ ਅੰਮ੍ਰਿਤ ਭਰ ਦਿੱਤਾ –

ਆਬੇ ਹੈਵਾਂ ਪੁਰਸ਼ਦਹ ਚੂ ਜਾਵੇ ਓਜ਼ਿੰਦਗੀਨਾਮਹ ਸ਼ਦਹਤਨਾਮਾ।

ਕਹਿੰਦੇ ਇਸ ਦਾ ਨਾਉਂ 'ਜ਼ਿੰਦਗੀਨਾਮਹ' ਲਿਖ ਲੈ –

ਨਾਲ ਅੰਮ੍ਰਿਤ ਜਾਮ ਇਸ ਦਾ ਭਰ ਗਿਆ
ਜ਼ਿੰਦਗੀਨਾਮਹ ਤਦੇ ਹੁਣ ਨਾਮ ਭਇਆ।

ਸੋ ਇਸ ਤਰ੍ਹਾਂ ਆਪ ਬੈਠੇ ਨੇ ਤੇ ਮਹਾਰਾਜ ਜੀ ਨੇ ਪੁਛਿਆ ਗਿਆਸਦੀਨ ਨੂੰ। ਉਸ ਨੇ ਡੇਢ ਹਜ਼ਾਰ ਮੋਹਰ ਮਹਾਰਾਜ ਜੀ ਦੇ ਚਰਨਾਂ 'ਚ ਭੇਟਾ ਕਰੀ।

ਮਹਾਰਾਜ ਜੀ ਕਹਿੰਦੇ, "ਮੀਰ ਜੀ! ਤੁਹਾਡਾ ਮੁਰਸ਼ਦ ਕੌਣ ਹੈ?"

ਉਨ੍ਹਾਂ ਨੇ ਨੰਦ ਲਾਲ ਵੱਲ ਇਸ਼ਾਰਾ ਕਰ ਦਿੱਤਾ ਕਿ ਮੇਰੇ ਗੁਰੂ ਇਹ ਨੇ। ਉਸ ਵੇਲੇ ਆਲਮ ਸਿੰਘ ਨੱਚਨਾ ਉਥੇ ਖੜ੍ਹਾ ਸੀ, ਉਸ ਨੇ ਤਰਕ ਕਰੀ। ਉਹ ਕਹਿੰਦਾ ਕਿ ਕਿਉਂ ਕਚ-ਪਿਚ ਬੋਲਦਾ ਹੈਂ? ਗੁਰੂ ਤਾਂ ਕੇਵਲ ਗੁਰੂ ਗੋਬਿੰਦ ਸਿੰਘ ਜੀ ਨੇ, ਹੋਰ ਕੋਈ ਗੁਰੂ ਨਹੀਂ ਹੋ ਸਕਦਾ ਤੇ ਇਨ੍ਹਾਂ ਨੂੰ 'ਅਭੁੱਲ ਕਰਤਾਰ' ਨੂੰ ਛੱਡ ਕੇ ਤੂੰ ਇਕ ਬੰਦੇ, ਸਿੱਖ ਨੂੰ ਗੁਰੂ ਕਹਿੰਦਾ ਹੈਂ?

ਮਹਾਰਾਜ ਜੀ ਕਹਿੰਦੇ, "ਆਲਮ ਸਿੰਘਾ! ਤੂੰ ਉਹ ਪੜ੍ਹਾਈ ਨਹੀਂ ਪੜ੍ਹਿਆ ਹੋਇਆ, ਤੇਰੇ ਕੋਲ ਨਿਗ੍ਹਾ ਨਹੀਂ ਹੈ, ਜਿਹੜੀ ਪਛਾਣ ਲਵੇ। ਤੂੰ ਕੀ ਸਮਝਦਾ ਹੈਂ? ਮੈਂ ਨੰਦ ਲਾਲ ਦੇ ਵਿਚ ਪੂਰਾ ਵਸਦਾ ਹਾਂ। ਗੁਰੂ ਮਹਾਰਾਜ ਨੇ ਇਹ ਗੱਲ ਕਹੀ ਹੈ –

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ – 306

ਮੇਰੇ ਵਿਚ ਤੇ ਨੰਦ ਲਾਲ ਵਿਚ ਕੋਈ ਫਰਕ ਨਹੀਂ ਹੈ।

ਜਿਨਾ ਨਾ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ – 397

ਦਾਸ ਅਨਿੰਨ ਮੇਰੋ ਨਿਜ ਰੂਪ॥ ਪੰਨਾ – 1252

ਹਰਿ ਕਾ ਸੇਵਕੁ ਸੋ ਹਰਿ ਜੇਹਾ॥
ਭੇਦੁ ਨ ਜਾਣਹੁ ਮਾਣਸ ਦੇਹਾ॥
ਜਿਉ ਜਲ ਤਰੰਗ ਉਠਹਿ ਬਹੁ ਭਾਤੀ
ਫਿਰਿ ਸਲਲੈ ਸਲਲ ਸਮਾਇਦਾ॥ ਪੰਨਾ – 855

ਬੜਾ ਮਾਣ ਦਿੱਤਾ ਤੇ ਉਸ ਵੇਲੇ ਕਹਿਣ ਲੱਗੇ ਕਿ ਮੁਰਸ਼ਦ ਏਸ ਦਾ ਨੰਦ ਲਾਲ ਹੀ ਹੈ। ਨੰਦ ਲਾਲ ਨੇ ਚਰਨਾਂ ਤੇ ਮਸਤਕ ਨਿਵਾ ਦਿੱਤਾ ਕਿ ਪਾਤਿਸ਼ਾਹ! ਮੇਰੀ ਕੀ ਮਜ਼ਾਲ ਹੈ ਕਿ ਗੁਰੂ ਦੇ ਸਾਹਮਣੇ ਮੈਂ ਸਿੱਖ ਤੋਂ ਉਠ ਕੇ ਮੁਰਸ਼ਦ ਦਾ ਦਰਜਾ ਧਾਰ ਲਵਾਂ? ਨਾ, ਪਾਤਿਸ਼ਾਹ! ਮੈਨੂੰ ਨੀਵਾਂ ਹੀ ਰੱਖੀਂ। ਮਨ ਆਪਣੇ ਨੂੰ ਕਹਿ ਰਹੇ ਨੇ –

ਧਾਰਨਾ - ਸਾਹਿਬ ਬਣ ਕੇ ਰਹੀਂ ਨਾ ਮਨਾ ਮੇਰਿਆ,
ਸੇਵਕਾਂ ਦਾ ਸੇਵਕ ਰਹੀਂ -2, 2.
ਸੇਵਕਾਂ ਦਾ ਓ, ਸੇਵਕ ਰਹੀਂ -2, 2.
ਸਾਹਿਬ ਬਣ ਕੇ ਰਹੀਂ ਨਾ ਮਨਾ ਮੇਰਿਆ -2.

ਜੇ ਦਏ ਸਮਰਥ ਈਸ਼ਰ ਓ ਕ੍ਰਿਪਾਲ॥
ਬੰਦਗੀ ਤੋਂ ਪਾਵਦਾ ਬੰਦਾ ਕਮਾਲ॥

ਚਾਹੇ ਰੱਬ ਬਣ ਜਾਵੇ ਪਰ ਕਹਿੰਦੇ ਭਗਤੀ ਨਾ ਫੇਰ ਵੀ ਛੱਡੇ -

ਰੂਪ ਰੱਬ ਦਾ ਚਾਹੇ ਸਾਰਾ ਹੋ ਜਾਏ,
ਬੰਦਗੀ ਬਿਨ ਜੀਉ ਇਸ ਤੋ ਸੁਖ ਪਾਏ।
ਜੀਵਣਾ ਬੰਦੇ ਦਾ ਹੈ ਬੇਬੰਦਗੀ,
ਬੰਦਗੀ ਰੱਬ ਦੀ ਹੈ ਅਸਲ ਜ਼ਿੰਦਗੀ।
ਬਸ ਚਲ ਦਾਸ ਬਣ ਸਾਹਿਬ ਨਾ ਬਨ,
ਬੰਦੇ ਤੂੰ ਬਿਨ ਬੰਦਗੀ ਸਭ ਹਨ ਅ-ਬਨ।

ਹੋਰ ਕੋਈ ਚੀਜ਼ ਨਾ ਬਣ, ਸੇਵਕ ਬਣ ਕੇ ਰਹਿ। ਸੋ ਮਹਾਰਾਜ ਜੀ ਨੇ ਗਿਆਸਦੀਨ ਦੇ ਉਤੇ ਕਿਰਪਾ ਕਰੀ। ਕਹਿੰਦੇ ਕਿ ਆਲਮ ਸਿੰਘਾ! ਤੂੰ ਨਹੀਂ ਪਛਾਣਦਾ, ਇਹ ਜੋ ਗਿਆਸਦੀਨ ਹੈ ਇਹ ਵੀ ਬ੍ਰਹਮ ਦੀ ਅਵਸਥਾ ਵਿਚ ਰਹਿੰਦਾ ਹੈ, ਇਹ ਸ਼ਰਾ, ਤਰੀਕਤ, ਹਕੀਕਤ ਪਾਰ ਕਰਕੇ ਮਾਰਫਤ ਵਿਚ ਪਹੁੰਚਿਆ ਹੋਇਆ ਹੈ। ਨੰਦ ਲਾਲ ਨੇ ਆਪਣਾ ਹੀ ਬਣਾ ਲਿਆ।

ਸੋ ਏਸ ਤਰ੍ਹਾਂ ਨੰਦ ਲਾਲ ਜੀ ਉਥੇ ਰਹਿਣਾ ਸ਼ੁਰੂ ਕਰ ਦਿੰਦੇ ਨੇ। ਲੰਗਰ ਚਲਾ ਲਿਆ ਕਿਉਂਕਿ ਗੁਰੂ ਦਾ ਹੁਕਮ ਹੈ ਕਿ ਜੇ ਸਮਰੱਥਾ ਸਿੱਖ ਵਿਚ ਹੋਵੇ ਤਾਂ ਲੰਗਰ ਚਲਾਵੇ। ਜੇ ਇਕੱਲੇ ਦੇ ਵਿਚ ਸਮਰੱਥਾ ਨਹੀਂ ਤਾਂ ਦੋ-ਚਾਰ ਰਲ ਕੇ ਚਲਾਉਣ, ਜੇ ਦੋ-ਚਾਰ ਵਿਚ ਨਹੀਂ ਹੈ ਤਾਂ ਪਿੰਡ ਰਲ ਜਾਓ। ਜਿਥੇ ਲੰਗਰ ਚਲਦਾ ਹੈ ਉਥੇ ਪ੍ਰਮੇਸ਼ਰ ਦੀ ਦ੍ਰਿਸ਼ਟੀ ਹਰ ਵਕਤ ਰਹਿੰਦੀ ਹੈ। ਇਕ ਦਿਨ ਗੁਰੂ ਮਹਾਰਾਜ ਜੀ ਬੈਠੇ ਸਨ ਲੰਗਰ ਦੀਆਂ ਗੱਲਾਂ ਚੱਲ ਪਈਆਂ। ਸਾਰੇ ਆਪਣੇ-ਆਪਣੇ ਲੰਗਰ ਦੀ ਗੱਲ ਕਰਨ ਕਿ ਮੇਰੇ ਵੀਹ ਸੇਰ ਰੋਜ਼ ਪੱਕਦਾ ਹੈ, ਮੇਰੇ ਦਸ ਸੇਰ ਪੱਕਦਾ ਹੈ, ਮੇਰੇ ਐਨੀ ਦਾਲ ਲਗਦੀ ਹੈ ਜੀ, ਮੇਰੇ ਬੋਰੀ ਲਗਦੀ ਹੈ। ਸਾਰੇ ਕਰੀਂ ਜਾਂਦੇ ਨੇ। ਥੋੜ੍ਹੇ ਦਿਨਾਂ ਬਾਅਦ ਮਹਾਰਾਜ ਜੀ ਨੇ ਭੇਸ ਬਦਲ ਲਿਆ, ਯਾਤਰੂ ਬਣ ਗਏ, ਬਿਲਕੁਲ ਪਤਾ ਨਹੀਂ ਲਗਦਾ ਕਿ ਇਹ ਗੁਰੂ ਸਾਹਿਬ ਨੇ। ਪਹਿਲੇ ਲੰਗਰ ਵਿਚ ਗਏ, ਜਾ ਕੇ ਦਰਵਾਜ਼ਾ ਖੜਕਾਇਆ। ਅੰਦਰੋਂ ਪੁਛਿਆ ਕਿ ਕੀ ਗੱਲ ਹੈ ਪ੍ਰੇਮੀਆ!

ਮਹਾਰਾਜ ਜੀ ਕਹਿੰਦੇ, "ਮੈਨੂੰ ਭੁੱਖ ਲੱਗੀ ਹੋਈ ਹੈ ਬਹੁਤ।"

ਕਹਿੰਦਾ, "ਠਹਿਰ ਜਰ੍ਹਾ, ਸਬਜ਼ੀ ਧਰੀ ਹੋਈ ਹੈ, ਆਟਾ ਗੁੰਨਣ ਵਾਲਾ ਹੈ ਤੇ ਤੁਸੀਂ ਇਸੇ ਤਰ੍ਹਾਂ ਦੇ ਨਾਲ ਥੋੜ੍ਹਾ ਸੁਸਤਾਓ, ਲੰਗਰ ਮਿਲ ਜਾਏਗਾ।"

ਮਹਾਰਾਜ ਜੀ ਅਗਲੇ ਲੰਗਰ ਵੱਲ ਚਲੇ ਗਏ, ਜਾ ਕੇ ਕਹਿਣ ਲਗੇ ਕਿ ਪਿਆਰਿਆ! ਭੁੱਖ ਬਹੁਤ ਲੱਗੀ ਹੋਈ ਹੈ।

ਕਹਿੰਦੇ, "ਦੇਖੋ! ਸਬਜ਼ੀ ਛਿਲ ਰਹੇ ਹਾਂ ਤੇ ਅੱਗ ਜਾਲ ਰਹੇ ਹਾਂ। ਜਦੋਂ ਬਣ ਜਾਏਗਾ ਉਦੋਂ ਛਕ ਲਿਓ।"

ਤੀਸਰੇ ਤੇ, ਚੌਥੇ ਤੇ, ਇਸ ਤਰ੍ਹਾਂ ਕਰਦੇ-ਕਰਦੇ ਭਾਈ ਨੰਦ ਲਾਲ ਦੇ ਲੰਗਰ ਵਿਚ ਆ ਗਏ।

ਕਹਿਣ ਲੱਗੇ, "ਭਾਈ ਸਾਹਿਬ ਭੁੱਖ ਲਗੀ ਹੋਈ ਹੈ।"

ਨੰਦ ਲਾਲ ਜੀ ਕਹਿਣ ਲੱਗੇ, ਗੁਰਸਿੱਖਾ! ਜੇ ਹੁਣੇ ਹੀ ਛਕਣਾ ਹੈ ਤਾਂ ਜੋ ਹਾਜ਼ਰ ਹੈ ਮੈਂ ਲਿਆ ਦਿੰਦਾ ਹਾਂ, ਦਾਲ ਭਿਉਂਤੀ ਹੋਈ ਹੈ ਤੇ ਆਟਾ ਗੁੰਨ੍ਹਿਆ ਪਿਆ ਹੈ। ਜੇ ਠਹਿਰ ਸਕਦੇ ਹੋ ਤਾਂ ਦੇਖ ਲਓ, ਨਹੀਂ ਤਾਂ ਫੇਰ ਹਾਜ਼ਰ ਹੈ। ਆਟਾ ਚੁੱਕ ਲਿਆ ਗੁੰਨ੍ਹਿਆ ਹੋਇਆ, ਦਾਲ ਪਾ ਲਿਆਏ ਤੇ ਕਹਿਣ ਲੱਗੇ ਕਿ ਆਹ ਹਾਜ਼ਰ ਹੈ।

ਗੁਰੂ ਮਹਾਰਾਜ ਜੀ ਕਹਿਣ ਲੱਗੇ, "ਏਹੀ ਦੇ ਦੇ।"

ਲੈ ਕੇ ਆ ਗਏ। ਦੂਸਰੇ ਦਿਨ ਸੰਗਤ ਇਕੱਠੀ ਹੋਈ। ਸਾਰੇ ਲੰਗਰਾਂ ਦੀ ਗੱਲ ਚੱਲੀ।

ਮਹਾਰਾਜ ਜੀ ਮੁਸਕਰਾ ਪਏ, ਕਹਿੰਦੇ, "ਤੁਸੀਂ ਭੁੱਖੇ ਨੂੰ ਰੋਟੀ ਤਾਂ ਦਿੰਦੇ ਨਹੀਂ, ਟਾਲ ਮਟੋਲੇ ਕਰਦੇ ਹੋ ਕਿ ਬਹਿ ਜਾਓ, ਦਾਲ ਬਣ ਜਾਏਗੀ, ਫੇਰ ਖਾ ਲਈਂ।"

ਕਹਿੰਦੇ ਫੇਰ ਮਹਾਰਾਜ! ਕਰਿਆ ਕੀ ਜਾਵੇ? ਮਹਾਰਾਜ ਜੀ ਕਹਿੰਦੇ ਕਿ ਜੋ ਹਾਜ਼ਰ ਹੋਵੇ ਓਹੀ ਦੇ ਦਿਓ, ਉਸੇ ਵੇਲੇ, ਜੋ ਕੁਝ ਵੀ ਹੈ ਖਾਣ ਨੂੰ ਤੇ ਗੁਰਸਿੱਖ ਜੇ ਆ ਕੇ ਕਹਿ ਦੇਵੇ, ਅਤਿਥੀ ਕਹਿ ਦੇਵੇ ਤਾਂ ਅਤਿਥੀ ਦੀ ਸੇਵਾ ਦਾ ਕਿੰਨਾ ਫਲ ਹੈ। ਉਸ ਵੇਲੇ ਮਹਾਰਾਜ ਜੀ ਨੇ ਏਸ ਤਰ੍ਹਾਂ ਫੁਰਮਾਨ ਕੀਤਾ -

ਧਾਰਨਾ - ਲੰਗਰ ਭੁੱਖੇ ਨੂੰ ਛਕਾਵੇ ਜਿਹੜਾ,
ਸਿੱਖ ਉਹ ਪਿਆਰਾ ਲੱਗਦਾ -2, 2.

ਨੰਦਲਾਲ ਭਾ ਹਮਰੋ ਦਾਤਾ।
ਭਗਤਿ ਭਾਉ ਸੰਤਨ ਮਨ ਰਾਤਾ।
ਪੰਨਾ - 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਕਹਿੰਦੇ ਪਿਆਰਿਓ! ਤੁਸੀਂ ਤਾਂ ਗੱਲਾਂ ਜੋਗੇ ਹੀ ਹੋ। ਆਹ ਨੰਦ ਲਾਲ ਮੇਰੇ ਮਨ ਨੂੰ ਭਾਅ ਗਿਆ -

ਛੁਧਿਤਿ ਨ ਦੇਖ ਸਕਹਿ ਚਿਰਭਾਰੋ।
ਦੇਗ ਕਰਤਿ ਸੋਈ ਮਮ ਪਯਾਰੋ॥
ਸਿਖ ਕੋ ਦੇਖਹਿ ਛੁਧਾ ਬਿਸਾਲਾ।
ਤਿਸਹਿ ਬਤਾਵਹਿ ਨਹਿੰ ਚਿਰਕਾਲਾ।
ਪੰਨਾ - 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਉਸ ਨੂੰ ਨਾ ਬਿਠਾਓ ਬਹੁਤਾ ਚਿਰ -

ਜਸੋਂ ਕਸੋਂ ਕਰਿ ਪੋਖਨ ਕੋ ਕਰੈ।
ਸੋ ਸਿਖ ਮੋਹਿ ਪ੍ਰਸੰਨਤਾ ਧਰੈ।
ਪੰਨਾ - 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਹੜਾ ਛਕਾ ਦੇਵੇ, ਬਹਾਨੇ-ਆਨੇ ਨਾ ਕਰੇ, ਕਹਿੰਦੇ ਮੈਂ ਉਸ ਤੋਂ ਪ੍ਰਸੰਨ ਹੁੰਦਾ ਹਾਂ -

ਅੰਨ ਦਾਨ ਸਮ ਨਾਂਹਿਨ ਅੰਨ।
ਪੰਨਾ - 5086, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਹੋਰ ਕੋਈ ਦਾਨ ਨਹੀਂ ਅੰਨ ਦਾਨ ਦੇ ਬਰਾਬਰ –

ਛੁਧਿਤ ਪਿਖਤਿ ਹੀ ਦੇ ਨਰ ਧੰਨ।

ਪੰਨਾ – 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਭੁੱਖੇ ਨੂੰ ਦੇਖਦੀ ਸਾਰ ਹੀ ਕਹੇ ਕਿ ਆਓ ਜੀ! ਪ੍ਰਸ਼ਾਦਾ ਛਕੋ; ਚਾਹੇ ਰਾਤ ਹੈ ਚਾਹੇ ਦਿਨ ਹੈ।

ਰਾੜੇ ਸਾਹਿਬ ਮਹਾਰਾਜ ਜੀ ਦੇ ਪਾਸ ਇਕ ਪ੍ਰੇਮੀ ਆ ਗਿਆ। ਬਾਰਾਂ ਵੱਜੇ ਨੇ ਰਾਤ ਦੇ, ਉਸ ਨੇ ਆਵਾਜ਼ ਦਿੱਤੀ ਕਿ ਮੈਨੂੰ ਭੁੱਖ ਲੱਗੀ ਹੋਈ ਹੈ, ਦੂਰ ਤੋਂ ਆਇਆ ਹਾਂ। ਉਨ੍ਹਾਂ ਦਿਨਾਂ ਵਿਚ ਸਵਾਰੀਆਂ ਨਹੀਂ ਸਨ ਹੁੰਦੀਆਂ। ਮਹਾਰਾਜ ਜੀ ਨੇ ਆਵਾਜ਼ ਸੁਣੀ, ਇਕ ਦਮ ਉਠ ਖੜ੍ਹੇ। ਕਹਿਣ ਲੱਗੇ ਕਿ ਪ੍ਰੇਮੀਆ! ਲੰਗਰ ਵਿਚ ਜਾਹ, ਲੰਗਰ ਖੁੱਲ੍ਹਾ ਹੈ ਕਿਉਂਕਿ ਗੁਰੂ ਨਾਨਕ ਦਾ ਲੰਗਰ ਹੈ, ਇਹ ਚੌਵੀ ਘੰਟੇ ਚਲਦਾ ਹੈ। ਇਸ ਦੇ ਵਿਚ ਇਉਂ ਨਹੀਂ ਹੁੰਦਾ ਕਿ ਬੰਦ ਹੋ ਗਿਆ, ਹੁਣ ਪੰਗਤ ਲੱਗ ਹਟੀ, ਫੇਰ ਆਇਓ।

ਵਾਪਸ ਆ ਗਿਆ ਕਹਿੰਦਾ, "ਲੰਗਰ ਦੇ ਤਾਂ ਜੀ ਦਰਵਾਜ਼ੇ ਬੰਦ ਨੇ।"

ਕਹਿੰਦੇ, "ਆਵਾਜ਼ ਦੇਹ।"

ਫੇਰ ਚਲਿਆ ਗਿਆ, ਆਵਾਜ਼ ਦਿੱਤੀ। ਅੰਦਰੋਂ ਕਹਿੰਦੇ ਕਿ ਥੋੜ੍ਹੀ ਦੇਰ ਠਹਿਰ ਜਾ। ਸਾਨੂੰ ਸੌਣ ਹੀ ਨਹੀਂ ਦੇਣਾ? ਬਾਰਾਂ ਵੱਜੇ ਨੇ ਹੁਣ, ਅਸੀਂ ਦੋ ਵਜੇ ਉਠਣਾ ਹੈ, ਲੰਗਰ ਤਿਆਰ ਹੋਏਗਾ ਫੇਰ ਛਕ ਲਈਂ। ਮਹਾਰਾਜ ਜੀ ਕੋਲ ਵਾਪਸ ਆ ਗਿਆ।

ਕਹਿੰਦਾ, "ਮਹਾਰਾਜ! ਭੁੱਖ ਮੈਨੂੰ ਬੜੀ ਲੱਗੀ ਹੋਈ ਸੀ, ਕੋਈ ਬਾਸੀ ਰੋਟੀ ਹੁੰਦੀ, ਕੋਈ ਦੋ ਦਿਨਾਂ ਦਾ ਬੇਹਾ ਪ੍ਰਸ਼ਾਦਾ ਹੁੰਦਾ ਤਾਂ ਮੈਂ ਭਿਉਂ ਕੇ ਖਾ ਲੈਂਦਾ।"

ਮਹਾਰਾਜ ਜੀ ਉਠ ਕੇ ਤੁਰ ਪਏ। ਦਰਵਾਜ਼ਾ ਓੜਕਿਆ ਹੁੰਦਾ ਸੀ, ਬੰਦ ਨਹੀਂ ਸੀ ਕਰਦੇ। ਸੋ ਉਥੇ ਜਾ ਕੇ ਆਟਾ ਗੁੰਨ੍ਹ ਲਿਆ, ਦਾਲ ਦੇਖੀ ਤਾਂ ਪਈ ਹੈ। ਉਨ੍ਹਾਂ ਨੇ ਵੀ ਸੁਣਿਆ ਕਿ ਆਹ ਖੜਕਾ ਹੋਣ ਲੱਗ ਗਿਆ, ਕੌਣ ਹੈ ਇਹ? ਚੁੱਲ੍ਹੇ 'ਚ ਅੱਗ ਜਲਾ ਲਈ। ਮਹਾਰਾਜ ਜੀ ਪ੍ਰਸ਼ਾਦਾ ਲਾਹੁਣ ਲੱਗ ਗਏ। ਸੇਵਾਦਾਰ ਆ ਗਏ, ਆ ਕੇ ਦੇਖਿਆ ਤਾਂ ਮਹਾਰਾਜ ਜੀ ਨੇ ਮੁਖ ਢਕਿਆ ਹੋਇਆ ਹੈ। ਉਨ੍ਹਾਂ ਨੇ ਪਛਾਣ ਲਿਆ ਕਿ ਇਹ ਤਾਂ ਮਹਾਰਾਜ ਜੀ ਨੇ। ਚਰਨਾਂ 'ਚ ਢਹਿ-ਢਹਿ ਪੈਂਦੇ ਨੇ, "ਪਾਤਿਸ਼ਾਹ! ਅਸੀਂ ਕਾਹਦੇ ਵਾਸਤੇ ਹਾਂ?"

ਕਹਿੰਦੇ, "ਪ੍ਰੇਮੀਓਂ! ਤੁਸੀਂ ਤਾਂ ਆਰਾਮ ਕਰਨਾ ਹੈ, ਤੁਹਾਨੂੰ ਆਰਾਮ ਦੀ ਲੋੜ ਹੈ, ਅਰਾਮ ਕਰੋ। ਕੋਈ ਨਾ, ਜੇ ਏਸ ਵੇਲੇ ਕੋਈ ਆਇਆ ਕਰੇਗਾ ਤਾਂ ਮੈਂ ਪ੍ਰਸ਼ਾਦਾ ਲਾਹਿਆ ਕਰਾਂਗਾ।" ਨੇਤਰਾਂ ਵਿਚ ਜਲ ਜਾਂਦਾ ਹੈ, ਮੁਆਫੀਆਂ ਮੰਗਦੇ ਨੇ।

ਮਹਾਰਾਜ ਜੀ ਕਹਿੰਦੇ, "ਤੁਹਾਨੂੰ ਪਤਾ ਹੈ ਦਸਮੇਸ਼ ਪਿਤਾ ਦਾ ਕੀ ਹੁਕਮ ਹੈ? ਜਦੋਂ ਭੁੱਖਾ ਆਵੇ ਉਸ ਨੂੰ ਉਸੇ ਵੇਲੇ ਕੁਝ ਖਾਣ ਨੂੰ ਦਿਓ, ਉਸ ਨੂੰ ਨਾ ਫੇਰ ਰੋਕੋ।"

ਉਸ ਦਿਨ ਤੋਂ ਹੁਕਮ ਹੋ ਗਿਆ ਕਿ ਲੰਗਰ ਮੇਰਾ ਨਹੀਂ, ਇਹ ਗੁਰੂ ਨਾਨਕ ਦਾ ਲੰਗਰ ਹੈ। ਜੇ ਚੌਵੀ ਘੰਟੇ ਚਲਾਉਣਾ ਹੈ ਤਾਂ ਰਹੋ, ਨਹੀਂ ਤਾਂ ਜਾਓ ਸਾਰੇ, ਅਸੀਂ ਆਪ ਚਲਾ ਲਿਆ ਕਰਾਂਗੇ। ਸੋ ਮਹਾਰਾਜ ਜੀ ਕਹਿੰਦੇ –

ਅੰਨ ਦਾਨ ਸਮ ਨਾਂਹਿਨ ਅੰਨ।
ਛੁਧਿਤ ਪਿਖਤਿ ਹੀ ਦੇ ਨਰ ਧੰਨ।

ਪੰਨਾ – 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਹੜਾ ਭੁੱਖੇ ਨੂੰ ਦੇਖ ਕੇ ਉਦੋਂ ਹੀ ਦੇ ਦੇਵੇ, ਕਹਿੰਦੇ ਉਹ ਨਰ ਧੰਨ ਹੈ।

ਅੰਨਦਾਨ ਨਹਿੰ ਸਮੌਂ ਬਿਚਾਰੈ।

ਪੰਨਾ – 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਅੰਨ ਦਾ ਦਾਨ ਕਰਨ ਵਾਸਤੇ ਸਮੇਂ ਦੀ ਵਿਚਾਰ ਨਹੀਂ ਹੁੰਦੀ –

ਰੈਨ ਕਿਧੌਂ ਦਿਨ ਸੰਝ ਸਕਾਰੈ॥

ਪੰਨਾ – 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਚਾਹੇ ਅੱਧੀ ਰਾਤ ਹੈ, ਚਾਹੇ ਦਿਨ ਹੈ, ਚਾਹੇ ਆਥਣ ਹੈ।

ਪੂੰਨਯੋ ਦਰਸ ਆਦਿ ਜੇ ਪਰਬ।

ਪੰਨਾ – 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਪੁੰਨਿਆ ਵਗੈਰਾ ਜਿੰਨੇ ਪੁਰਬ ਨੇ ਸਾਰੇ –

ਨਹਿੰਨ ਪ੍ਰਤੀਖਹਿ ਤਯਾਗਹਿ ਸਰਬ।

ਪੰਨਾ – 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਭ ਛੱਡ ਦੇਵੇ, ਭੁੱਖੇ ਨੂੰ ਪ੍ਰਸ਼ਾਦਾ ਛਕਾ ਦੇਵੇ –

ਪਾਤ੍ਰ ਅਪਾਤ੍ਰ ਨ ਹੇਰਤਿ ਕੋਇ।
ਊਚ ਨੀਚ ਕੈਸੋ ਨਰ ਹੋਇ॥

ਪੰਨਾ – 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਚਾਹੇ ਪਾਪ ਕਰਕੇ ਆਇਐ, ਦੇਖੇ ਨਾ, ਕਹੇ ਕਿ ਛਕ ਲੈ ਪ੍ਰੇਮੀਆਂ ਪ੍ਰਸ਼ਾਦਾ। ਪਾਤਰ-ਅਪਾਤਰ ਨਾ ਦੇਖੇ ਕਿ ਇਸ ਨੂੰ ਨਹੀਂ ਦੇਣਾ।

ਦੇਖਤਿ ਛੁਧਿਤਿ ਅੰਨ ਕੋ ਦੇਯ।
ਸਕਲ ਦਾਨ ਤੇ ਫਲ ਅਧਿਕੇਯ।

ਪੰਨਾ – 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਾਰੇ ਦਾਨਾਂ ਤੋਂ ਫਲ ਅਧਿਕ (ਵੱਧ) ਹੈ।

ਮਮ ਸਿਖ ਪਿਆਰੋ ਦੇਗ ਜੁ ਕਰੈ।
ਛੁਧਤਿ ਨਰਨ ਕੀ ਛੁਧਾ ਸੁ ਹਰੈ॥

ਪੰਨਾ – 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਹੜਾ ਲੰਗਰ ਚਲਾਉਂਦਾ, ਭੁੱਖਿਆਂ ਦੀ ਖ਼ੁਧਾ (ਭੁੱਖ) ਨੂੰ ਦੂਰ ਕਰਦਾ ਹੈ।

ਸਭਿ ਦਾਨਨ ਤੇ ਉੱਤਮ ਦਾਨ।
ਜਿਸ ਕੇ ਦਿਏ ਬਚਤਿ ਹੈਂ ਪ੍ਰਾਨ।
ਯਾਤੇ ਇਸ ਸਮਾਨ ਨਹਿੰ ਆਨ।
ਲੇਹੁ ਮਹਾਂ ਫਲ ਸਿੱਖ ਸੁਜਾਨ॥

ਪੰਨਾ – 5086 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਭ ਤੋਂ ਵੱਡਾ ਫਲ ਲੰਗਰ ਦਾ ਹੈ। ਸੋ ਮਹਾਰਾਜ ਜੀ ਨੇ ਸਮਝਾਉਣਾ ਕੀਤਾ। ਉਸ ਵੇਲੇ ਬੜਾ ਭਾਰੀ ਯੁੱਧ ਹੋ ਗਿਆ। ਬੜੇ ਗੁਰਸਿੱਖਾਂ ਨੇ ਸ਼ਹੀਦੀਆਂ ਪਾਈਆਂ। ਭਾਈ ਬੱਚਿਤਰ ਸਿੰਘ ਨੇ ਮਸਤ ਹਾਥੀ ਦਾ ਤਵੀਆਂ ਦੇ ਵਿਚੀਂ ਸੀਸ ਵਿੰਨ੍ਹ ਦਿੱਤਾ। ਗੁਰੂ ਮਹਾਰਾਜ ਜੀ ਦੇ ਅਸ਼ੀਰਵਾਦ ਨਾਲ ਨੰਦ ਲਾਲ ਜੀ ਦੇਖ ਰਹੇ ਨੇ, ਮਨ ਵਿਚ ਬੜਾ ਚਾਓ ਉਠਿਆ ਤੇ ਯੁੱਧ ਜਿੱਤਣ ਤੋਂ ਬਾਅਦ ਗੁਰੂ ਮਹਾਰਾਜ ਜੀ ਸਤਲੁਜ ਦੇ ਕੰਢੇ ਬੈਠੇ ਬ੍ਰਹਮਗਿਆਨ ਦੀ ਵਿਚਾਰ ਕਰ ਰਹੇ ਨੇ, ਯੋਗ ਦੀ ਵਿਚਾਰ ਹੋ ਰਹੀ ਹੈ, ਸੁਆਸ-ਸੁਆਸ ਨਾਮ ਦੀ, ਅਜਪਾ-ਜਾਪ ਦੀ, ਰੋਮ-ਰੋਮ ਨਾਮ ਦੀ। ਹੋਰ ਅਨੇਕਾਂ ਵਿਚਾਰਾਂ ਚਲ ਰਹੀਆਂ ਨੇ। ਉਸ ਵੇਲੇ ਨੰਦ ਲਾਲ ਜੀ ਤੁਲੇ ਤੇ ਬੈਠ ਕੇ ਆ ਗਏ, ਮਹਾਰਾਜ ਜੀ ਦੇ ਚਰਨਾਂ ਵਿਚ ਨਮਸਕਾਰ ਕਰਕੇ ਇਕ ਗੱਠੜੀ ਖੋਲ੍ਹ ਲਈ ਤੇ ਉਸ ਦੇ ਵਿਚੋਂ ਕਿਰਪਾਨ ਕੱਢ ਲਈ ਤੇ ਉਸ ਵੇਲੇ ਮਹਾਰਾਜ ਜੀ ਨੂੰ ਬੇਨਤੀ ਕਰਨ ਲੱਗੇ ਇਸ ਤਰ੍ਹਾਂ ਦੇ ਨਾਲ –

ਧਾਰਨਾ – ਮਿਲੇ ਸ਼ਹਾਦਤ ਸ਼ਰਬਤ ਜੇ ਕਰ,
ਖੇਲ੍ਹ ਆਪ ਤੋਂ ਜਾਵਾਂ ਮੈਂ -2, 2.
ਮਿਲੇ ਸ਼ਹਾਦਤ ਸ਼ਰਬਤ ਜੇਕਰ, ... -2.

ਪਾਤਿਸ਼ਾਹ! ਕਿੰਨੇ ਗੁਰਸਿੱਖ ਸ਼ਹੀਦ ਹੋ ਰਹੇ ਨੇ ਤੇ ਤੇਰੀ ਕਿੰਨੀ ਪ੍ਰਸੰਨਤਾ ਹੋ ਰਹੀ ਹੈ। ਮੇਰੇ ਚਿੱਤ ਵਿਚ ਵੀ ਆ ਗਿਆ ਕਿ ਮੈਂ ਵੀ ਸ਼ਹੀਦ ਹੋ ਜਾਵਾਂ। ਪਿਲਾ ਦੇ ਮੈਨੂੰ ਸ਼ਰਬਤ ਸ਼ਹਾਦਤ ਦਾ।

ਚਾਅ ਆਇਆ ਅੱਜ ਮੇਰੇ ਅੰਦਰ,
ਮੈਂ ਵੀ ਬਣਾ ਸਿਪਾਹੀ।
ਪਿਆਰੇ ਦੇ ਦਰ ਪਹਿਰਾ ਦੇਵਾਂ,
ਰਣ ਤੱਤੇ ਰਣ ਜਾਹੀ।
ਮਾਰਾਂ ਤੇਗਾਂ ਮੁਕਾਵਾਂ ਜਾਲਮ,
ਹੋਲੀ ਖੇਡ ਖਿਡਾਵਾਂ।
ਮਿਲੇ ਸ਼ਹਾਦਤ ਸ਼ਰਬਤ ਜੇਕਰ,
ਖੇਲ੍ਹ ਆਪ ਤੋਂ ਜਾਵਾਂ।
ਆਪਣੇ ਤਾਰਨਹਾਰ ਹੱਥੀ ਗਾਤਰਾ ਮੈਂ ਪਹਿਨਾਓ,
ਸ੍ਰੀ ਸਾਹਿਬ ਦੇਕਰ ਕਮਲੀ ਫਿਰ ਗਾਤਰੇ ਵਿਚ ਸਜਾਓ।

ਕਹਿੰਦੇ, "ਆਹ ਗਾਤਰਾ, ਸ੍ਰੀ ਸਾਹਿਬ, ਪਾਤਸ਼ਾਹ! ਮੇਰੇ ਗਲ ਵਿਚ ਆਪਣੇ ਪਵਿੱਤਰ ਦਸਤ-ਕਮਲਾਂ ਨਾਲ ਪਾ ਦਿਓ।"

ਮੈਂ ਬਡਭਾਗੀ ਹੋਇਕੇ ਸੇਵਾ, ਜਿਕਰ ਤੈਨੂੰ ਭਾਵੇ,
ਤੇਰੇ ਦਰ ਤਨ ਸਫਲਾ ਹੋਵੇ ਆਪਾ ਮਾਰ ਮਿਟਾਵਾਂ।

ਇਸ ਤਨ ਨੂੰ ਮੈਂ ਤੇਰੇ ਦਰ ਤੇ ਸਫਲਾ ਕਰਾਂ। ਮਹਾਰਾਜ ਜੀ ਮੁਸਕਰਾ ਪਏ ਤੇ ਗਾਤਰਾ ਤੇ ਸ੍ਰੀ ਸਾਹਿਬ ਫੜ ਕੇ ਆਪਣੇ ਗਲ ਵਿਚ ਪਾ ਲਈ ਮਹਾਰਾਜ ਜੀ ਨੇ। ਕਹਿਣ ਲੱਗੇ ਕਿ ਨੰਦ ਲਾਲ! ਤੈਨੂੰ ਤੇ ਘਨ੍ਹਈਏ ਨੂੰ ਤੇਗ ਦੀ ਲੋੜ ਨਹੀਂ ਹੈ। ਏਸ ਤਰ੍ਹਾਂ ਫੁਰਮਾਨ ਕਰਦੇ ਨੇ –

ਧਾਰਨਾ – ਤੈਨੂੰ ਤੇਗ ਦੀ ਲੋੜ ਨਾ ਕੋਈ,
ਕਲਮ ਚਲਾਓ ਪਿਆਰ ਦੀ -2, 2.
ਮੇਰੇ ਪਿਆਰੇ, ਕਲਮ ਚਲਾਓ ਪਿਆਰ ਦੀ -2, 2.
ਤੈਨੂੰ ਤੇਗ ਦੀ ਲੋੜ ਨਾ ਕੋਈ,...... 2.

ਤੇਗ ਫੜ ਲਈ –

ਸ੍ਰੀ ਸਾਹਿਬ ਲਾ ਲਈ ਆਪ ਨੂੰ, ਕਲਮਦਾਨ ਮੰਗਵਾਇਆ,

ਕਹਿੰਦੇ ਕਲਮਦਾਨ ਲਿਆਓ –

ਕਲਮ ਕੱਢ ਕੇ ਅੱਗੇ ਕੀਤੀ,
ਮੁਖ ਤੋਂ ਇਹ ਫੁਰਮਾਇਆ।
ਨੰਦ ਲਾਲ ਜੀ ਲਓ ਤੇਗ ਇਹ,
ਏਸ ਨੂੰ ਹੱਥ ਸਜਾਓ।
ਸੂਰੇ ਦੀ ਤਲਵਾਰ ਵਾਂਗ
ਇਹ ਚੱਲੇ ਸਦਾ ਚਲਾਓ।
ਇਹ ਤਲਵਾਰ ਤੁਸਾਂ ਹਥ ਦਿਤੀ, ਤੁਸੀਂ ਏਸ ਦੇ ਸੂਰੇ
ਕੰਮ ਪੰਥ ਦੇ ਕਰਨੇ ਪਿਆਰੇ,
ਕਾਰਜ ਸਗਲੇ ਪੂਰੇ।
ਤੇਗ ਵਾਲਿਆਂ ਤੇਗ ਵਾਹੁਣੀ,
ਤੁਸਾਂ ਕਲਮ ਹੈ ਵਾਹੁਣੀ।
ਹੁਕਮ ਤੁਹਾਨੂੰ ਇਹੋ ਭਾਈ
ਇਹ ਤੂੰ ਕਾਰ ਕਮਾਉਣੀ।
ਕਲਮ ਟੁਰੇ ਦਿਲ ਲਗਾਵੇ,
ਦਿਲ ਉਤਸ਼ਾਹ ਭਰਾਵੇ।
ਪ੍ਰੇਮ ਸਦਕੜੇ ਹੋਣਾ ਦਸੇ,
ਤੇਗਾਂ ਹੱਥ ਫੜਾਵੈ।
ਜੰਗ ਹਟਾਵੇ ਘਾਓ ਲਗਾਵੇ
ਨੁਸਰਤ ਫਤਿਹ ਦਿਵਾਵੇ।

ਨੰਦ ਲਾਲ! ਤੇਰੀ ਚਲਾਈ ਹੋਈ ਕਲਮ ਦਿਲਾਂ ਨੂੰ ਜੋੜੇਗੀ, ਪਿਆਰ ਦੱਸੇਗੀ, ਟੁੱਟਿਆਂ ਨੂੰ ਲਿਆਏਗੀ, ਸਦੀਆਂ ਤੱਕ ਇਹ ਚਲਦੀ ਰਹੇਗੀ। ਸੋ ਏਸ ਤਰ੍ਹਾਂ ਗੁਰੂ ਦੇ ਪਿਆਰ ਦੇ ਅੰਦਰ ਨੰਦ ਲਾਲ ਜੀ ਨੇ ਆਪਣਾ-ਆਪਾ ਵਾਰ ਦਿੱਤਾ।

ਨੇਕੀ ਧਰਮ ਨਾਮ ਦਾ ਸਿਮਰਨ
ਸ਼ੁਭ ਆਚਰਨ ਸਿਖਾਵੇ।
ਮਾਰੇ ਬਦੀ ਬੁਰਿਆਈ ਵਢੇ,
ਗਿਚੀ ਪਾਪ ਕਟਾਵੇ।
ਤੇਗ ਨਾਲ ਸਮਸ਼ੇਰ ਕਲਮ ਦੀ
ਮੈਂ ਸਿਖਾਂ ਨੂੰ ਬਖਸ਼ੀ।
ਜੇ ਵਾਹੀ ਤਾਂ ਕੌਮ ਪੰਥ ਦੇ
ਇਕ ਦੁਨੀਆ ਉਠ ਤਕਸੀ।

ਜਿਸ ਨੇ ਵਾਹ ਦਿਤੀ ਉਸੇ ਵੇਲੇ ਸੰਸਾਰ ਤੋਂ ਤਰ ਜਾਏਗਾ। ਸੋ ਏਸ ਤਰ੍ਹਾਂ ਦੇ ਨਾਲ ਆਪ ਨੇ ਸੇਵਾ ਬੇਅੰਤ ਕਮਾਈ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਮੈਂ ਸਮਾਪਤ ਕਰਦਾ ਹਾਂ। ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ ਤੇ ਮਗਰੋਂ ਗੁਰ ਸਤੋਤਰ ਵਿਚ ਬੋਲੋ। ਜਿਹੜੇ ਅਜੇ ਤੱਕ ਬੋਲ ਨਹੀਂ ਸਕੇ, ਉਹ ਵੀ ਕਿਰਪਾ ਕਰਨ ਤਾਂ ਕਿ ਕ੍ਰੋੜਾਂ ਜੱਗਾਂ ਦਾ ਫਲ ਪ੍ਰਾਪਤ ਹੋ ਜਾਵੇ।

-ਅਨੰਦ ਸਾਹਿਬ-

-ਗੁਰ ਸਤੋਤਰ-

-ਅਰਦਾਸ-

L L L L L L L

(ਪੰਨਾ 19 ਦੀ ਬਾਕੀ)

ਤੇਰੇ ਕੋਲ ਨਹੀਂ ਆਏ, ਉਹ ਦੂਰ ਚਲੇ ਜਾਂਦੇ ਹਨ ਸਾਡਾ ਤਾਂ ਤੂੰ ਹੀ ਹੈਂ, ਤੂੰ ਹੀ ਹੈਂ। ਸਾਨੂੰ ਨਹੀਂ ਖੈਰ ਪਾਉਣੀ ਨਾ ਸਹੀ, ਪਰ ਇਹ ਦਰ ਕਦੇ ਨਾ ਛਡਾਈਂ, ਬੱਸ ਹੋਰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਯਕੀਨਨ ਹੀ ਮਹਾਰਾਜ ਹਮੇਸ਼ਾ ਲਈ ਜ਼ਰੂਰ ਆਪਣੇ ਬੱਚਿਆਂ ਨੂੰ ਗਲ ਨਾਲ ਲਾਉਣਗੇ ਤੇ ਆਪਣੇ ਘਰ ਵਿਚ ਵਾਸਾ ਦੇਣਗੇ ਪਰ ਇਸ ਲਈ ਸਿੱਖ ਦੀ ਸਦਾ ਇਹੋ ਬੇਨਤੀ, ਇਹੋ ਅਵਾਜ਼ ਹੋਵੇ –

ਸਗਲ ਦੁਆਰ ਕਉ ਛਾਡਿ ਕੈ, ਗਹਿਓ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥

ਧਰਤੀ ਦੀ ਪੁਕਾਰ

ਮੈਨੂੰ ਉਹ ਦਿਨ ਭਲੇ ਸੀ ਜਦ ਤੂੰ ਹੀ ਤੂੰ ਸੀ।
ਮੈਂ ਨਹੀਂ ਸੀ ਤੇ ਤੂੰ ਹੀ ਸੀ, ਬਸ ਤੂੰ ਹੀ ਤੂੰ ਸੀ।
ਤੇਰੇ ਚਿੱਤ ਵਿਚ ਆਇਆ, ਪਲ ਛਿਨ ਖੇਲ ਰਚਾਇਆ।
ਸੰਸਾਰ ਬਣਾਇਆ, ਲੋਕਾਂ ਝੁਰਮਟ ਪਾਇਆ, ਤੂੰ ਹੀ ਤੂੰ।

1. ਪਹਿਲੇ ਸਤਿਜੁਗ ਆਇਆ, ਸੱਚ ਪਹਿਰਾ ਲਾਇਆ।
ਲੋਕਾਂ ਸੁਖ ਮਨਾਇਆ, ਬਲ ਬਾਵਨ ਘਰ ਆਇਆ।
ਤੂੰ ਹੀ ਤੂੰ।
2. ਮਗਰੋਂ ਤ੍ਰੇਤਾ ਜੁਗ ਆਇਆ, ਜੋਰ ਅਗੇ ਰਖਵਾਇਆ।
ਰਾਮ ਰਘੁਵੰਸ਼ ਕਹਾਇਆ, ਭੀਲਣੀ ਨੂੰ ਤਰਾਇਆ।
ਤੂੰ ਹੀ ਤੂੰ।
3. ਫਿਰ ਦੁਆਪਰ ਜੁਗ ਆਇਆ, ਤਪ ਧਰਮ ਮਨਾਇਆ।
ਚੱਕ ਬਾਂਸੁਰੀ ਕ੍ਰਿਸ਼ਨ ਜੀ ਨੇ ਗੀਤਾ ਗੀਤ ਗਾਇਆ।
ਤੂੰ ਹੀ ਤੂੰ।
4. ਹੁਣ ਕਲਜੁਗ ਆਇਆ, ਝੂਠ ਕੁਫਰ ਮਚਾਇਆ।
ਤੂੰ ਗੁਰੂ ਨਾਨਕ ਬਣ ਆਇਆ ਤੂੰ ਹੀ ਤੂੰ।
ਦਸ ਸਰੀਰ ਜੋ ਧਾਰੇ, ਦਿਤੇ ਅੰਗਦ, ਅਮਰ, ਪਿਆਰੇ
ਸ੍ਰੀ ਰਾਮ ਦਾਸ, ਅਰਜਨ ਗੁਰੂ, ਛੇਵੇਂ ਹਰਿਗੋਬਿੰਦ ਗੁਰ ਭਾਰੇ।
ਸਤਵੇਂ ਗੁਰੂ ਹਰਿਰਾਇ, ਸ੍ਰੀ ਹਰਿਕ੍ਰਿਸ਼ਨ ਧਿਆਏ ਡਿਠਿਆਂ ਦੁਖ ਜਾਏ।
ਨੌਂਵੇਂ ਸ੍ਰੀ ਤੇਗ ਬਹਾਦਰ ਬਣੇ ਹਿੰਦ ਦੀ ਚਾਦਰ।
ਦਸਵੇਂ ਗੁਰੂ ਗੋਬਿੰਦ ਸਿੰਘ ਆਏ, ਖਾਲਸੇ ਆਪ ਸੀ ਸਜਾਏ।
ਦੇ ਕੇ ਗੁਰੂ ਗ੍ਰੰਥ ਜੀ, ਮੁਗਧ ਨਿਸਤਾਰੇ।
ਹੁਣ ਵਰਤ ਰਿਹਾ ਕਹਿਰ, ਲੋਕੀ ਭੁੱਲੇ ਚਾਰੇ ਪਹਿਰ।
ਜਾਣ ਰੱਬ ਨਾਲੋਂ ਟੁੱਟੇ, ਪੰਜੇ ਚੋਰਾਂ ਆਣ ਲੁੱਟੇ।
ਕੀਤੇ ਬਿਧ ਨਾ ਜੀ ਛੁਟੇ, ਹੋ ਗਏ ਅਕ੍ਰਿਤਘਨਾਰੇ।
ਤੁਹਾਡੇ ਸਾਧੂ ਜਨ ਆਏ, ਬੜੇ ਭੁੱਲੇ ਬਖਸ਼ਾਏ।
ਟੁੱਟੀਆਂ ਰੂਹਾਂ ਤੇ ਜੋ ਕੀਤੇ, ਸਦਾ ਪਰਉਪਕਾਰੇ।
ਬਹੁਤਾ ਹੋ ਗਿਆ ਹੈ ਭਾਰ, ਮੇਰਾ ਕਰੋ ਜੀ ਉਧਾਰ।
ਮੇਰਾ ਹਰ ਦਿਉ ਭਾਰ, ਮੇਰੀ ਇਹੋ ਜੀ ਪੁਕਾਰ।
ਮੈਂ ਤੇ ਲੱਖਾਂ ਨੇ ਜੀ ਕਸ਼ਟ ਸਹਾਰੇ।

LLLLLL

(ਪੰਨਾ 23 ਦੀ ਬਾਕੀ)

ਉਹ ਇਥੇ ਹੀ ਘੁੰਮਦਾ ਰਹਿੰਦਾ ਹੈ, ਤੈਨੂੰ ਕਿਤੇ ਨਾ ਕਿਤੇ ਦਰਸ਼ਨ ਹੋ ਹੀ ਜਾਣਗੇ। ਜੇ ਨਾ ਹੋਏ ਤਾਂ ਜਦੋਂ ਸਾਲਾਨਾ ਖੇਲ੍ਹਾਂ ਵਗੈਰਾ ਹੁੰਦੀਆਂ ਹਨ, ਉਹ ਉਸ ਦੇ ਵਿਚ ਹੀ ਬੈਠਦਾ ਹੈ। ਤੂੰ ਮੈਨੂੰ ਮਿਲ ਲਈਂ, ਮੈਂ ਤੈਨੂੰ ਨੇੜੇ ਹੋ ਕੇ ਮਿਲਾ ਦੇਵਾਂਗਾ। ਉਥੇ ਦੇ ਸਰਕਾਰੀ ਬੰਦੇ ਮੈਨੂੰ ਚੰਗੀ ਤਰ੍ਹਾਂ ਜਾਣਦੇ ਹਨ। ਇਹ ਗੱਲ ਕਰਦੇ ਸਾਡੇ ਮਨ ਵਿਚ ਵੀ ਆਇਆ ਕਿ ਇਹ ਸਰਦਾਰ ਕੌਣ ਹੋ ਸਕਦਾ ਹੈ? ਹੁਣ ਤਾਂ ਪੂਰਾ ਪਤਾ ਕਰਕੇ ਹੀ ਰਹਾਂਗੇ। ਅਸਾਡੀ ਗਾਰਦ ਪਿਛੇ ਪਿਛੇ ਚਲ ਰਹੀ ਸੀ। ਐਨੇ ਵਿਚ ਉਸ ਬੁੱਢੇ ਦਾ ਘਰ ਆ ਗਿਆ ਅਤੇ ਉਸ ਨੇ ਉਹ ਭਾਰੀ ਪੰਡ ਉਸ ਘਰ ਦੇ ਕੋਨੇ ਵਿਚ ਲੁਹਾ ਦਿਤੀ। ਅਸੀਂ ਵੀ ਦਰਵਾਜ਼ੇ ਅੱਗੇ ਖੜ੍ਹੇ ਦੇਖ ਰਹੇ ਸੀ। ਅਚਾਨਕ ਉਸ ਸਰਦਾਰ ਦੇ ਚਿਹਰੇ ਦਾ ਕਪੜਾ ਉਤਰ ਗਿਆ ਅਤੇ ਚਿਹਰਾ ਨੰਗਾ ਹੋ ਗਿਆ। ਅਸੀਂ ਤਾਂ ਦੇਖ ਕੇ ਸੁੰਨ ਹੋ ਗਏ ਕਿ ਇਹ ਤਾਂ ਮਹਾਰਾਜਾ ਰਣਜੀਤ ਸਿੰਘ ਹੀ ਆਪ ਆਪਣੇ ਸਿਰ ਤੇ ਐਡੀ ਭਾਰੀ ਪੰਡ ਚੁੱਕ ਕੇ ਲਿਆਏ ਹਨ। ਅਸੀਂ ਇਕ ਦਮ ਗਾਰਦ ਨੇ ਸਲਾਮੀ ਦਿਤੀ ਅਤੇ ਉਸ ਬਿਰਧ ਨੇ ਵੀ ਦੇਖਿਆ, ਪੁਛਿਆ ਕਿ ਇਹ ਸਰਦਾਰ ਕੌਣ ਹੈ? ਅਸੀਂ ਜਦੋਂ ਦੱਸਿਆ ਤਾਂ ਉਹ ਬਿਰਧ ਧਾਹਾਂ ਮਾਰਦਾ ਮਹਾਰਾਜਾ ਰਣਜੀਤ ਸਿੰਘ ਦੇ ਚਰਨਾਂ ਤੇ ਢਹਿ ਪਿਆ ਅਤੇ ਕਹਿਣ ਲੱਗਿਆ ਕਿ ਮੇਰੇ ਗਰੀਬ ਵਾਸਤੇ ਆਪ ਨੇ ਕਿੰਨੀ ਖੇਚਲ ਸਹੀ। ਇਹ ਗੱਲ ਕਰਦੇ ਕਰਦੇ ਉਹ ਏ.ਐਸ.ਆਈ. ਭਾਵੁਕ ਹੋ ਗਿਆ। ਉਸ ਦੇ ਅੱਖਾਂ 'ਚੋਂ ਦੋ ਹੰਝੂ ਗਿਰੇ, ਅਸਾਡੇ ਤੇ ਵੀ ਬਹੁਤ ਅਸਰ ਹੋਇਆ, ਅਸਾਡੀਆਂ ਅੱਖਾਂ ਵਿਚ ਵੀ ਪਿਆਰ ਦੇ ਹੰਝੂ ਵਹਿ ਤੁਰੇ।

ਉਸ ਨੇ ਦੱਸਿਆ ਕਿ ਅਸਾਡਾ ਬਜ਼ੁਰਗ ਤਰੱਕੀ ਕਰਦਾ ਤੋਪਖਾਨੇ ਵਿਚ ਭਰਤੀ ਹੋ ਗਿਆ। ਉਸ ਨੇ ਦੱਸਿਆ ਕਿ ਸਿੰਘਾਂ ਦੇ ਯੁੱਧ ਵਿਚ ਸਾਡਾ ਬਜ਼ੁਰਗ ਯੁੱਧ ਵਿਚ ਪੂਰੀ ਦਲੇਰੀ ਨਾਲ ਲੜਦਾ ਰਿਹਾ। ਉਸ ਦੀ ਡਾਇਰੀ ਦੇਖਣ ਦਾ ਤਰੱਦਦ ਤਾਂ ਅਸੀਂ ਨਹੀਂ ਕੀਤਾ ਪਰ ਮਨ ਵਿਚ ਗਹਿਰੇ ਭਾਵ ਪ੍ਰਗਟ ਹੋਏ ਕਿ ਉਹ ਕਿੰਨਾ ਚੰਗਾ ਸੀ, ਪਰਜਾ ਦਾ ਕਿੰਨਾ ਮਿਤਰ ਸੀ।

ਇਸ ਸਾਲ ਉਸ ਦੀ ਯਾਦ ਵਿਚ ਸਮਾਗਮ ਹੋ ਰਹੇ ਹਨ। ਉਨ੍ਹਾਂ ਦੀ ਯਾਦ ਦੁਹਰਾਈ ਜਾਵੇਗੀ। ਪ੍ਰਮੇਸ਼ਰ ਨੇ ਉਸਨੂੰ ਇਕ ਅੱਖ ਹੀ ਦਿਤੀ ਸੀ, ਉਸ ਅੱਖ ਨਾਲ ਸਭ ਧਰਮਾਂ ਦੇ ਬੰਦਿਆਂ ਨੂੰ ਇਕੋ ਜਿਹਾ ਦੇਖਦਾ ਸੀ, ਕੋਈ ਦ੍ਵੈਤ ਉਸ ਦੇ ਮਨ ਵਿਚ ਨਹੀਂ ਸੀ, ਸਾਰੇ ਧਰਮਾਂ ਦਾ ਸਤਿਕਾਰ ਸੀ। ਉਸ ਨੇ ਆਪਣੇ ਜੀਵਨ ਕਾਲ ਵਿਚ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਦਿਤੀ, ਆਪਣੇ ਦੁਸ਼ਮਣਾਂ ਨੂੰ ਵੀ ਪਿਆਰ ਨਾਲ ਵੱਸ ਕਰ ਲਿਆ ਕਰਦਾ ਸੀ। ਸਤਿਗੁਰੂ ਮਿਹਰ ਕਰਨ, ਪੰਜਾਬ ਵਿਚ, ਸਗੋਂ ਸਾਰੇ ਭਾਰਤ ਵਿਚ ਐਸਾ ਰਾਜ ਹੀ ਸਥਾਪਤ ਹੋਵੇ।

LLLLLL

(ਪੰਨਾ 40 ਦੀ ਬਾਕੀ)

ਨਾਲ ਮਿਲ ਕੇ ਦੁਖ ਸੁਖ ਸਾਂਝੇ ਕੀਤੇ ਤੇ ਦੀਵਾਨ ਦੀ ਕਾਰਵਾਈ ਅਰੰਭ ਹੋ ਗਈ ਅਤੇ ਆਪ ਜੀ ਵਲੋਂ ਪਿਆਰੇ ਭਾਈ ਦਇਆ ਸਿੰਘ ਪਬਲਿਕ ਸਕੂਲ ਦਾ ਨੀਂਹ ਪੱਥਰ ਰੱਖਿਆ ਗਿਆ। ਸਭ ਦੀ ਇੱਛਾ ਸੀ ਕਿ ਇਸ ਸ਼ੁਭ ਮੌਕੇ ਤੇ ਆਪ ਜੀ ਆਪਣੇ ਅਮੋਲਕ ਬਚਨ ਸੰਗਤਾਂ ਦੀ ਝੋਲੀ ਪਾਉਣ।

ਸੋ ਆਪ ਜੀ ਨੇ ਕ੍ਰਿਪਾ ਕੀਤੀ ਤੇ ਆਪਣੇ ਬਚਨਾਂ ਵਿਚ ਦੱਸਿਆ ਕਿ ਗੁਰੂ ਸਾਹਿਬ ਨੇ ਸਿੱਖ ਨੂੰ ਭਗਤ ਸੂਰਮਾ ਅਤੇ ਦਾਨੀ ਬਣਾਇਆ ਹੈ। ਹਰ ਸਿੱਖ ਆਪਣੇ ਗੁਰੂ ਅੱਗੇ 'ਦੇਗ ਤੇਗ ਜਗ ਮਹਿ ਦੋਊ ਚਲੈ' ਦੀ ਅਰਦਾਸ ਕਰਦਾ ਹੈ। ਦੇਗ ਤੋਂ ਭਾਵ ਹੈ ਖੁਸ਼ਹਾਲੀ, ਜਿਸ ਨੂੰ ਅੰਗਰੇਜ਼ੀ ਵਿਚ Prosperity ਕਹਿੰਦੇ ਹਾਂ, ਦੂਸਰਾ ਤੇਗ ਦਾ ਮਤਲਬ ਹੈ ਕਿ ਸਾਡੇ ਅੰਦਰ ਵਸਦੇ ਵਿਕਾਰਾਂ ਵਿਰੁੱਧ ਗੁਰੂ ਦੇ ਸ਼ਬਦ ਰੂਪੀ ਤਲਵਾਰ ਨਾਲ ਜੰਗ ਕਰਕੇ ਇਨ੍ਹਾਂ ਨੂੰ ਅੰਦਰੋਂ ਖਤਮ ਕਰਨਾ। ਸੋ ਗੁਰੂ ਸਾਹਿਬ ਵਲੋਂ ਸਿੱਖ ਨੂੰ ਹਦਾਇਤ ਹੈ ਕਿ ਉਹ ਦਸਾਂ ਨੌਹਾਂ ਦੀ ਕਿਰਤ ਕਮਾਈ ਕਰਕੇ ਜਿਥੇ ਆਪਣੇ ਪਰਿਵਾਰ ਨੂੰ ਪਾਲਦਾ ਹੈ ਉਥੇ ਆਪਣੀ ਕਮਾਈ ਵਿਚੋਂ ਗਰੀਬਾਂ, ਅਨਾਥਾਂ ਅਤੇ ਲੋੜਵੰਦਾਂ ਲਈ ਵੀ ਕੁਝ ਕਰ ਸਕੇ। ਸੋ ਸਮੇਂ ਦੀ ਲੋੜ ਮੁਤਾਬਿਕ ਖੁਸ਼ਹਾਲੀ ਲਈ ਆਪਣੇ ਬੱਚਿਆਂ ਨੂੰ ਕੰਪਿਊਟਰ ਦੀ ਤਕਨੀਕੀ ਸਿਖਿਆ ਦਿਵਾਉਣੀ ਸਮੇਂ ਦੀ ਲੋੜ ਬਣ ਗਈ ਹੈ ਤੇ ਗੁਰੂ ਸਾਹਿਬ ਨੇ ਸਾਨੂੰ ਆਦਰਸ਼ ਗ੍ਰਹਿਸਤੀ ਬਣਨ ਦਾ ਉਪਦੇਸ਼ ਦਿਤਾ ਹੈ। ਘਰ ਪਰਿਵਾਰ ਵਿਚ ਰਹਿੰਦੇ, ਫਰਜ਼ਾਂ ਦੀ ਪੂਰਤੀ ਕਰਦੇ ਹੋਏ, ਨਿਰਲੇਪ ਰਹਿਣਾ ਗੁਰੂ ਦਾ ਉਪਦੇਸ਼ ਹੈ। ਇਸ ਤਰ੍ਹਾਂ ਆਪ ਜੀ ਨੇ ਤਕਰੀਬਨ ਇਕ ਘੰਟਾ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਭਾਈ ਗੁਰਪਾਲ ਸਿੰਘ ਵਲੋਂ ਆਪ ਜੀ ਦਾ ਅਤੇ ਸਾਰੀ ਸੰਗਤ ਦਾ ਧੰਨਵਾਦ ਕੀਤਾ ਗਿਆ ਅਤੇ ਓਥੋਂ ਨਿੱਘੀ ਵਿਦਾਇਗੀ ਲੈ ਕੇ ਅਸੀਂ ਬਿਲਾਸਪੁਰ ਵਿਖੇ ਭਾਈ ਸਾਧੂ ਸਿੰਘ ਜੀ ਧਮੋਟ ਵਾਲਿਆਂ ਦੇ ਘਰ ਪਹੁੰਚੇ। ਸਾਰਾ ਪਰਿਵਾਰ ਮਹਾਂਪੁਰਖਾਂ ਦੀ ਉਡੀਕ ਵਿਚ ਸੀ। ਸੋ ਸਾਰੇ ਹੀ ਆਪ ਜੀ ਦੇ ਦਰਸ਼ਨ ਕਰਕੇ ਪ੍ਰਸੰਨ ਚਿੱਤ ਹੋਏ। ਤਕਰੀਬਨ ਅੱਧਾ ਘੰਟਾ ਓਥੇ ਠਹਿਰਨ ਉਪਰੰਤ ਅਸੀਂ ਆਪਣੀਆਂ ਗੱਡੀਆਂ ਦੀਆਂ ਮੁਹਾਰਾਂ ਦਿੱਲੀ ਵਲ ਨੂੰ ਮੋੜ ਲਈਆਂ। ਕਾਫੀ ਅੱਗੇ ਤਕ ਭਾਈ ਗੁਰਦੀਪ ਸਿੰਘ ਜੀ ਤੇ ਹੋਰ ਸੰਗਤਾਂ ਮਹਾਂਪੁਰਸ਼ਾਂ ਨੂੰ ਪਿਆਰ ਭਰੀ ਵਿਦਾਇਗੀ ਦੇਣ ਆ ਰਹੀਆਂ ਸਨ। ਮਹਾਂਪੁਰਖਾਂ ਨੇ ਆਪਣੀ ਗੱਡੀ ਰੋਕ ਕੇ ਸਭ ਨੂੰ ਵਾਪਿਸ ਮੁੜਨ ਲਈ ਆਖਿਆ। ਉਸ ਸਮੇਂ ਸਾਰਿਆਂ ਦੇ ਨੇਤਰ ਸੇਜਲ ਹੋਏ ਪਏ ਸਨ। ਮਹਾਂਪੁਰਸ਼ਾਂ ਦਾ ਸੰਗ ਛੱਡਣ ਲਈ ਉਨ੍ਹਾਂ ਦਾ ਦਿਲ ਨਹੀਂ ਸੀ ਕਰਦਾ। ਓਥੋਂ ਦੀਆਂ ਸੰਗਤਾਂ ਦਾ ਐਨਾ ਪਿਆਰ ਦੇਖਿਆ ਜਿਸਨੂੰ ਅੱਖਰਾਂ ਵਿਚ ਵਰਣਨ ਕਰਨਾ ਬੜਾ ਮੁਸ਼ਕਿਲ ਹੈ। ਸਾਰੀ ਧਰਤੀ ਹੀ ਮਹਾਂਪੁਰਖਾਂ ਦੇ ਪਿਆਰ ਵਿਚ ਰਮੀ ਪਈ ਹੈ। ਇਹ ਛੋਟੀ ਜਿਹੀ ਯਾਤਰਾ ਸਚਮੁੱਚ ਹੀ ਮੇਰੇ ਲਈ ਇਕ ਅਭੁੱਲ ਯਾਦ ਬਣ ਕੇ ਰਹਿ ਗਈ ਹੈ।

L L L L L L

$ (ਇਥੋਂ ਕੱਟ ਕੇ ਭੇਜੋ ਜੀ)

ਲਾਈਫ ਮੈਂਬਰਸ਼ਿਪ (Life-Membership) ਲਈ ਖੁਸ਼ਖਬਰੀ

'ਆਤਮ ਮਾਰਗ' ਦੇ ਪਾਂਧੀਆਂ ਨੂੰ ਸਤਿਗੁਰੂ ਜੀ ਦੀ ਨਦਰ ਬਖਸ਼ਿਸ਼ ਪ੍ਰਾਪਤ ਹੋਵੇ। ਮਹਾਂਪੁਰਸ਼ਾਂ ਨੇ ਆਪ ਸਭ ਪਾਠਕਾਂ ਨੂੰ ਅਸੀਸਾਂ ਭੇਜਦਿਆਂ ਇਹ ਆਦੇਸ਼ ਦਿਤਾ ਹੈ ਕਿ ਆਪ ਸਭ ਪਾਠਕ ਹਿੰਮਤ ਕਰਕੇ ਜੀਵਨ ਕਾਲ ਲਈ ਲਾਈਫ-ਮੈਂਬਰ ਬਣ ਜਾਉ। ਲਾਈਫ ਮੈਂਬਰਸ਼ਿਪ ਲਈ ਦੇਸ਼ ਵਾਸਤੇ ਕੇਵਲ 2000/- ਰੁਪਏ ਅਤੇ ਵਿਦੇਸ਼ ਲਈ 500 US$ ਜਾਂ 300£) ਚੰਦਾ ਹੋਵੇਗਾ। ਅਜਿਹਾ ਕਰਨ ਨਾਲ ਆਪ ਨੂੰ ਸਾਰੀ ਜ਼ਿੰਦਗੀ ਨਿਰੰਤਰ ਮੈਗਜ਼ੀਨ ਮਿਲਦਾ ਰਹੇਗਾ। ਜੇਕਰ 20 ਸਾਲ ਤੋਂ ਬਾਅਦ ਕਿਸੇ ਤਰ੍ਹਾਂ ਨਾਲ ਇਸ ਵਿਚ ਥੋੜ੍ਹਾ ਬਹੁਤ ਵਾਧਾ ਘਾਟਾ ਕਰਨਾ ਪਿਆ ਤਾਂ ਆਪ ਦੀ ਸਹਿਮਤੀ ਨਾਲ ਕੀਤਾ ਜਾਵੇਗਾ। ਆਪਣੇ ਪਰਿਵਾਰ ਲਈ ਅਨਮੋਲ ਦਾਤ ਪ੍ਰਾਪਤ ਕਰਨ ਵਿਚ ਦੇਰ ਨਾ ਕਰੀਏ। ਜਿਨ੍ਹਾਂ ਪਾਠਕਾਂ ਨੇ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਅਤੇ ਮਹਾਂਪੁਰਸ਼ਾਂ ਦੀ ਖੁਸ਼ੀ ਪ੍ਰਾਪਤ ਕਰ ਲਈ ਹੈ, ਉਨ੍ਹਾਂ ਲਾਈਫ ਮੈਂਬਰ ਬਣੇ ਪਾਠਕਾਂ ਦੇ ਨਾਮ ਲਗਾਤਾਰ ਆਤਮ ਮਾਰਗ ਵਿਚ ਛਪਦੇ ਰਹਿਣਗੇ। 'ਆਤਮ ਮਾਰਗ' ਨਾਲ ਜੁੜੇ ਸਭ ਪਰਿਵਾਰ ਵਡਭਾਗੀ ਹਨ। ਇਸ ਪੰਨੇ ਦੇ ਪਿਛਲੇ ਪਾਸੇ ਛਪਿਆ ਫਾਰਮ ਭਰ ਕੇ ਅਤੇ ਚੰਦੇ ਦੀ ਰਕਮ ਬੈਂਕ ਡਰਾਫਟ/ਮਨੀਆਰਡਰ/ਚੈਕ ਰਾਹੀਂ ਦਫਤਰ ਆਤਮ ਮਾਰਗ ਨੂੰ ਭੇਜੋ ਜੀ। ਮਨੀਆਰਡਰ/ਬੈਂਕ ਡਰਾਫਟ/ਚੈਕ **'ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰੱਸਟ'** ਦੇ ਨਾਂ ਤੇ ਭੇਜਿਆ ਜਾਵੇ।

(ਫਾਰਮ ਲਈ ਪਰਤੋ ਜੀ)

(ਪੰਨਾ 32 ਦੀ ਬਾਕੀ)

ਕਹਿੰਦਾ, "ਜਿਹੜਾ ਸੰਗਤ ਦੇ ਵਿਚ ਬੋਲਦਾ ਹੈ, ਮੇਰੇ ਵਿਚ ਵੀ ਉਹੀ ਬੋਲਿਆ ਹੈ।" ਕਿਉਂਕਿ ਐਸਾ ਫੁਰਮਾਨ ਹੈ –

ਧਾਰਨਾ – ਪ੍ਰਭ ਜੀ ਦਾ ਵਾਸਾ ਹੈ,
ਸੰਤਾਂ ਦੀ ਰਸਨਾ ਉੱਤੇ –2, 2.
ਸੰਤਾਂ ਦੀ ਰਸਨਾ ਉੱਤੇ, –2, 2.
ਪ੍ਰਭ ਜੀ ਦਾ ਵਾਸਾ ਹੈ, ... –2.

ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਪੰਨਾ – 263

ਕਹਿਣ ਲੱਗੇ ਮੇਰੀ ਰਸਨਾ ਤੇ ਵੀ ਗੁਰੂ ਹੀ ਬੋਲਿਆ ਹੈ। ਮਨ ਦੇ ਅੰਦਰ ਸੰਸਾ ਪੈਦਾ ਹੋ ਗਿਆ, ਫੇਰ ਹੌਂਸਲਾ ਆਉਂਦੈ ਕਿ ਸੰਗਤ ਨੇ ਅਰਦਾਸ ਕਰੀ ਹੈ; ਇਕੱਲੇ ਸਿੱਖ ਦੀ ਕੀ ਚੱਲਣੀ ਹੈ? ਸੋ ਮਹਾਰਾਜ ਜੀ ਦੇ ਕੋਲ ਚਲਿਆ ਜਾਂਦਾ ਹੈ ਕਿਉਂਕਿ ਜੋ ਗੁਰੂ ਹੈ ਸਾਧ ਸੰਗਤ ਜੀ! ਜਿਹੜਾ ਗੁਰਸਿੱਖ ਹਰ ਵਕਤ ਅਭੇਦ ਰਹਿੰਦੈ ਗੁਰੂ ਦੇ ਨਾਲ, ਉਹਦੀ ਰਸਨਾ ਤੇ ਆ ਕੇ ਗੁਰੂ ਆਪੇ ਹੀ ਬੋਲਣ ਲੱਗ ਜਾਂਦਾ ਹੈ।

'ਚਲਦਾ'

ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

ਐਤਵਾਰ – – 3, 10, 17, 24 ਜੂਨ।
ਪੂਰਨਮਾਸ਼ੀ – 6 ਜੂਨ, ਦਿਨ ਬੁੱਧਵਾਰ।
ਸੰਗਰਾਂਦ – 14 ਜੂਨ, ਵੀਰਵਾਰ।
(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)
ਅੰਮ੍ਰਿਤ ਸੰਚਾਰ – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

For more information
please visit us on internet at:-
hppt://www.atammarg.org
&
hppt://www.atammarg.com

(ਇਥੋਂ ਕੱਟ ਕੇ ਭੇਜੋ ਜੀ)

Annual/Life Membership Form - Atam Marg

ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ........................
2. ਨਾਮ/ Name..
3. ਪਿਤਾ ਦਾ ਨਾਮ/Father's Name..
4. ਪੂਰਾ ਪਤਾ/Full address...

....

....

PINCODE.......................Telephone..............

ਮੈਂ .... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ..............................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ.................................